# ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ: ਭਗਤੀ ਅਤੇ ਵੈਰਾਗ ਦਾ ਸੁਮੇਲ

# Bani Sri Guru Teg Bahadur Ji: Bhagti Ate Vairaag da Bani Sumel

**Suman**

**M.A. Student**

**Regd. No. 11302233**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ
ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ
ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ
ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2015

# ਘੋਸ਼ਣਾ-ਪੱਤਰ

ਮੈਂ ਸੁਮਨ ਇਹ ਬਿਆਨ ਕਰਦੀ ਹਾਂ ਕਿ 'ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ: ਭਗਤੀ ਅਤੇ ਵੈਰਾਗ ਦਾ ਸੁਮੇਲ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿੱਚਲਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ ਅਤੇ ਇਸ ਵਿੱਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

ਸੁਮਨ

ਰਜਿ. ਨੰਬਰ-11302233

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸੁਮਨ ਨੇ 'ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ: ਭਗਤੀ ਅਤੇ ਵੈਰਾਗ ਦਾ ਸੁਮੇਲ' ਵਿਸ਼ੇ ਉੱਤੇ ਐਮ. ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ।ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਅਵਤਾਰ ਸਿੰਘ,**
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ


ਭੂਮਿਕਾ iv-x

ਅਧਿਆਇ-ਪਹਿਲਾ 1-7
ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ

ਅਧਿਆਇ-ਦੂਜਾ
ਬਾਣੀ ਸੰਦੇਸ਼ ਅਤੇ ਸੁਹਜ-ਸ਼ਾਸਤਰ 8-66

ਅਧਿਆਇ-ਤੀਜਾ
ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਵਿੱਚ ਭਗਤੀ ਅਤੇ ਵੈਰਾਗ 67-72

ਅਧਿਆਇ-ਚੌਥਾ
ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿੱਚ ਭਗਤੀ ਅਤੇ ਵੈਰਾਗ 73-77

ਸਾਰ 78-81

ਪੁਸਤਕ ਸੂਚੀ 82-82

# ਭੂਮਿਕਾ

ਸਾਹਿਤ ਸਮਾਜ ਵਿੱਚ ਬਹੁਤ ਹੀ ਅਹਿਮ ਮਹੱਤਵ ਰੱਖਦਾ ਹੈ। ਸਾਹਿਤ ਰਾਹੀਂ ਮਨੁੱਖ ਨੂੰ ਸਮਾਜ ਵਿੱਚ ਰਹਿਣ-ਸਹਿਣ ਦੇ ਤੌਰ ਤਰੀਕਿਆਂ ਤੋਂ ਲੈ ਇੱਕ ਸੁਚੱਜੀ ਜੀਵਨ ਜਾਚ ਤੱਕ ਦਾ ਸੰਦੇਸ਼ ਬੜੇ ਹੀ ਭਾਵਪੂਰਤ ਬਿੰਬਾਂ ਅਤੇ ਪ੍ਰਤੀਕਾਂ ਨਾਲ ਦਿੱਤਾ ਜਾਂਦਾ ਹੈ। ਮੱਧਕਾਲੀ ਪੰਜਾਬੀ ਸਾਹਿਤ ਵਿੱਚ ਸਿਰਮੌਰ ਸਥਾਨ ਦੀ ਧਾਰਨੀ 'ਗੁਰਬਾਣੀ' ਪੰਜਾਬੀ ਸਾਹਿਤ ਦਾ ਇੱਕ ਅਜਿਹਾ ਅਨਮੋਲ ਖਜ਼ਾਨਾ ਹੈ ਜਿਸਨੇ ਕੇਵਲ ਧਾਰਮਕ ਦਾਇਰੇ ਵਿੱਚ ਹੀ ਸੀਮਤ ਨਾ ਰਹਿੰਦਿਆਂ ਸਮੁੱਚੀ ਮਨੁੱਖਤਾ ਨੂੰ ਸਚੁੱਜੀ ਜੀਵਨ ਜਾਚ ਦੀ ਪ੍ਰੇਰਨਾ ਦਿੱਤੀ ਹੈ ਅਤੇ ਜੁੱਗਾਂ-ਜੁਗਾਂਤਰਾਂ ਤੱਕ ਦਿੰਦੀ ਵੀ ਰਹੇਗੀ। ਹਥਲੇ ਖੋਜ-ਕਾਰਜ ਦਾ ਵਿਸ਼ਾ ਨੌਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੱਕ ਹੀ ਸੀਮਤ ਹੈ ਇਸ ਕਰਕੇ ਇਸਦੇ ਅੰਤਰਗਤ ਗੁਰੂ ਜੀ ਬਾਣੀ ਜੋ ਕਿ 16 ਰਾਗਾਂ ਵਿੱਚ ਅਤੇ 59 ਸ਼ਬਦਾਂ ਅਤੇ 57 ਸਲੋਕਾਂ ਦੇ ਰੂਪ ਵਿੱਚ ਪ੍ਰਾਪਤ ਹੈ, ਵਿੱਚ ਵਿਦਮਾਨ ਭਗਤੀ ਅਤੇ ਵੈਰਾਗ ਨੂੰ ਅਧਿਐਨ ਦਾ ਕੇਂਦਰ ਵਿੱਚ ਰੱਖਿਆ ਗਿਆ ਹੈ ਕਿਉਂਕਿ ਗੁਰੂ ਜੀ ਨੇ ਬੜੀ ਹੀ ਪ੍ਰਬੀਨਤਾ ਅਤੇ ਸੁਮੇਲਤਾ ਨਾਲ ਭਗਤੀ ਅਤੇ ਵੈਰਾਗ ਨੂੰ ਪੇਸ਼ ਕੀਤਾ ਹੈ।ਗੁਰੂ ਤੇਗ ਬਹਾਦਰ ਜੀ ਜੋ ਕਿ ਇਤਿਹਾਸ ਵਿੱਚ ‘ਹਿੰਦ ਦੀ ਚਾਦਰ’ ਦੇ ਨਾਮ ਨਾਲ ਪ੍ਰਸਿੱਧ ਹਨ।ਜਿਨ੍ਹਾਂ ਨੇ ਕਿ ਹਿੰਦੂ ਧਰਮ ਦੀ ਰੱਖਿਆ ਦੀ ਖਾਤਿਰ ਆਪਣਾ ਬਲੀਦਾਨ ਦੇ ਦਿੱਤਾ ਸੀ।ਇਸ ਤਰ੍ਹਾਂ ਗੁਰੂ ਜੀ ਕੋਮਲ ਚਿੱਤ, ਗੰਭੀਰ ਅਤੇ ਉਦਾਰ ਬ੍ਰਿਤੀ ਦੇ ਮਾਲਕ ਸਨ।

ਉਪਰ ਖੋਜ ਕਰਨ ਲਈ ਖੋਜ ਦੌਰਾਨ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਗੁਰੂ ਜੀ ਦੀ ਬਾਣੀ ਦਾ ਸੰਦੇਸ਼ ਮਨੁੱਖ ਨੂੰ ਇਕ ਸਦਾਚਾਰਕ ਜੀਵਨ ਜਿਊਣ ਦੀ ਸੇਧ ਦਿੰਦਾ ਹੈ।ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਪ੍ਰਭੂ ਦੇ ਵੱਲ ਰੁਚਿਤ ਹੋਣ ਦੀ ਪ੍ਰੇਰਨਾ ਦਿੰਦੇ ਹਨ। ਪ੍ਰਭੂ ਹੀ ਸਰਬ ਸ਼ਕਤੀਮਾਨ ਹੈ ਅਤੇ ਅੰਤ ਸਮੇਂ ਉਸ ਤੋਂ ਬਿਨਾਂ ਮਨੁੱਖ ਦਾ ਹੋਰ ਕੋਵੀ ਸਹਾਈ ਨਹੀਂ ਹੁੰਦਾ।ਗੁਰੂ ਤੇਗ ਬਹਾਦਰ ਜੀ ਰੱਬੀ ਮਾਰਗ ਉੱਤੇ ਚੱਲਣ ਵਾਸਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਉੱਤੇ ਵਿਸ਼ੇਸ਼ ਬਲ ਦਿੰਦੇ ਹਨ। ਗੁਰੂ ਜੀ ਨੇ ਵਧੇਰੇ ਜ਼ੋਰ ਭਲੇ ਪੁਰਸ਼ਾਂ, ਸਾਧਾਂ ਤੇ ਸੰਤਾਂ ਦੀ ਸੰਗਤ ਕਰਦਿਆਂ ਹਰ ਸਮੇਂ ਪ੍ਰਮਾਤਮਾ ਨੂੰ ਯਾਦ ਕਰਨ ਉੱਪਰ ਦਿੱਤਾ ਹੈ। ਆਪ ਨੇ ਸਾਧੂ ਦੀ ਸੰਗਤ ਨੂੰ ਉੱਤਮ ਪਦਵੀ ਦੀ ਪ੍ਰਾਪਤੀ ਬਰਾਬਰ ਮੰਨਿਆ ਹੈ।ਗੁਰੂ ਜੀ ਅਨੁਸਾਰ ਅਸਲ ਸਾਧ ਜਾਂ ਸੰਤ ਉਹ ਹੈ ਜਿਸ ਨੇ ਆਪਣਾ ਮਨ ਸਾਧਿਆ ਹੋਵੇ, ਜੋ ਸੰਸਾਰ ਵਿੱਚ ਵਸਤੂਆਂ ਤੋਂ ਨਿਰਲੇਪ ਹੋਵੇ, ਜਿਸ ਨੇ ਮੋਹ ਮਾਇਆ ਦਾ ਤਿਆਗ ਕੀਤਾ ਹੋਵੇ, ਜਿਸ ਨੂੰ ਆਤਮਾ ਤੇ

ਪਰਮਾਤਮਾ ਦੀ ਸੋਝੀ ਹੋਵੇ, ਜੋ ਜੀਵਨ ਮੁਕਤ ਹੋਵੇ।ਗੁਰੂ ਜੀ ਆਪਣੀ ਬਾਣੀ ਰਾਹੀਂ ਇਹੀ ਸੰਦੇਸ਼ ਦਿੰਦੇ ਹਨ ਕਿ ਇਸ ਦੁਨੀਆਂ ਵਿੱਚ ਜੋ ਵੀ ਵਸਤੂਆਂ ਹਨ ਉਹ ਸਾਰੀਆਂ ਹੀ ਬੰਦੇ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ ਜਿਸ ਕਾਰਨ ਮਨੁੱਖ ਆਪਣੇ ਮਨ ਨੂੰ ਕਾਬੂ ਵਿੱਚ ਨਹੀਂ ਰੱਖ ਪਾਉਂਦਾ ਅਤੇ ਉਹ ਇਹਨਾਂ ਵਸਤਾਂ ਦੇ ਮੋਹ, ਮਾਇਆ ਦੇ ਚੱਕਰ ਵਿੱਚ ਪੂਰੀ ਤਰ੍ਹਾਂ ਫਸ ਜਾਂਦਾ ਹੈ। ਸੰਸਾਰ ਵਿੱਚ ਜੋ ਵੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਕਾਰੀ ਵਸਤੂਆਂ ਸਮਾਜ ਵਿੱਚ ਪੈਦਾ ਹੋਈਆ ਹਨ ਇਹ ਸਾਰੀਆਂ ਹੀ ਮਨੁੱਖ ਨੂੰ ਆਪਣੇ ਵੱਸ ਵਿੱਚ ਕਰ ਲੈਂਦੀਆਂ ਹਨ। ਜਦੋਂ ਵਿਅਕਤੀ ਇਹਨਾਂ ਵਸਤਾਂ ਦੇ ਮੋਹ ਵਿੱਚ ਪੈ ਜਾਂਦਾ ਹੈ ਤਾਂ ਉਸ ਦਾ ਮਨ ਪ੍ਰਭੂ ਭਗਤੀ ਵੱਲ ਨਹੀਂ ਲੱਗਦਾ । ਇਸ ਤਰ੍ਹਾਂ ਮਨੁੱਖ ਆਪਣੀ ਜ਼ਿੰਦਗੀ ਦੇ ਅਸਲ ਮਨੋਰਥ ਨੂੰ ਭੁੱਲ ਜਾਂਦਾ ਹੈ ਅਤੇ ਭਟਕਣਾ ਵਿੱਚ ਫਸ ਕੇ ਆਪਣਾ ਜੀਵਨ ਬੇਅਰਥ ਗੁਆ ਲੈਂਦਾ ਹੈ। ਗੁਰੂ ਜੀ ਨੇ ਮਨੁੱਖ ਨੂੰ ਇਹ ਸੇਧ ਦਿੱਤੀ ਹੈ ਕਿ ਉਹ ਇਹਨਾਂ ਸਾਰੇ ਬੁਰੇ ਵਿਕਾਰਾਂ ਦਾ ਤਿਆਗ ਕਰਕੇ ਪਰਮਾਤਮਾ ਦਾ ਨਾਮ ਜਪੇ ਕਿਉਂਕਿ ਇਸ ਦੁਨੀਆ ਵਿੱਚ ਜੋ ਵੀ ਉਪਜਿਆ ਹੈ ਉਹ ਸਾਰਾ ਹੀ ਨਾਸ਼ਵਾਨ ਹੈ ਭਾਵ ਕਿ ਉਹ ਇਕ ਦਿਨ ਨਸ਼ਟ ਹੋ ਜਾਣਾ ਹੈ।ਇਸ ਲਈ ਇਨ੍ਹਾਂ ਨਾਸ਼ਮਾਨ ਵਸਤੂਆਂ ਨਾਲ ਮੋਹ ਪਾਉਣ ਦੀ ਥਾਂ ਮੱਨੁਖ ਨੂੰ ਪਰਮਾਤਮਾ ਨਾਲ ਪਿਆਰ ਪਾਉਣਾ ਚਾਹੀਦਾ ਹੈ ਤਾਂ ਹੀ ਉਸਦੀ ਇਹਨਾਂ ਵਿਕਾਰਾਂ ਤੋਂ ਮੁਕਤੀ ਸੰਭਵ ਹੈ।ਸੱਚੇ ਮਨ ਨਾਲ ਸਿਮਰਨ ਕੀਤੇ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ।

**ਖੋਜ ਕਾਰਜ ਦਾ ਖੇਤਰ:**

ਇਸ ਖੋਜ ਕਾਰਜ ਦਾ ਵਿਸ਼ਾ "ਬਾਣੀ ਗੁਰੂ ਤੇਗ ਬਹਾਦਰ ਜੀ: ਭਗਤੀ ਅਤੇ ਵੈਰਾਗ ਦਾ ਸੁਮੇਲ" ਹੈ।ਗੁਰਬਾਣੀ ਵਿੱਚ ਦਰਜ ਹੋਰ ਗੁਰੁ ਸਾਹਿਬਾਨਾਂ ਦੀ ਬਾਣੀ ਵਿੱਚੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੱਕ ਹੀ ਇਸ ਖੋਜ ਨੂੰ ਸੀਮਤ ਕਰਨ ਦੇ ਅਨੇਕਾਂ ਕਾਰਨ ਹਨ ਜਿਨ੍ਹਾਂ ਵਿੱਚੋਂ ਸਭ ਤੋਂ ਜਿਆਦਾ ਮੱਹਤਵਪੂਰਨ ਇਸ ਖੋਜ-ਕਾਰਜ ਲਈ ਮਿਲਿਆ ਸਮਾਂ ਹੈ। ਸੋ ਖੋਜ-ਕਾਰਜ ਨੂੰ ਸਹੀ ਦਿਸ਼ਾ ਅਨੁਸਾਰ ਸਹੀ ਸਮੇਂ ਉੱਪਰ ਪੂਰਾ ਕਰਨ ਦੀ ਅਕਾਦਮਿਕ ਲੋੜ ਕਾਰਨ ਇੰਨੇ ਕੰਮ ਨੂੰ ਹੀ ਸਹੀ ਢੰਗ ਨਾਲ ਪੂਰਾ ਕੀਤਾ ਜਾ ਸਕਦਾ ਸੀ।

**ਉਦੇਸ਼:**

ਹਰ ਕਿਸੇ ਕਾਰਜ ਨੂੰ ਕਰਨ ਜਾ ਨੇਪਰੇ ਚਾੜਨ ਪਿੱਛੇ ਕੋਈ ਨਾ ਕੋਈ ਉਦੇਸ਼ ਹੁੰਦਾ ਹੈ ਜਿਸ ਦੇ ਸਦਕਾ ਕਿ ਉਸ ਖੋਜ ਕਾਰਜ ਨੂੰ ਨਿਭਾਇਆ ਜਾਂਦਾ ਹੈ। ਸੋ ਇਸ ਖੋਜ ਕਾਰਜ ਦੇ ਵੀ ਕੁਝ ਉਦੇਸ਼ ਹਨ ਜਿਹੜੇ ਕਿ ਹੇਠ ਲਿਖੇ ਅਨੁਸਾਰ ਹਨ –

1. ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਪ੍ਰਸਤੁਤ ਵੈਰਾਗ਼ ਤੇ ਭਗਤੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

2.ਗੁਰੂ ਤੇਗ਼ ਬਹਾਦਰ ਜੀ ਦੇ ਸਾਹਿਤਕ ਯੋਗਦਾਨ ਨੂੰ ਸਪੱਸ਼ਟ ਕਰਨਾ।

3.ਬਾਣੀ ਸੰਦੇਸ਼ ਅਤੇ ਵੈਰਾਗ ਭਾਵਨਾ ਰਾਹੀਂ ਇਕ ਚੰਗੀ ਜੀਵਨ ਜਾਚ ਦੀ ਨਿਸ਼ਾਨਦੇਹੀ ਕਰਨਾ।

**ਖੋਜ ਵਿਧੀ–**

ਖੋਜ ਦਾ ਮੁੱਖ ਪ੍ਰਕਾਰਜ ਮਨੁੱਖੀ ਗਿਆਨ ਵਿੱਚ ਵਾਧਾ ਕਰਨਾ ਹੈ।ਇਹ ਵਾਧਾ ਉਨ੍ਹਾਂ ਹੀ ਵਿਧੀਆਂ ਰਾਹੀਂ ਸੰਭਵ ਹੈ ਖੋਜ ਜਿਨ੍ਹਾਂ ਰਾਹੀਂ ਮਨੁੱਖ ਹੁਣ ਤੱਕ ਗਿਆਨ–ਚੀਨਣ ਦਾ ਕਾਰਜ ਕਰਦਾ ਆਇਆ ਹੈ।ਅਜਿਹੇ ਹੋਣਾ ਸੁਭਾਵਕ ਹੈ ਕਿਉਂ ਜੋ ਹਰੇਕ ਦੀ ਪ੍ਰਕਿਰਤੀ ਅੱਡਰੀ ਹੈ, ਉਸ ਦੀਆਂ ਸਮੱਸਿਆਵਾਂ ਅੱਡਰੀਆਂ ਹਨ ਤੇ ਉਨ੍ਹਾਂ ਨੂੰ ਹੱਲ ਕਰਨ ਲਈ ਵਰਤੀ ਜਾਂਦੀ ਪ੍ਰਵਿਧੀ (ਟੲਚਹਨਤਿੲ) ਵੀ ਅੱਡਰੀ ਹੈ।ਕਈ ਵਿਦਵਾਨ ਤਾਂ ਇਸ ਤੋਂ ਵੀ ਅੱਗੇ ਨਿਕਲ ਜਾਂਦੇ ਹਨ।ਉਨ੍ਹਾਂ ਦਾ ਮੱਤ ਹੈ ਕਿ ਹਰੇਕ ਖੇਤਰ ਹੀ ਨਹੀਂ, ਹਰੇਕ ਸੱਮਸਿਆ ਵੀ, ਸਮਾਧਾਨ ਵੀ, ਵੱਖਰੀ ਵਿਧੀ ਤੇ ਵੱਖਰੀ ਹੀ ਪ੍ਰਵਿਧੀ ਦੀ ਮੰਗ ਕਰਦੀ ਹੈ।ਇਸ ਸੰਬੰਧੀ ਪ੍ਰੋਫ਼ੈਸਰ ਲਿੱਟ ਦੀ ਗੱਲ ਬੜੀ ਵਜ਼ਨਦਾਰ ਹੈ।ਉਸ ਦੀ ਰਾਏ ਹੈ ਕਿ ਖੋਜ ਦੀ ਵਿਗਿਆਨਕ ਵਿਧੀ ਦੇ ਖੇਤਰ ਵਿੱਚ ਇਕੀਸ਼ਵਰਵਾਦ (ਮੋਨੋਸਿਮ) ਦੀ ਸ਼ਿਕਦਾਰੀ ਨਹੀਂ ਚਲ ਸਕਦੀ।ਇਸ ਲਈ ਖੋਜ–ਅਨੁਸ਼ਾਸਨ ਵਿੱਚ ਇਕ ਨਹੀਂ ਅਨੇਕ ਵਿਧੀਆਂ, ਵਿਵਿਧ ਪਹੁੰਚਾਂ (ੳਪਪਰੋੳਚਹੲਸ) ਤੇ ਵਿਭਿੰਨ ਪ੍ਰਵਿਧੀਆਂ ਦੀ ਗੱਲ ਕਰਨੀ ਬਣਦੀ ਹੈ।ਖੋਜ ਵਿਧੀ ਤੋਂ ਭਾਵ ਸਾਹਿਤ ਦੇ ਕਿਸੇ ਵਿਸ਼ੇ ਗਈ ਹੈ ।

1.ਪ੍ਰਾਧਿਕਾਰਵਾਦੀ ਵਿਧੀ

2.ਫ਼ੁਰਨਾਵਾਦੀ ਵਿਧੀ

3.ਸੰਦੇਹਵਾਦੀ ਵਿਧੀ

4.ਤਰਕਵਾਦੀ ਵਿਧੀ

5.ਪਰਿਮਾਣਵਾਦੀ ਵਿਧੀ ਜਾਂ ਉਪਯੋਗਤਾਵਾਦੀ

ਉਪਰੋਕਤ ਵਰਣਿਤ ਵਿਧੀਆ ਵਿੱਚ ਇਸ ਵਿਸ਼ੇ ਲਈ ਸਭ ਤੋਂ ਢੁੱਕਵੀ ਵਿਧੀ ਤਰਕਵਾਦੀ ਵਿਧੀ ਹੈ।

**ਤਰਕਵਾਦੀ ਵਿਧੀ –**

ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚਲਦੀ ਹੈ।ਇਕ ਜਾਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਸਿੱਟਿਆ ਤੇ ਅਪੜਨਾ ਤਰਕਵਾਦ ਹੈ।ਗਿਆਨ-ਚੀਨਣ ਦਾ ਇਹ ਢੰਗ ਅੱਗੇ ਦੋ ਵਿਧੀਆ ਵਿੱਚ ਵਟ ਜਾਂਦਾ ਹੈ: ਨਿਗਮਨਾਤਮਕ ਅਤੇ ਆਗਮਨਾਤਮਕ।ਦੋਵੇਂ ਤਰਕਸ਼ਾਸਤਰ ਦੇ ਮਹੱਤਵਪੂਰਣ ਅੰਗ ਹਨ।

**ਨਿਗਮਨਾਤਮਕ ਵਿਧੀ :**

ਪ੍ਰਾਧਿਕਾਰਵਾਦ ਤੇ ਫੁਰਨਾਵਾਦ ਵਿਰੁੱਧ ਸੰਦੇਹਵਾਦ ਦੇ ਵਿਦ੍ਰੋਹ ਨੇ ਮਨੁੱਖੀ ਪ੍ਰਗਤੀ ਦੇ ਕਿਸੇ ਪੜਾਅ ਉਤੇ ਤਰਕਸ਼ਾਸਤਰ ਨੂੰ ਜਨਮ ਦਿੱਤਾ। ਇਸ ਦੀ ਨੀਂਹ ਵਿੱਚ ਮਨੁੱਖ ਦੀ ਤਾਰਕਿਕ ਢੰਗ ਨਾਲ ਸੋਚਣ ਦੀ ਚੇਸ਼ਠਾ ਕੰਮ ਕਰਦੀ ਕਹੀ ਜਾ ਸਕਦੀ ਹੈ। ਤਰਕਸ਼ਾਸਤਰ ਉਦੋਂ ਵਜਦ ਵਿੱਚ ਆਇਆ ਜਦੋਂ ਮਨੁੱਖ ਨੇ ਪ੍ਰਣਾਲੀਬੱਧ ਢੰਗ ਨਾਲ ਸੋਚਣਾ ਸ਼ੁਰੂ ਕੀਤਾ। ਇਹ ਢੰਗ ਤਰਕ ਵਿਤਰਕ ਦਾ ਸੀ। ਕੋਈ ਗੱਲ ਸਵੀਕਾਰ ਨਹੀਂ ਕੀਤੀ ਜਾਂਦੀ ਸੀ ਜਦੋਂ ਤਕ ਕਿ ਉਹ ਕਾਰਣ-ਕਾਰਜ ਦੀ ਸੰਗਲੀ ਵਿੱਚ ਬੱਝ ਕੇ ਸਥਾਪਤ ਨਾ ਕੀਤੀ ਜਾ ਸਕੇ। ਪੱਛਮ ਵਿੱਚ ਤਰਕ ਸ਼ਾਸਤਰ ਦੀ ਵਿਧੀਵਤ ਵਰਤੋਂ ਯੂਨਾਨੀ ਚਿੰਤਕਾਂ ਦੇ ਹੱਥੋਂ ਕੀਤੀ ਗਈ। ਉਹ ਮੁੱਖ ਰੂਪ ਵਿੱਚ ਤਰਕ ਸ਼ਾਸਤਰ ਦੀ ਨਿਗਮਨਾਤਮਕ ਵਿਧੀ ਦੇ ਪ੍ਰਵਕਤਾ ਸਨ। ਨਿਗਮਨਾਤਮਕ ਵਿਧੀ ਵਿੱਚ ਵਿਆਪਕ ਜਾਂ ਸਰਬਸਾਧਾਰਣ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਹੈ।'ਸਾਰੇ ਮਨੁੱਖ ਨਾਸ਼ਮਾਨ ਹਨ: ਸ਼ੰਕਰ ਮਨੁੱਖ ਹੈ, ਇਸ ਲਈ' 'ਸ਼ੰਕਰ ਵੀ ਨਾਸ਼ਮਾਨ ਹੈ' ਇਸ ਤਰ੍ਹਾਂ ਦਾ ਸੋਚਣ-ਢੰਗ ਵਿਆਪਕ ਸਥਿਤੀ (ਮਨੁੱਖ ਦੀ ਨਾਸ਼ਮਾਨਤਾ) ਤੋਂ ਵਿਸ਼ੇਸ਼ ਸਥਿਤੀ (ਸ਼ੰਕਰ ਦੀ ਨਾਸ਼ਮਾਨਤਾ) ਉੱਤੇ ਪਹੁੰਚਣਾ, ਨਿਗਮਨਾਤਮਕ ਵਿਧੀ ਦਾ ਖ਼ਾਸਾ ਹੈ। ਤਰਕ ਦੀ ਇਹ ਵਿਧੀ ਪ੍ਰਾਚੀਨ ਯੂਨਾਨੀ ਚਿੰਤਕਾਂ ਵਿੱਚ ਬੜੀ ਪ੍ਰਸਿਧ ਸੀ। ਇਸ ਨੂੰ ਅਜੋਕੀ ਭਾਸ਼ਾ ਵਿੱਚ ਹੇਤੁਵਾਦੀ ਜਾਂ ਤਰਕਵਾਦੀ ਪਧੱਤੀ ਕਿਹਾ ਜਾਂਦਾ ਹੈ ਕਿਉਂ ਜੋ ਇਸ ਦਾ ਆਧਾਰ ਯੁਕਤੀਵਾਦ ਸੀ। ਯੁਕਤੀਵਾਦ ਦਾ ਪ੍ਰਕਾਰਜ ਮੰਨੀਆਂ ਪ੍ਰਮੁੰਨੀਆਂ ਸਥਾਪਨਾਵਾਂ ਜਾਂ ਆਧਾਰ-ਵਾਕਾਂ ਤੋਂ ਤਰਕ ਵਿਤਰਕ ਨਾਲ ਨਵੇਂ ਸਿੱਟੇ ਕੱਢਣਾ ਸੀ। ਸਪਸ਼ਟ ਹੈ ਕਿ ਨਵੇਂ ਸਿੱਟੇ ਤਾਂ ਹੀ ਠੀਕ ਹੋਣਗੇ ਜੇ ਆਧਾਰਵਾਕ ਠੀਕ ਹਨ, ਜੋ ਆਧਾਰਵਾਕ ਹੀ ਗਲਤ ਹਨ ਤਾਂ ਸਿੱਟੇ ਵੀ ਗਲਤ ਹੋਣਗੇ। ਇਸ ਵਿਧੀ ਵਿੱਚ ਆਧਾਰ-ਵਾਕ ਕਸੱਵਟੀ ਦਾ ਕੰਮ ਕਰਦੇ।ਤਰਕ ਸ਼ਾਸਤਰ ਦੀ ਵਿਧੀਵਤ ਵਰਤੋਂ ਯੂਨਾਨੀ ਚਿੰਤਕਾਂ ਨੇ ਕੀਤੀ। ਉਹ ਮੁੱਖ ਰੂਪ ਵਿੱਚ ਤਰਕਸ਼ਾਸਤਰ ਦੀ ਨਿਗਮਨਾਤਮਕ ਵਿਧੀ ਵਿੱਚ ਵਿਆਪਕ ਜਾਂ ਸਰਬਸਧਾਰਣ ਸਥਿਤੀ ਤੋਂ

ਵਿਸ਼ੇਸ਼ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਹੈ।ਤਰਕ ਦੀ ਇਹ ਵਿਧੀ ਪ੍ਰਾਚੀਨ ਕਾਲ਼ ਵਿੱਚ ਬੜੀ ਪ੍ਰਸਿੱਧ ਸੀ। ਇਸ ਨੂੰ ਅਜੋਕੀ ਭਾਸ਼ਾ ਵਿੱਚ ਹੇਤੁਵਾਦੀ ਜਾਂ ਤਰਕਵਾਦੀ ਪੱਧਤੀ ਕਿਹਾ ਜਾਂਦਾ ਹੈ ਕਿਉਂ ਜੋ ਇਸ ਦਾ ਆਧਾਰ ਯੁਕਤੀਵਾਦ ਸੀ।ਯੁਕਤੀਵਾਦ ਦਾ ਪ੍ਰਕਾਰਜ ਮੰਨੀਆ ਪ੍ਰਮੰਨੀਆਂ ਸਥਾਪਨਾਵਾਂ ਜਾਂ ਆਧਾਰ-ਵਾਕਾਂ ਤੋਂ ਤਰਕ ਵਿਤਰਕ ਨਾਲ ਨਵੇਂ ਸਿੱਟੇ ਕੱਢਣਾ ਸੀ।ਸਪੱਸ਼ਟ ਹੈ ਕਿ ਨਵੇਂ ਸਿੱਟੇ ਤਾਂ ਹੀ ਠੀਕ ਹੋਣਗੇ ਜੇ ਆਧਾਰ ਵਾਕ ਠੀਕ ਹਨ ਜੇ ਆਧਾਰ ਵਾਕ ਹੀ ਗਲਤ ਹਨ ਤਾਂ ਸਿੱਟੇ ਵੀ ਗਲਤ ਹੋਣਗੇ। ਇਸ ਵਿਧੀ ਵਿੱਚ ਆਧਾਰ ਵਾਕ ਕਸੱਵਟੀ ਦਾ ਕੰਮ ਕਰਦੇ ਹਨ।

**ਆਗਮਨਾਤਮਕ ਵਿਧੀ:**

ਤਰਕ ਸ਼ਾਸਤਰ ਦੀ ਦੂਜੀ ਪੱਧਤੀ ਆਗਮਨਾਤਮਕ ਹੈ। ਇਸ ਵਿੱਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਅਥਵਾ ਸਰਬਸਾਧਾਰਣ ਸਥਿਤੀ ਵਲ ਪਹੁੰਚਣ ਦਾ ਵਿਧਾਨ ਹੈ। ਜੇ ਇਸ ਦੀ ਚਿੰਤਨ-ਵਿਧੀ ਨੂੰ ਸਮਝਾਉਣਾ ਹੋਵੇ, ਤਾਂ ਅਸੀਂ ਉਪਰਲੇ ਓਦਾਹਰਣ ਨੂੰ ਉਲਟਾ ਕੇ ਇਸ ਤਰ੍ਹਾਂ ਪੇਸ਼ ਕਰ ਸਕਦੇ ਹਾਂ: 'ਸ਼ੰਕਰ ਨਾਸ਼ਮਾਨ ਹੈ', 'ਸ਼ੰਕਰ ਮਨੁੱਖ ਹੈ' ਇਸ ਲਈ 'ਮਨੁੱਖ ਨਾਸ਼ਮਾਨ ਹੈ'।ਵਿਹਾਰ ਵਿੱਚ ਵਿਆਪਕ ਜਾਂ ਸਰਬਸਾਧਾਰਣ ਸਥਿਤੀ ਉੱਤੇ ਪਹੁੰਚਣ ਲਈ ਇਕ ਨਹੀਂ, ਬਹੁਤ ਸਾਰੇ ਉਦਾਹਰਣ, ਵਿਸ਼ੇਸ਼ ਸਥਿਤੀ, ਦੇ ਲੈਣੇ ਹੋਣਗੇ,ਨਹੀਂ ਤਾਂ ਨਤੀਜਾ ਠੀਕ ਨਹੀਂ ਨਿਕਲੇਗਾ, ਘਟੋ ਘਟ ਉਸ ਦੀ ਸੰਦਿਗ੍ਧਤਾ ਦਾ ਭਰਮ ਜ਼ਰੂਰ ਬਣਿਆ ਰਹੇਗਾ। ਇਸ ਪਧੱਤੀ ਵਿੱਚ ਆਧਾਰ-ਵਾਕ ਕਸਵੱਟੀ ਦਾ ਨਹੀਂ, ਗਵਾਹੀ ਦਾ ਕੰਮ ਕਰਦੇ ਹਨ ਤੇ ਏਂਦ੍ਰਿਕ ਪ੍ਰਤੱਖਣ ਦਾ ਰੋਲ ਮਹੱਤਵਪੂਰਣ ਹੁੰਦਾ ਹੈ।

ਚਿੰਤਨ ਦੀ ਆਗਮਨਾਤਮਕ ਵਿਧੀ ਨੂੰ ਮਹੱਤਵ ਪੁਰਾਤਨ ਸਮੇਂ ਦੇ ਅਰਸ਼ਿਮੀਦਾਸ, ਫ੍ਰਾਂਸਿਸ ਬੇਕਨ ਤੇ ਸਰ ਆਈਜ਼ਕ ਨਿਊਟਨ ਵਰਗੇ ਚਿੰਤਕਾਂ ਦੇ ਹੱਥੋਂ ਮਿਲਿਆ। ਉਨ੍ਹਾਂ ਨੇ ਯੁਕਤੀਵਾਦੀ ਵਿਧੀ ਉੱਤੇ ਸੰਦੇਹ ਪ੍ਰਗਟਾਉਂਦਿਆਂ ਹਰੇਕ ਨਿਰਣੇ ਨੂੰ ਆਪ ਪੜਤਾਲਣ ਤੇ ਸਿੱਧ ਕਰਨ ਉੱਤੇ ਜ਼ੋਰ ਦਿੱਤਾ। ਉਨ੍ਹਾਂ ਦਾ ਤਰੀਕਾ ਘਟਨਾ ਦੇ ਬਾਰ-ਬਾਰ ਘੋਖਵੇਂ ਪ੍ਰੱਤਖਣ, ਉਸ ਵਿੱਚ ਨਿਹਿਤ ਨਿਯਨ ਦੇ ਵਿਸ਼ਲੇਸ਼ਣ ਤੇ ਉਸ ਨੂੰ ਫਿਰ ਸਰਬ ਸਾਂਝੇ ਰੂਪ ਵਿੱਚ ਬੰਨ੍ਹਣ ਦਾ ਸੀ। ਇਸੇ ਚੀਜ਼ ਨੇ ਸੋਚ ਦੀ ਅਜੋਕੀ ਵਿਗਿਆਨਕ ਵਿਧੀ ਨੂੰ ਜਨਮ ਦਿੱਤਾ। ਵਿਗਿਆਨਕ ਯੁਗ ਤੇ ਵਿਗਿਆਨਕ ਆਵਿਸ਼ਕਾਰਾਂ ਦਾ ਮੁੱਢ ਇਸੇ ਨਾਲ ਬੱਝਾ। ਵਿਗਿਆਨਕ ਵਿਧੀ ਨਿਪਟ ਆਗਮਨਾਤਮਕ ਸੋਚ-ਪ੍ਰਣਾਲੀ ਉੱਤੇ ਆਧਾਰਿਤ ਨਹੀਂ, ਨਿਗਮਨਾਤਮਕ ਪ੍ਰਣਾਲੀ ਦਾ ਵੀ ਇਸ ਵਿੱਚ ਕੁਝ ਨ ਕੁਝ ਯੋਗਦਾਨ ਹੁੰਦਾ ਹੈ। ਇਹ ਯੋਗਦਾਨ ਜਾਂ ਪ੍ਰਯੋਗਵਾਦ ਦਾ ਨਾਂ

ਦਿੱਤਾ ਜਾਂਦਾ ਹੈ। "ਅਨੁਭਵਵਾਦ" ਇਸ ਦਾਰਸ਼ਨਿਕ ਸਥਿਤੀ ਦਾ ਨਾਂ ਹੈ, ਜੋ ਇਹ ਗੱਲ-ਮੰਨਦੀ ਹੈ ਕਿ ਮਨੁੱਖ ਇੰਦ੍ਰੀਆਂ ਦੁਆਰਾ ਪ੍ਰਾਪਤ ਗਿਆਨ ਸਭ ਨਾਲੋਂ ਵੱਧ ਭਰੋਸੇ ਯੋਗ ਹਨ। **ਪੂਰਵ ਖੋਜ-ਕਾਰਜ:** ਪੰਜਾਬੀ ਸਾਹਿਤ ਵਿੱਚ ਬਹੁਤ ਸਾਰੀਆਂ ਵਿਧਾਵਾਂ ਉੱਪਰ ਖੋਜ ਕਾਰਜ ਹੋ ਚੁੱਕਾ ਹੈ।ਇਸ ਤਰ੍ਹਾਂ ਗੁਰਮਤਿ ਸਾਹਿਤ ਵਿੱਚ ਵੀ ਬਹੁਤ ਸਾਰੇ ਵਿਸ਼ਿਆਂ ਤੇ ਕਾਰਜ ਹੋ ਚੁੱਕਾ ਹੈ। ਪਰ ਗੁਰੂ ਤੇਗ ਬਹਾਦਰ ਜੀ ਦੁਆਰਾ ਰਚੀ ਬਾਣੀ ਵਿੱਚ ਸਲੋਕਾਂ ਤੇ ਭਗਤੀ ਤੇ ਵੈਰਾਗ ਮਈ ਜੀਵਨ ਤੇ ਕੋਈ ਕਾਰਜ ਨਹੀਂ ਹੋਇਆ ਹੈ।ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਰਜਿਸਟਰਡ ਹੋ ਚੁੱਕੇ ਵਿਸ਼ਿਆਂ ਦਾ ਅਧਿਐਨ ਕਰਨ ਇਹ ਸਪੱਸ਼ਟ ਹੈ ਕਿ ਇਹ ਵਿਸ਼ਾ ਪਹਿਲਾਂ ਹੋ ਚੁੱਕੇ ਕਾਰਜ ਤੋਂ ਭਿੰਨ ਹੈ।

1. ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ-ਮਾਨਵੀ ਸੰਕਟ ਦੀ ਚੇਤਨਾ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)
2. ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਮਾਨਵੀ-ਸੰਵੇਦਨਾ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)
3. ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜ ਸੱਭਿਆਚਾਰਕ ਅਧਿਐਨ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)
4. ਬਾਣੀ ਸ਼੍ਰੀ ਗੁਰੂ ਤੇਗ਼ ਬਹਾਦਰ ਦਾ ਚਿਹਨ-ਵਿਗਿਆਨਕ ਅਧਿਐਨ, (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)

**ਵਿਸ਼ੇ ਦੀ ਸਾਰਥਕਤਾ –**

ਇਸ ਖੋਜ ਕਾਰਜ ਦਾ ਉਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਸਾਰਥਕਤਾ ਨੂੰ ਦਰਸਾਉਣਾ ਹੈ ਤਾਂ ਕਿ ਗੁਰਬਾਣੀ ਪ੍ਰਤੀ ਜੋ ਮਾਣ, ਸਨਮਾਨ ਅਤੇ ਆਦਰ ਦੀ ਭਾਵਨਾ ਲੋਕਾਂ ਵਿੱਚ ਪੁਰਾਣੇ ਸਮੇਂ ਵਿਕਸਤ ਸੀ ਕਿ ਅੱਜ ਵੀ ਉਹੀ ਸਾਰਥਕਤਾ ਬਣੀ ਰਹੇ।ਇਸ ਲਈ ਇਹ ਖੋਜ ਕਾਰਜ ਕਰਨਾ ਬਿਲਕੁਲ ਸਾਰਥਕ ਹੋਵੇਗਾ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਇਸ ਦ੍ਰਿਸ਼ਟੀ ਤੋਂ ਅੱਜ ਤੱਕ ਕੋਈ ਵੀ ਖੋਜ ਕਾਰਜ ਨਹੀਂ ਹੋਇਆ ਅਤੇ ਇਹ ਵਿਸ਼ਾ ਬਿਲਕੁਲ ਨਵਾਂ ਅਤੇ ਵੱਖਰਾ ਹੈ। ਇਸ ਖੋਜ ਕਾਰਜ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਇਸ ਦ੍ਰਿਸ਼ਟੀ ਤੋਂ ਅੱਜ ਤੱਕ ਕੋਈ ਵੀ ਖੋਜ ਕਾਰਜ ਨਹੀਂ ਹੋਇਆ ਅਤੇ ਇਹ ਵਿਸ਼ਾ ਬਿਲਕੁਲ ਨਵਾਂ ਅਤੇ ਵੱਖਰਾ ਹੈ। ਇਸ ਖੋਜ ਕਾਰਜ ਰਾਹੀਂ

ਗੁਰੂ ਸਾਹਿਬ ਜੀ ਦਾ ਸੰਦੇਸ਼ ਆਮ ਲੋਕਾਈ ਤੱਕ ਪਹੁੰਚੇਗਾ ਅਤੇ ਸਮਾਜ ਵਿੱਚ ਬਾਣੀ ਪ੍ਰਤੀ ਆਦਰ ਅਤੇ ਪ੍ਰਮਾਤਮਾ ਪ੍ਰਤੀ ਮੋਹ ਜਾਗੇਗਾ।

ਮੈਂ ਧੰਨਵਾਦੀ ਹਾਂ ਆਪਣੇ ਨਿਗਰਾਨ ਡਾ. ਅਵਤਾਰ ਸਿੰਘ ਜੀ ਦੀ ਜਿਹਨਾਂ ਨੇ ਮੇਰੇ ਇਸ ਖੋਜ-ਕਾਰਜ ਵਿੱਚ ਮੇਰੀ ਲੋੜ ਅਨੁਸਾਰ ਸਹਾਇਤਾ ਕੀਤੀ।ਮੈਂ ਆਪਣੇ ਵਿਭਾਗ ਦੇ ਹੋਰ ਅਧਿਆਪਕ ਸਾਹਿਬਾਨ ਦੀ, ਆਪਣੇ ਪਰਿਵਾਰ ਦੇ ਮੈਂਬਰਾਂ ਦੀ ਅਤੇ ਆਪਣੇ ਦੋਸਤਾਂ ਦੀ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਸਦਕਾ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜ ਸਕੀ ਹਾਂ।

ਸੁਮਨ

# ਅਧਿਆਇ-ਪਹਿਲਾ

# ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ:ਭਗਤੀ ਅਤੇ ਵੈਰਾਗ ਦਾ ਸੁਮੇਲ




ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਘਰ 5 ਵਿਸਾਖ ਸੰਮਤ 1678 ਮੁਤਾਬਕ 1 ਅਪ੍ਰੈਲ 1621 ਦਿਨ ਐਤਵਾਰ ਨੂੰ ਅੰਮ੍ਰਿਤਸਰ ਵਿੱਚ ਹੋਇਆ।[1] ਬਾਬਾ ਸੂਰਜ ਮੱਲ, ਬਾਬਾ ਅਣੀ ਰਾਏ ਤੇ ਬਾਬਾ ਅਟਲ ਰਾਏ ਆਪ ਜੀ ਦੇ ਚਾਰ ਭਾਈ ਅਤੇ ਬੀਬੀ ਵੀਰੋ ਆਪ ਦੀ ਇੱਕ ਭੈਣ ਸੀ।ਇਹ ਸਾਰੇ ਹੀ ਗੁਰੂ ਜੀ ਤੋਂ ਉਮਰ ਵਿੱਚ ਵੱਡੇ ਸਨ।[1]ਆਪ ਬਚਪਨ ਤੋਂ ਹੀ ਬੜੇ ਸੁੰਦਰ, ਸਿਹਤਮੰਦ, ਸੰਤ ਸਰੂਪ, ਕੋਮਲ ਚਿੱਤ, ਗੰਭੀਰ ਤੇ ਉਦਾਰ ਬ੍ਰਿਤੀਆ ਦੇ ਮਾਲਕ ਸਨ। ਬਚਪਨ ਵਿੱਚ ਹੀ ਆਪ ਨੂੰ ਸ਼ਾਸਤਰ, ਸੰਗੀਤ ਤੇ ਹੋਰ ਹਰ ਤਰ੍ਹਾਂ ਦੀ ਪ੍ਰਚਲਿੱਤ ਵਿੱਦਿਆ ਦਿੱਤੀ ਗਈ। ਮੁੱਢ ਤੋਂ ਹੀ ਆਪ ਬੜੇ ਸਖੀ ਤੇ ਦਾਨੀ ਸੁਭਾਅ ਦੇ ਮਾਲਕ ਸਨ।ਕਿਸੇ ਸੁਆਲੀ ਤੇ ਲੋੜਮੰਦ ਨੂੰ ਕਦੇ ਖਾਲੀ ਹੱਥ ਨਹੀ ਸੀ ਮੋੜਦੇ। ਇੱਕ ਵਾਰੀ ਛੇਵੇਂ ਪਾਤਸ਼ਾਹ ਸਹਿਜ ਸੁਭਾ ਬੇਠੈ ਹੋਏ ਬਚਨ ਬਿਲਾਸ ਕਰ ਰਹੇ ਸਨ ਤੇ ਉਸ ਵੇਲੇ ਸਾਹਿਬਜ਼ਾਦੇ ਗੁਰੂ ਤੇਗ ਬਹਾਦਰ ਖਿੜੇ ਮੱਥੇ ਨਿੱਕੇ-ਨਿੱਕੇ ਕਦਮ ਪੁੱਟਦੇ ਹੋਏ ਗੁਰੂ ਜੀ ਦੇ ਪਾਸ ਆਏ । ਗੁਰੂ ਸਾਹਿਬ ਨੇ ਆਪ ਨੂੰ ਚੁੱਕ ਲਿਆ ਅਤੇ ਭਵਿਖੱਤ ਬਾਣੀ ਉਚਾਰਨ ਕੀਤੀ ਕਿ ਆਪ ਮਹਾਨ ਗੁਰੂ ਵਿਅਕਤੀ ਹੋਣਗੇ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਆਤਮਾ ਇਨ੍ਹਾਂ ਵਿੱਚ ਮੂਰਤੀਮਾਨ ਹੋਵੇਗੀ ਤੇ ਉਨ੍ਹਾਂ ਵਾਂਗ ਹੀ ਆਪਣੇ ਸਰੀਰ ਉਤੇ ਕਈ ਕਸ਼ਟ ਸਹਿਣ ਕਰਨਗੇ। ਆਪ ਜੀ ਦਾ ਬਚਪਨ ਅੰਮ੍ਰਿਤਸਰ, ਕਰਤਾਰਪੁਰ ਤੇ

ਬਾਬਾ ਬਕਾਲ਼ੇ ਵਿੱਚ ਬੀਤਿਆ। ਆਪ ਦੇ ਅਵਤਾਰ ਧਾਰਨ ਪਿਛੋਂ ਆਪ ਦੇ ਪਿਤਾ ਛੇਵੇਂ ਪਾਤਸ਼ਾਹ ਜੀ ਨੂੰ ਮੁਗ਼ਲ ਸੈਨਾ ਨਾਲ਼ ਕਈ ਯੁੱਧ ਕਰਨੇ ਪਏ ਅਤੇ ਉਨ੍ਹਾਂ ਨੇ ਪੰਜਾਬ ਭਰ ਵਿੱਚ ਫਿਰ-ਫਿਰ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਮਾਤਾ ਨਾਨਕੀ ਜੀ ਸਤਿਗੁਰੂ ਜੀ ਦੇ ਨਾਲ ਬਾਹਰ ਨਹੀਂ ਸਨ ਜਾਂਦੇ, ਉਨ੍ਹਾਂ ਨੇ ਸਾਹਿਬਜ਼ਾਦੇ (ਗੁਰੂ) ਤੇਗ਼ ਬਹਾਦਰ ਜੀ ਦਾ ਪਾਲਣ ਪੋਸ਼ਣ ਬੜੇ ਹੀ ਲਾਡ ਤੇ ਪਿਆਰ ਨਾਲ ਕੀਤਾ। ਇਨ੍ਹਾਂ ਦੀ ਆਯੂ ਦੇ ਪਹਿਲ਼ੇ 9 ਸਾਲ਼ ਤਾਂ ਅੰਮ੍ਰਿਤਸਰ ਵਿੱਚ ਬੀਤੇ, ਫੇਰ 1630 ਵਿੱਚ ਗੁਰੂ ਹਰਿ ਗੋਬਿੰਦ ਅੰਮ੍ਰਿਤਸਰ ਛੱਡ ਕੇ ਪਰਿਵਾਰ ਸਮੇਤ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਚਲੇ ਗਏ ਸਨ ਤਾਂ ਆਪ ਦਾ ਵੀ ਉਥੇ ਨਾਲ਼ ਜਾਣਾ ਸੁਭਾਵਿਕ ਸੀ । 1634 ਵਿੱਚ ਕਰਤਾਰਪੁਰ ਦੇ ਯੁੱਧ ਉਪਰੰਤ ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਚਲ਼ੇ ਗਏ।

ਉਸ ਸਮੇਂ ਦੇ ਰਿਵਾਜ਼ ਅਨੁਸਾਰ ਹੀ ਆਪ ਦਾ ਵਿਆਹ 11-12 ਸਾਲ ਦੀ ਉਮਰ ਵਿੱਚ ਹੀ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਖੱਤਰੀ ਤੇ ਬਿਸ਼ਨ ਕੌਰ ਦੀ ਸਪੁੱਤਰੀ ਗੁਜਰੀ ਜੀ ਦੇ ਨਾਲ ਹੋਇਆ। ਆਪ ਜੀ ਦੇ ਘਰ ਆਪ ਦੇ ਘਰ ਇਕਲੌਤੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਆਪ ਜੀ ਦੇ ਵਿਆਹ ਤੋਂ 34 ਸਾਲ ਬਾਅਦ 22 ਦਸੰਬਰ 1666 ਨੂੰ ਪਟਨਾ ਸਾਹਿਬ ਵਿਖੇ ਹੋਇਆ। ਮਾਰਚ 1644 ਈ: ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੀਰਤਪੁਰ ਵਿੱਚ ਅਕਾਲ ਚਲਾਣਾ ਕਰ ਗਏ। ਗੁਰੂ ਤੇਗ ਬਹਾਦਰ ਜੀ ਨੂੰ ਅਜੇ ਗੁਰਿਆਈ ਮਿਲਣ ਦਾ ਵਕਤ ਅਜੇ ਆਉਣਾ ਸੀ। ਮਾਤਾ ਨਾਨਕੀ ਜੀ ਗੁਰੂ ਤੇਗ ਬਹਾਦਰ ਜੀ ਨੂੰ ਨਾਲ ਲੈ ਕੇ ਆਪਣੇ ਪੇਕੇ ਘਰ ਬਾਬਾ ਬਕਾਲ਼ੇ ਚਲੇ ਗਏ। ਉੱਥੇ ਇਕ ਭਾਈ ਮਿਹਰਾ ਨਾਂ ਦੇ ਸਿੱਖ ਵਿਅਕਤੀ ਦੀ ਬੇਨਤੀ ਉੱਤੇ ਗੁਰੂ ਜੀ ਨੇ ਉਸ ਦੇ ਘਰ ਇਕ ਭੋਰਾ ਖੁਦਵਾਇਆ ਤੇ ਉਸ ਵਿੱਚ ਬੈਠ ਕੇ ਪ੍ਰਭੂ ਸਿਮਰਨ ਵਿੱਚ ਲੀਨ ਹੋ ਗਏ। ਆਪ ਨੇ ਉੱਥੇ 20-21 ਸਾਲ ਕਠਿਨ ਤੱਪਸਿਆ ਕੀਤੀ। ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਂ ਜਾਣ ਤੋਂ ਪਹਿਲਾ, ਸੰਗਤਾਂ ਨੇ ਆਦਰ ਤੇ ਨਿਮਰਤਾ ਸਹਿਤ ਗੁਰੂ ਜੀ ਤੋਂ ਪੁੱਛਿਆ ਕਿ ਹੁਣ ਉਹਨਾਂ ਨੂੰ ਕਿਸ ਦੇ ਲੜ ਲਗਾ ਕੇ ਜਾ ਰਹੇ ਹੋ ਤਾਂ ਗੁਰੂ ਜੀ ਬੀਮਾਰੀ ਦੀ ਹਾਲਤ ਵਿੱਚ ਬਹੁਤ ਕਮਜ਼ੋਰ ਹੋ ਚੁੱਕੇ ਸਨ ਤੇ ਉਨ੍ਹਾਂ ਨੇ ਕੇਵਲ ਏਨਾ ਹੀ ਕਹਿ ਸਕੇ "ਬਾਬਾ ਬਕਾਲੇ"।[2] ਜਿਸ ਦਾ ਅਰਥ ਸੀ ਕਿ ਜੋ ਅਗਲੇ ਨੌਵੇਂ ਗੁਰੂ ਹੋਣਗੇ ਉਹ ਬਾਬਾ ਬਕਾਲੇ ਵਿੱਚ ਹਨ। ਗੁਰੂ ਜੀ ਦੁਆਰਾ ਇਹ ਬਚਨ ਸੁਣ ਕੇ ਕਈ ਭੇਖੀ ਪਾਖੰਡੀ ਜਿਨ੍ਹਾਂ ਵਿੱਚ ਸੋਢੀ ਤੇ ਮਸੰਦ ਸ਼ਾਮਲ ਸਨ ਉਨ੍ਹਾਂ ਦੀ ਗਿਣਤੀ ਕਾਫੀ ਸੀ। ਉਹ ਬਕਾਲ਼ੇ ਵਿੱਚ ਪਹੁੰਚ ਗਏ ਤੇ ਆਪਣੇ ਆਪ ਨੂੰ ਗੁਰੂ (ਬਾਬਾ) ਅਖਵਾਉਣ ਲੱਗ ਪਏ।ਇਸ ਤਰ੍ਹਾਂ ਉੱਥੇ 22 ਮੰਜੀਆ ਡਾਹ ਕੇ ਭੇਖੀ ਪਾਖੰਡੀ ਗੁਰੂ ਬਣ ਕੇ ਬੈਠ ਗਏ। ਉਨ੍ਹਾਂ ਦੇ ਝੂਠ ਦਾ ਨਿਤਾਰਾ ਮੱਖਣ ਸ਼ਾਹ ਲੁਬਾਣਾ ਨੇ ਕੀਤਾ ਜਦੋਂ ਉਸ ਦਾ ਕੁਝ ਸਮਾਂ ਪਹਿਲਾਂ ਮਾਲ ਅਸਬਾਬ ਦਾ ਭਰਿਆ ਹੋਇਆ ਬੇੜਾ ਦਰਿਆ ਵਿੱਚ ਡੁੱਬ ਰਿਹਾ ਸੀ ਤਾਂ ਉਸ ਨੇ ਆਪਣੇ ਬੇੜੇ ਨੂੰ ਪਾਰ ਕਰਵਾਉਣ ਦੀ ਬੇਨਤੀ ਕਰਦਿਆ 500 ਮੋਹਰਾਂ ਦੀ ਸੁੱਖਣਾ ਸੁੱਖੀ। ਬਾਬਾ ਬਕਾਲੇ ਵਿਖੇ ਜਦੋਂ ਉਹ ਭੇਟਾ ਦੇਣ ਲਈ ਪਹੁੰਚਿਆ ਤਾਂ ਉਹ ਵੀ ਨਿਰਣਾ ਕਰਨੋਂ ਅਸਮੱਰਥ ਹੋ ਗਿਆ ਕਿ ਕੌਣ ਸੱਚਾ ਤੇ ਕੌਣ ਝੂਠਾ ਹੈ। ਫਿਰ ਉਸ ਨੇ ਨਿਰਣਾ ਕੀਤਾ ਕਿ ਹਰ ਇਕ ਦੇ ਮੁਹਰੇ 2-2 ਮੋਹਰਾਂ ਰੱਖ ਦਿੱਤੀਆ ਜਾਣ ਜਿਹੜਾ ਸੱਚਾ ਪਾਤਸ਼ਾਹ ਹੋਵੇਗਾ ਆਪ ਹੀ ਪੂਰੀਆ 500 ਮੋਹਰਾਂ ਦੀ ਮੰਗ ਕਰੇਗਾ। ਇਸ ਤਰ੍ਹਾਂ ਕਰਦਿਆ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਹੜੇ ਕਿ ਉਸ ਵੇਲੇ ਲੋਕ ਉਹਨਾਂ ਨੂੰ ਤੇਗਾ-ਤੇਗਾ ਕਹਿ ਕੇ ਬੁਲਾਉਂਦੇ ਸਨ ਦੇ ਸਨਮੁੱਖ ਹੋਇਆ ਤਾਂ ਆਪ ਨੇ ਸਹਿਜ ਸੁਭਾਅ ਬਚਨ ਕੀਤਾ ਕਿ ਸੁੱਖੀਆਂ ਤਾਂ 500 ਸਨ ਤੇ ਭੇਂਟ ਕੇਵਲ ਦੋ ਹੀ ਕਰ ਰਿਹਾ ਹੈ ਤਾਂ ਮੱਖਣ

ਸ਼ਾਹ ਨੂੰ ਪਤਾ ਲੱਗ ਗਿਆ ਕਿ ਸੱਚਾ ਗੁਰੂ ਇਹ ਹੈ ਤਾਂ ਮੱਖਣ ਸ਼ਾਹ ਨੇ ਉੱਚੀ-ਉੱਚੀ ਰੌਲ਼ਾ ਪਾ ਦਿੱਤਾ -'ਗੁਰੂ ਲਾਧੋ ਰੇ' 'ਗੁਰੂ ਲਾਧੋ ਰੇ'[3] ਭਾਵ ਕਿ ਸੱਚਾ ਸਤਿਗੁਰੂ ਮਿਲ ਗਿਆ ਹੈ । ਫਿਰ ਮੱਖਣ ਸ਼ਾਹ ਲੁਬਾਣੇ ਦੇ 'ਗੁਰੂ ਲਾਧੋ ਰੇ' ਦੇ ਹੋਕੇ ਅਨੁਸਾਰ ਆਪ ਬਕਾਲ਼ਾ ਵਿਖੇ ਪ੍ਰਗਟ ਹੋਏ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਇਕ ਅਲੌਕਿਕ ਢੰਗ ਰਾਹੀਂ ਸੰਗਤਾਂ ਸਾਹਮਣੇ ਪ੍ਰਗਟ ਹੋਏ ਤੇ ਗੁਰੂਗੱਦੀ ਤੇ ਬਿਰਾਜਮਾਨ ਹੋਏ।ਔਰੰਗਜ਼ੇਬ ਜੋ ਕਿ ਮੁਗ਼ਲ ਸ਼ਾਸਕ ਸੀ ਉਹ ਲੋਕਾਂ ਨੂੰ ਜੋ ਕਿ ਕਸ਼ਮੀਰੀ ਪੰਡਿਤ ਸਨ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਦੇ ਲਈ ਤੰਗ ਕਰ ਰਿਹਾ ਸੀ ਦੀ ਪੁਕਾਰ ਸੁਣ ਕੇ ਗੁਰੂ ਜੀ ਸੋਚਾਂ ਵਿੱਚ ਡੁੱਬ ਗਏ। ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਕੇਵਲ 9 ਸਾਲ ਦੇ ਸਨ। ਉਨ੍ਹਾਂ ਨੇ ਗੁਰਦੇਵ ਪਿਤਾ ਨੂੰ ਚਿੰਤਾ ਵਿੱਚ ਡੁੱਬੇ ਹੋਣ ਦਾ ਕਾਰਣ ਪੁੱਛਿਆ । ਗੁਰੂ ਜੀ ਨੇ ਕਾਰਣ ਦੱਸਿਆ ਅਤੇ ਕਿਹਾ ਕਿ ਧਰਮ ਦੀ ਰੱਖਿਆ ਤਦ ਹੀ ਹੋ ਸਕਦੀ ਹੈ ਜੋ ਕੋਈ ਮਹਾਨ ਪੁਰਖ ਬਲੀ ਦੇਵੇ। ਉਸ ਵੇਲੇ ਸਾਹਿਬਜ਼ਾਦਾ ਜੀ ਨੇ ਕਿਹਾ ਪਿਤਾ ਜੀ ਆਪ ਤੋਂ ਵੱਡਾ ਮਹਾਨ ਪੁਰਖ ਕਿਹੜਾ ਹੈ? ਇਸ ਉਤੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਗੁਰੂ ਜੀ ਧਰਮ ਹਿੱਤ ਕੁਰਬਾਨੀ ਦੇਣ ਲਈ ਦਿੱਲੀ ਵੱਲ ਰਵਾਨਾ ਹੋ ਗਏ। ਅਤੇ ਦਿੱਲੀ ਵਿੱਚ 11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਜਿੱਥੇ ਕਿ ਹੁਣ ਗੁਰਦੁਆਰਾ ਸੀਸ ਗੰਜ ਸਥਿਤ ਹੈ , ਧਰਮ ਹਿੱਤ ਆਪਣਾ ਬਲੀਦਾਨ ਦੇ ਦਿੱਤਾ।

## ਰਚਨਾ (ਬਾਣੀ)

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 59 ਸ਼ਬਦ ਅਤੇ 57 ਸਲੋਕ ਰਚੇ ਹਨ। ਸ਼ਬਦ 16 ਰਾਗਾਂ ਵਿੱਚ ਉਚਾਰੇ ਗਏ ਹਨ ਅਤੇ ਸਲੋਕ , ਦੋਹਰੇ ਦੇ ਰੂਪ ਵਿੱਚ ਲਿਖੇ ਗਏ।[4] ਸ਼ਬਦ ਰਚਨਾ ਇਸ ਪ੍ਰਕਾਰ ਹੈ :-

| ਰਾਗ | ਸ਼ਬਦ |
|---|---|
| ਗਉੜੀ | 9 |
| ਆਸਾ | 1 |
| ਬਿਹਾਗੜਾ | 1 |
| ਦੇਵਗੰਧਾਰੀ | 3 |
| ਸੋਰਠਿ | 12 |
| ਧਨਾਸਰੀ | 4 |
| ਜੈਤਸਰੀ | 3 |
| ਟੋਡੀ | 1 |
| ਤਿਲੰਗ | 3 |
| ਬਿਲਾਵਲੁ | 3 |
| ਰਾਮਕਲੀ | 3 |
| ਮਾਰੂ | 3 |
| ਬਸੰਤੁ ਹਿੰਡੋਲ | 1 |
| ਬਸੰਤੁ | 4 |
| ਸਾਰੰਗ | 4 |
| ਜੈਜਾਵੰਤੀ | 4 |

## ਬਾਣੀ ਸੰਦੇਸ਼ -

ਗੁਰੂ ਸਾਹਿਬ ਦੇ ਸਲੋਕਾਂ ਦਾ ਮੂਲ ਭਾਵ ਇਸ ਪ੍ਰਕਾਰ ਹੈ

ਗੁਣ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥ [5]

ਇਸ ਸਲੋਕ ਦੁਆਰਾ ਗੁਰੂ ਜੀ ਨੇ ਮਨ ਨੂੰ ਸੰਬੋਧਨ ਕਰਦਿਆ ਕਿਹਾ ਹੈ ਕਿ ਉਸ ਧਰਤੀ ਦੇ ਸਹਾਰੇ ਗੋਬਿੰਦ ਦੇ ਗੁਣਾਂ ਨੂੰ ਤੂੰ ਗਾਇਆ ਨਹੀਂ ਅਤੇ ਗੁਣ ਨਾ ਗਾਉਣ ਕਰਕੇ ਤੇਰਾ ਕੀਮਤੀ ਜਨਮ ਵਿਅਰਥ ਜਾ ਰਿਹਾ ਹੈ ਨਾਲ ਹੀ ਬਖਸ਼ਿਸ਼ ਕੀਤੀ ਜੇਕਰ ਅਜੇ ਤੱਕ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਤਾਂ ਅੱਜ ਤੋਂ ਉਸ ਪ੍ਰਮਾਤਮਾ ਦੇ ਗੁਣ ਗਾਇਨ ਨੂੰ ਇਸ ਤਰ੍ਹਾਂ ਪਿਆਰ ਕਰ ਜਿਵੇਂ ਕਿ ਇਕ ਮੱਛੀ ਪਾਣੀ ਵਿੱਚ ਰਹਿ ਕੇ ਪਾਣੀ ਨੂੰ ਪਿਆਰ ਕਰਦੀ ਹੈ।

ਬਿਖਿਅਨ ਸਿਉ ਕਾਹੇ ਰਚਿਉ ਨਿਮਖ ਨ ਹੋਹਿ ਉਦਾਸੁ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥ [6]

ਇਸ ਬਾਣੀ ਦੁਆਰਾ ਇਹ ਸਿੱਖਿਆ ਦਿੱਤੀ ਗਈ ਹੈ ਕਿ ਮਨੁੱਖ ਨੂੰ ਆਪਣਾ ਵਧੇਰੇ ਸਮਾਂ ਸਮਾਜਿਕ ਵਿਕਾਰਾਂ ਨੂੰ ਛੱਡ ਕੇ ਪ੍ਰਮਾਤਮਾ ਦੇ ਨਾਮ ਨੂੰ ਜਪਣਾ ਚਾਹੀਦਾ ਹੈ ਕਿਉਂਕਿ ਜੋ ਵੀ ਸੰਸਾਰ ਵਿੱਚ ਦਿੱਸਦਾ ਹੈ ਭਾਸਦਾ ਹੈ, ਉਹ ਵਾਸਤਵ ਵਿੱਚ ਅਸਲੋਂ ਨਾਸ਼ਮਾਨ ਹੈ।ਮਿਥਿਆ ਸੰਸਾਰ ਨੂੰ ਸੱਚਾ ਮੰਨਣ ਦੇ ਇਸ ਭੁਲੇਖੇ ਨੂੰ ਕੱਢਣ ਲਈ ਤੇ ਅਸਾਰ ਵਸਤੂ ਨੂੰ ਸਾਰਵੰਤ ਵਸਤੂ ਸਮਝਣ ਦੀ ਇਸ ਭ੍ਰਾਂਤੀ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਬਾਰ-ਬਾਰ ਇਸ ਸਲੋਕ ਦੁਆਰਾ ਸਮਝਾਇਆ ਗਿਆ ਹੈ ਕਿ ਜਦੋਂ ਵੀ ਕੋਈ ਬੰਦਾ ਆਪਣੇ ਗੁਣਾਂ ਨੂੰ ਹੱਦ ਤੋਂ ਵੱਧ ਕੇ ਇਹਨਾਂ ਦੀ ਦੁਰਵਰਤੋਂ ਕਰੇਗਾ ਤਾਂ ਕੁਦਰਤੀ ਤੌਰ'ਤੇ ਇਹ ਜਿਹੜੇ ਗੁਣ ਹਨ, ਇਹ ਜ਼ਹਿਰ ਬਣ ਜਾਣਗੇ।ਇਸ ਲਈ ਜੋ ਵੀ ਮਾੜੇ ਗੁਣ ਉਤਪੰਨ ਹੁੰਦੇ ਹਨ ਉਹਨਾਂ ਦਾ ਨਾਸ਼ ਕਰ ਤੇ ਪਰਮਾਤਮਾ ਦਾ ਨਾਮ ਜਪ ਤਾਂ ਜੋ ਤੈਨੂੰ ਕਦੇ ਵੀ ਜਮਾਂ ਦੀ ਫਾਹੀ ਨਾ ਪਵੇ ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਣ ਗਾਇ ਲੇ ਛਾਡਿ ਸਗਲ ਜੰਜਾਲ॥ [7]

ਇਸ ਸਲੋਕ ਦੁਆਰਾ ਗੁਰੂ ਜੀ ਉਚਾਰਦੇ ਹਨ ਕਿ ਜੋ ਵੀ ਸਮਾਜ ਵਿੱਚ ਉਪਜਿਆ ਹੈ, ਪੈਦਾ ਹੋਇਆ ਹੈ ਉਸ ਨੇ ਇਕ ਦਿਨ ਨਾਸ਼ ਹੋਣਾ ਹੀ ਹੈ ਭਾਵ ਕਿ ਖਤਮ ਹੋ ਜਾਣਾ ਹੈ।ਕਾਲ ਬੰਦੇ ਨੂੰ ਆਪਣੀ ਲਪੇਟ ਵਿੱਚ ਲੈ ਹੀ ਲੈਂਦਾ ਹੈ ਚਾਹੇ ਉਹ ਅੱਜ ਹੈ ਜਾਂ ਕੱਲ ਇਸ ਲਈ ਜੋ ਸਾਰੇ ਸੰਸਾਰ ਦੇ ਜੰਜ਼ਾਲਾ ਨੂੰ ਛੱਡ ਕੇ ਪਰਮਾਤਮਾ ਦਾ ਨਾਮ ਜਪ।

ਬਿਰਧਿ ਭਇਉ ਸੂਝੈ ਨਹੀ ਕਾਲੁ ਪਹੂਚਿਉ ਆਨਿ॥
ਕਹੁ ਨਾਨਕ ਨਰ ਬਾਵਰੈ ਕਿਉ ਨ ਭਜੈ ਭਗਵਾਨੁ॥ [8]

ਇਸ ਸਲੋਕ ਦੁਆਰਾ ਇਹ ਉਪਦੇਸ਼ ਦਿੱਤਾ ਗਿਆ ਹੈ ਕਿ ਜਵਾਨੀ ਤੋਂ ਬਾਅਦ ਹੁਣ ਤੇਰੇ ਤੇ ਬੁਢਾਪਾ ਆ ਗਿਆ ਹੈ ਹੁਣ ਤੇਰੇ ਕੋਲ ਉਹ ਸ਼ਕਤੀ ਨਹੀਂ, ਤੈਨੂੰ ਕੁਝ ਵੀ ਸੁੱਝਦਾ ਨਹੀਂ ਤੇ ਯਾਦ ਰੱਖ, ਇਸ ਬੁਢੇਪੇ ਤੋਂ ਬਾਅਦ ਤੇਰੇ ਸਾਹਮਣੇ ਮੌਤ ਕੂਕਦੀ ਪਈ ਹੈ। ਹੇ ਝੱਲੇ ਇਨਸਾਨ! ਹੁਣ ਵੀ ਯਤਨ ਕਰ ਕਿ ਇਸ ਬੁਢੇਪੇ ਤੋ ਬਾਅਦ ਮੌਤ ਜੋ ਤੇਰੇ ਸਾਹਮਣੇ ਆ ਰਹੀ ਹੈ, ਇਸ ਮੌਤ ਦੇ ਆਉਣ ਤੱਕ ਉਸ ਪਿਆਰੇ ਵਾਹਿਗੁਰੂ ਦੇ ਨਾਮ ਨੂੰ ਬਾਰ ਤਾਕੀਦ ਕਰਦੇ ਹਨ ਤੇ ਕਈ ਢੰਗਾਂ ਨਾਲ ਇਸ ਭਾਵ ਨੂੰ ਪ੍ਰਗਟ ਕਰਦੇ ਹਨ।ਉਨ੍ਹਾਂ ਦੀ ਪ੍ਰੇਰਨਾ ਸਦਾ ਹੀ ਨਿਰਣਾਜਨਕ ਤੇ ਸਪੱਸ਼ਟ ਸ਼ਬਦਾਂ ਵਿੱਚ ਰਚੀ ਹੋਈ

ਪ੍ਰਭਾਵਸ਼ਾਲੀ ਪ੍ਰੇਰਨਾ ਹੁੰਦੀ ਹੈ ਜਿਸ ਦਾ ਮਨੁੱਖ ਮਾਤਰ ਦੇ ਮਨ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ।ਰੱਹਸਵਾਦੀ ਇਸ ਜਗਤ ਦੀ ਹੋਂਦ ਦੇ ਸੰਕਲਪ ਨਾਲ ਇਸੇ ਲਈ ਜੋੜਦੇ ਹਨ ਕਿਉਂਕਿ ਮਾਇਆ ਵੀ ਇਕ ਛਲ ਤੇ ਪਰਪੰਚ ਹੈ ਜਿਸ ਦਾ ਪ੍ਰਭਾਵ ਮਨੁੱਖ ਤੇ ਜ਼ਰੂਰ ਪੈਂਦਾ ਹੈ ਪਰ ਇਸ ਦੀ ਕੋਈ ਠੋਸ ਪ੍ਰੱਤਖ ਅਨੁਭਵਤਾ ਨਹੀਂ ਹੁੰਦੀ।ਜਿਥੇ ਜਗਤ ਦੀ ਅਸਾਰਤਾ ਨੂੰ ਰੂਪਕਾਂ ਰਾਹੀਂ ਗੁਰੂ ਸਾਹਿਬ ਨੇ ਸਮੁੱਚੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਪ੍ਰਗਟ ਕੀਤਾ ਹੈ, ਉਥੇ ਇਸ ਦੀ ਨਾਸ਼ਮਾਨਤਾ ਨੂੰ ਕਾਲ ਦੇ ਛਿਣਕ ਪ੍ਰਵਾਹ ਨਾਲ ਜੋੜ ਕੇ ਇਸ ਨੂੰ ਇਕ ਦਾਰਸ਼ਨਿਕ ਵਿੱਚਾਰ ਦੇ ਰੂਪ ਵਿੱਚ ਵੀ ਵਿਅਕਤ ਕੀਤਾ ਹੈ। ਹਰ ਮਨੁੱਖ ਸਹਿਜੇ ਹੀ ਪ੍ਰਤੀਤ ਕਰ ਸਕਦਾ ਹੈ ਸਗੋਂ ਸੋਚ ਸਮਝ ਵੀ ਸਕਦਾ ਹੈ ਕਿ ਕਿਵੇਂ ਪਿਛਲਾ ਸਮਾਂ ਦੇਖਦੇ ਬੀਤ ਗਿਆ ਹੈ ਤੇ ਫਿਰ ਨਹੀਂ ਆ ਸਕਦਾ, ਤਿਵੇਂ ਵਰਤਮਾਨ ਦਾ ਸਮਾਂ ਤੇ ਭਵਿੱਖ ਕਾਲ ਵੀ ਅਵੱਸ਼ ਸਾਡੀ ਪਕੜ ਵਿੱਚੋ ਛੁੱਟ ਜਾਏਗਾ। ਗੁਰੂ ਸਾਹਿਬ ਸਮੇਂ ਦੇ ਨਿਰੰਤਰ ਬੀਤਣ ਅਤੇ ਇਸ ਨਾਲ ਵਾਪਰ ਰਹੀ ਮਨੁੱਖ ਦੀ ਦੁਖਾਂਤਮਈ ਨਾਸ਼ਮਾਨਤਾ ਦੀ ਤਿੱਖੀ ਚੇਤਾਵਨੀ ਪੇਸ਼ ਕਰਦੇ ਹਨ।

ਗੁਰੂ ਤੇਗ ਬਹਾਦਰ ਜੀ ਸੰਸਾਰਕ ਮਨੁੱਖਾਂ ਨੂੰ ਪ੍ਰਭੂ ਵੱਲ ਰੁਚਿਤ ਹੋਣ ਦੀ ਪ੍ਰੇਰਨਾ ਦਿੰਦੇ ਹਨ। ਪ੍ਰਭੂ ਸਰਬਸ਼ਕਤੀਮਾਨ ਹੈ ਅਤੇ ਅੰਤ ਸਮੇਂ ਉਸ ਤੋਂ ਬਿਨਾਂ ਮਨੁੱਖ ਦਾ ਹੋਰ ਕੋਈ ਵੀ ਸਹਾਈ ਨਹੀ ਹੋਵੇਗਾ। ਮਨੁੱਖ ਜਿਉਂ- ਜਿਉਂ ਪ੍ਰਭੂ ਦੀ ਨਿਕਟਤਾ ਗ੍ਰਹਿਣ ਕਰਦਾ ਹੈ ਉਸ ਦੇ ਅੰਦਰ ਇਕ ਨਵੇਂ ਮਨੁੱਖ ਦੀ ਸਿਰਜਣਾ ਹੁੰਦੀ ਜਾਂਦੀ ਹੈ।ਅਜਿਹਾ ਮਨੁੱਖ ਹੌਲੀ - ਹੌਲੀ ਗੁਰਮਤਿ ਵਿੱਚ 'ਗੁਰਮੁਖਿ' ਦਾ ਸਥਾਨ ਗ੍ਰਹਿਣ ਕਰ ਲੈਂਦਾ ਹੈ। ਗੁਰਮੁਖਿ ਸਤਿ-ਵਾਦੀ ਹੁੰਦਾ ਹੈ, ਉਹ ਜੀਵਨ ਵਿੱਚ ਵਿੱਚਰਦਿਆ ਜੀਵਨ ਦੀਆ ਤ੍ਰਿਸ਼ਨਾਵਾਂ ਤੋਂ ਦੂਰ ਰਹਿੰਦਾ ਹੈ।ਉਸਦੀ ਕਥਨੀ ਅਤੇ ਕਰਨੀ ਵਿੱਚ ਅੰਤਰ ਨਹੀਂ ਹੁੰਦਾ।ਉਹ ਆਪਣੇ ਅੰਦਰ ਪ੍ਰਜਵਲਿਤ ਪ੍ਰਭੂ ਜੋਤ ਨੂੰ ਸੰਸਾਰ ਦੇ ਭੁੱਲੇ ਭਟਕੇ ਅੰਧਕਾਰ ਵਿੱਚ ਫਸੇ ਮਨੁੱਖਾਂ ਤੱਕ ਪੁਚਾਉਣ ਦਾ ਯਤਨ ਕਰਦਾ ਹੈ।ਉਹ ਦੁਨੀਆ ਨੂੰ ਸੱਚਾ ਮਾਰਗ ਦਿਖਾਉਣ ਦਾ ਉਪਰਾਲਾ ਕਰਦਾ ਹੈ।ਗੁਰੂ ਤੇਗ ਬਹਾਦਰ ਜੀ ਇਸ ਰੱਬੀ ਮਾਰਗ ਉੱਤੇ ਚੱਲਣ ਵਾਸਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਉੱਤੇ ਵਿਸ਼ੇਸ਼ ਬਲ ਦੇਂਦੇ ਹਨ। ਹਉਮੈ ਦਾ ਨਾਸ਼ ਕਰਨਾ ਸਭ ਤੋਂ ਪ੍ਰਥਮ ਹੈ ਕਿਉਂ ਜੋ ਜੀਵਾਤਮਾ ਵਿੱਚ ਹਉਮੈਂ ਦੇ ਆਉਣ ਨਾਲ ਸਾਰੇ ਗੁਣ ਅਲੋਪ ਹੋ ਜਾਂਦੇ ਹਨ।ਸੰਸਾਰ ਦਾ ਲੋਭ, ਮੋਹ, ਹੰਕਾਰ ਇਕ ਜੀਵਾਤਮਾ ਨੂੰ ਕੁਰਾਹੇ ਪਾਉਣ ਦਾ ਕਾਰਣ ਬਣਦਾ ਹੈ।ਮਨੁੱਖ ਨੂੰ ਕੁਰਾਹੇ ਪਾਉਣ ਦਾ ਸਭ ਤੋਂ ਵੱਡਾ ਕਾਰਣ ਉਸ ਅੰਦਰ ਵਿਆਪਕ 'ਤ੍ਰਿਸ਼ਨਾ'ਦਾ ਹੋਣਾ ਹੈ।ਮਨੁੱਖ ਸੰਸਾਰਕ ਵਸਤੂਆਂ ਨੂੰ ਪ੍ਰਾਪਤ ਕਰਨ ਵਿੱਚ ਐਨਾ ਲੀਨ ਹੈ ਕਿ ਉਸਦੀ ਆਤਮਾ ਦੀ ਸੁੰਦਰਤਾ ਕੋਝੇਪਣ ਵਿੱਚ ਪਰਿਵਰਤਿਤ ਹੋ ਚੁੱਕੀ ਹੈ।ਤ੍ਰਿਸ਼ਨਾ ਨੂੰ ਮਾਰਨਾ ਸਬਲ ਆਤਮਾਵਾਂ ਦਾ ਕਰੱਤਵ ਹੈ ਅਤੇ ਪ੍ਰਭੂ ਮਾਰਗ ਉੱਤੇ ਉਨਾ ਚਿਰ ਅੱਗੇ ਨਹੀਂ ਵਧਿਆ ਜਾ ਸਕਦਾ ਜਿੰਨਾ ਚਿਰ ਮਨੁੱਖੀ ਆਤਮਾ ਆਪਣੇ ਵਿੱਚੋਂ ਇਸ ਦਾ ਅਭਾਵ ਨਹੀਂ ਕਰਦੀ ਮਨੁੱਖ ਨੂੰ ਇਹ ਤਿਆਗਣੀ ਚਾਹੀਦੀ ਹੈ।ਮਾੜੇ ਆਦਮੀਆਂ ਜਾਂ ਭੇਖੀ ਸਾਧੂਆਂ ਦੀ ਸੰਗਤ ਤਿਆਗਣੀ ਚਾਹੀਦੀ ਹੈ।ਮਾੜੇ ਆਦਮੀਆਂ ਜਾਂ ਭੇਖੀ ਸਾਧੂਆਂ ਦੀ ਸੰਗਤ ਵੀ ਕਾਮ, ਕ੍ਰੋਧ, ਅਹੰਕਾਰ ਜਿੰਨੀ ਹੀ ਬੁਰੀ ਹੈ। ਪਰ ਇਸ ਦੇ ਨਾਲ ਹੀ ਜਿਸ ਗੱਲ ਉੱਤੇ ਗੁਰੂ ਜੀ ਨੇ ਵਧੇਰੇ ਜ਼ੋਰ ਦਿੱਤਾ ਹੈ, ਉਹ ਹੈ ਭਲੋ ਪੁਰਸ਼ਾਂ, ਸਾਧਾਂ ਤੇ ਸੰਤਾਂ ਦੀ ਸੰਗਤ ਕਰਨੀ।ਸਾਧੂ ਦੀ ਸੰਗਤ ਨੂੰ ਉੱਤਮ ਪਦਵੀ ਦੀ ਪ੍ਰਾਪਤੀ ਬਰਾਬਰ ਮੰਨਿਆ ਹੈ। ਅਸਲ ਸਾਧ ਜਾਂ ਸੰਤ ਉਹ ਹੈ, ਜਿਸ ਨੇ ਆਪਣਾ ਮਨ ਸਾਧਿਆ ਹੋਵੇ।ਜੋ ਸੰਸਾਰੀ ਪਦਾਰਥਾਂ ਤੋਂ ਨਿਰਲੇਪ ਹੋਵੇ, ਜਿਸ ਨੇ ਮੋਹ ਮਾਇਆ ਦਾ ਤਿਆਗ ਕੀਤਾ ਹੋਵੇ, ਜਿਸ ਨੂੰ ਆਤਮਾ ਤੇ ਪਰਮਾਤਮਾ ਦੀ ਸੋਝੀ ਹੋਵੇ, ਜੋ ਜੀਵਨ ਮੁਕਤ ਹੋਵੇ।ਸੱਚਾ ਸਾਧੂ ਆਪਣੇ

ਨਿੱਜੀ ਸੁੱਖ ਵਿੱਚ ਲੀਨ ਨਹੀਂ ਰਹਿੰਦਾ, ਉਹ ਇਕ ਦਿਨ ਉਸ ਰਸਤੇ ਉੱਤੇ ਦੂਜਿਆ ਨੂੰ ਤੋਰ ਸਕਣ ਦੇ ਸਮਰੱਥ ਹੋ ਜਾਂਦਾ ਹੈ।ਮੁਕਤੀ ਦੇ ਮਾਰਗ ਦਾ ਗਿਆਨ ਸੱਚੇ ਸੰਤ ਜਨ ਨੂੰ ਹੀ ਹੁੰਦਾ ਹੈ ਉਹ ਹੀ ਦੂਜਿਆਂ ਨੂੰ ਇਸ ਰਸਤੇ ਉਤੇ ਤੋਰ ਸਕਣ ਤੇ ਪਾਰ ਲੰਘਾਉਣ ਦੀ ਸ਼ਕਤੀ ਰੱਖਦਾ ਹੈ।ਗੁਰੂ ਤੇਗ ਬਹਾਦਰ ਦਾ ਮੱਤ ਹੈ ਕਿ ਗੁਰੂ ਜਾਂ ਸੰਤ ਦੀ ਸ਼ਰਨ ਵਿੱਚ ਆਉਣ ਨਾਲ ਛਿਨ ਪਲ ਵਿੱਚ ਮੁਕਤੀ ਪ੍ਰਾਪਤ ਹੋ ਸਕਦੀ ਹੈ ਤੇ ਕਲਿਆਣ ਹੋ ਸਕਦਾ ਹੈ।ਮਨੁੱਖ ਜਦ ਸਾਧ ਸੰਗਤ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਂਦਾ ਹੈ ਅਤੇ ਸੰਤਾਂ ਦੇ ਦਿੱਤੇ ਹੋਏ ਉਪਦੇਸ਼ਾਂ ਉੱਤੇ ਚੱਲ ਕੇ ਪ੍ਰਭੂ ਦੇ ਸਿਮਰਨ ਵਿੱਚ ਜੁੜ ਜਾਂਦਾ ਹੈ ਤਾਂ ਉਸ ਨੂੰ ਮੁਕਤੀ ਜਾਂ ਨਿਰਵਾਨ ਦੀ ਉੱਚੀ ਪਦਵੀ ਪਾਪ੍ਰਤ ਹੋ ਜਾਂਦੀ ਹੈ।ਪ੍ਰਭੂ ਪ੍ਰਾਪਤੀ ਲਈ, ਮੁਕਤੀ ਦੇ ਮਾਰਗ ਲਈ, ਨਿਰਵਾਨ ਦੀ ਪਦਵੀ ਪ੍ਰਾਪਤ ਕਰਨ ਲਈ, ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਕਰਾਉਣ ਲਈ, ਸਾਧ ਸੰਗਤ ਦੀ ਲੋੜ ਹੈ ਅਰਥਾਤ ਸਾਧੂ ਦੀ ਸ਼ਰਨ ਵਿੱਚ ਆਉਣਾ ਜ਼ਰੂਰੀ ਹੈ।ਇਸ ਸੰਸਾਰ ਵਿੱਚ ਰਹਿੰਦਿਆਂ ਜੋ ਪ੍ਰਾਣੀ ਉਸ ਦੀ ਸ਼ਰਨ ਲੈ ਲੈਂਦਾ ਹੈ,ਉਸ ਦੇ ਸਾਰੇ ਕਸ਼ਟ ਨਵਿਰਤ ਹੋ ਜਾਂਦੇ ਹਨ, ਖੋਟੀ ਮੱਤ ਦੂਰ ਹੋ ਜਾਂਦੀ ਹੈ, ਉਹ ਨਿਰਭੈ ਪਦ ਪ੍ਰਾਪਤ ਕਰ ਲੈਂਦਾ ਹੈ, ਜੀਵਨ ਮੁਕਤੀ ਮਿਲ ਜਾਂਦੀ ਹੈ। ਉਹ ਸੰਸਾਰੀ ਬੰਧਨਾਂ, ਪਦਾਰਥਾਂ, ਕਲੇਸ਼ਾਂ ਤੇ ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ।ਉਹ ਮੋਹ, ਮਾਇਆ, ਲੋਭ, ਮੋਹ ਅਹੰਕਾਰ ਨੂੰ ਛੱਡ ਜਾਂਦਾ ਹੈ।ਉਹ ਆਪਣੇ ਸੁੱਖਾਂ ਦੇ ਨਾਲ - ਨਾਲ ਦੂਜਿਆ ਦੇ ਸੁੱਖਾਂ ਲਈ ਸਦਾ ਪ੍ਰਯਤਨਸ਼ੀਲ ਰਹਿੰਦਾ ਹੈ।ਉਹ ਆਪ ਵੀ ਤਰ ਜਾਂਦਾ ਹੈ ਅਤੇ ਦੂਜਿਆਂ ਦਾ ਵੀ ਕਲਿਆਣ ਕਰਨਯੋਗ ਹੋ ਜਾਂਦਾ ਹੈ।
ਗੁਰੂ ਤੇਗ ਬਹਾਦਰ ਜੀ ਨੇ ਗੁਰਮਤਿ ਦੇ ਮੂਲ ਸਿਧਾਂਤ ਭਜਨ ਬੰਦਗੀ ਅਰਥਾਤ ਨਾਮ ਸਿਮਰਨ ਨੂੰ ਆਪਣੇ ਅਧਿਆਤਮਕ ਚਿੰਤਨ ਅਤੇ ਉਪਦੇਸ਼ ਦਾ ਧੁਰਾ ਬਣਾਇਆ ਹੈ।ਉਹਨਾਂ ਨੇ ਆਪਣੀ ਬਾਣੀ ਵਿੱਚ ਨਾਮ ਸਿਮਰਨ ਉੱਤੇ ਬਹੁਤ ਬਲ ਦਿੱਤਾ ਹੈ।ਇਸ ਸੰਸਾਰ ਵਿੱਚ ਕੇਵਲ ਕਿਰਪਾਲੂ ਪ੍ਰਭੂ ਦਾ ਹੀ ਨਾਮ ਅਜਿਹਾ ਹੈ ਜਿਸ ਦੇ ਜਾਪ ਨਾਲ ਜਾਂ ਜਿਸ ਦੀ ਭਜਨ ਬੰਦਗੀ ਨਾਲ ਮਨੁੱਖੀ ਸਮੱਸਿਆਵਾਂ ਦਾ ਹੱਲ ਅਰਥਾਤ ਗਤੀ ਹੋ ਸਕਦੀ ਹੈ।ਇਸ ਦੇ ਬਰਾਬਰ ਹੋਰ ਕੋਈ ਧਰਮ ਨਹੀਂ ਹੈ।ਇਥੇ ਧਰਮ ਤੋਂ ਭਾਵ ਵਿਦਿਆ, ਕਰਮ ਤੇ ਵਸੀਲਾ ਜਾਂ ਉਪਾਅ ਵੀ ਹੈ।ਅਰਥਾਤ ਪ੍ਰਭੂ ਦਾ ਨਾਮ ਜਪਣਾ ਹੀ ਸਭ ਤੋਂ ਵੱਡੀ ਵਿਦਿਆ, ਉੱਤਮ ਕਰਮ ਤੇ ਸਹੀ ਧਰਮ ਹੈ।ਗੁਰੂ ਜੀ ਮਨੁੱਖ ਨੂੰ ਬਾਰ ਬਾਰ ਸਿੱਖਿਆ ਦੇਂਦੇ ਹਨ ਕਿ ਉਹ ਸੰਸਾਰ ਪਦਾਰਥਾਂ ਦਾ ਤਿਆਗ ਕਰਕੇ ਪ੍ਰਭੂ ਦਾ ਸਿਮਰਨ ਕਰੇ।ਜੇਕਰ ਪ੍ਰਭੂ ਸਾਡੇ ਸਦਾ ਅੰਗ ਸੰਗ ਹੈ।ਸਰਬ ਨਿਵਾਸੀ ਤੇ ਨਿਰੰਤਰ ਵੱਸਦਾ ਹੈ ਤਾਂ ਲੋੜ ਹੈ ਉਸ ਨੂੰ ਆਪਣੇ ਹਿਰਦੇ ਤੇ ਮਸਤਕ ਵਿੱਚੋਂ ਢੂੰਡਣ ਦੀ। ਪ੍ਰਾਣੀ ਨੇ ਉਸ ਦੇ ਨਿਰਲੇਪ ਤੇ ਨਿਰੰਤਰ ਵਾਸੇ ਨੂੰ ਅਨੁਭਵ ਕਰਨਾ ਹੈ। ਹਿਰਦੇ ਰਾਹੀਂ ਉਸ ਨਾਲ ਪ੍ਰੇਮ ਪਾਉਣਾ ਹੈ, ਕੰਨਾਂ ਰਾਂਹੀ ਉਸ ਦੇ ਗੁਣ ਸੁਣਨੇ ਹਨ, ਇਨ੍ਹਾਂ ਗੁਣਾਂ ਨੂੰ ਜੀਭ ਰਾਹੀਂ ਗਾਉਣਾ ਹੈ ਅਤੇ ਧਿਆਨ ਧਰਨਾ ਜਾਂ ਸਿਮਰਨ ਕਰਨਾ ਹੈ। ਇਹ ਸਾਰੇ ਕੰਮ ਸਾਧ ਸੰਗਤ ਜਾਂ ਗੁਰੂ ਦੀ ਸ਼ਰਨ ਨਾਲ ਆਸਾਨੀ ਨਾਲ ਸੰਭਵ ਹੋ ਸਕਦੇ ਹਨ। ਇਨ੍ਹਾਂ ਨੂੰ ਹੀ ਸਿਮਰਨ ਦੇ ਸਾਧਨ ਕਿਹਾ ਜਾਂਦਾ ਹੈ।ਗੁਰਬਾਣੀ ਵਿੱਚ ਪ੍ਰਭੂ ਦੇ ਨਾਮ ਨੂੰ ਜਾਂ ਉਸ ਦੇ ਗੁਣ ਸ੍ਰਵਣ ਕਰਨ ਨੂੰ ਜ਼ਰੂਰੀ ਸਮਝਿਆ ਗਿਆ ਹੈ।ਪਰਮਾਤਮਾ ਦਾ ਨਾਮ ਜਿੰਨਾ ਮਨ ਵਿੱਚ ਧਾਰਨ ਕਰਨਾ ਆਵੱਸ਼ਕ ਹੈ ਉਨਾਂ ਹੀ ਉਸ ਨੂੰ ਕੰਨਾਂ ਰਾਹੀਂ ਸੁਣਨਾ ਲਾਜ਼ਮੀ ਹੈ।
ਪ੍ਰਭੂ ਵਿੱਚ ਪੂਰਨ ਲੀਨ ਹੋਣ ਲਈ ਹਉਮੈ ਦਾ ਤਿਆਗ ਆੱਵਸ਼ਕ ਹੈ।ਪ੍ਰਭੂ ਨਾਲ ਲੀਨਤਾ ਹਉਮੈ ਰਹਿਤ ਹੋਣੀ ਚਾਹੀਦੀ ਹੈ।ਅਰਥਾਤ ਪਰਮਾਤਮਾ ਨੂੰ ਹੀ ਸਭ ਕੁਝ ਮੰਨਿਆ ਜਾਣਾ ਚਾਹੀਦਾ ਹੈ।ਭਜਨ ਬੰਦਗੀ ਜਾਂ ਨਾਮ ਸਿਮਰਨ ਦਾ ਭਾਵ ਸਾਧਕ ਅਤੇ ਇਸ਼ਟ ਵਿੱਚ ਨੇੜਤਾ ਦੇ ਸੰਬੰਧ ਪੈਦਾ ਕਰਨਾ ਹੈ।ਨਾਮ ਸਿਮਰਨ ਲਈ ਜ਼ਰੂਰੀ ਅੰਗ ਹੈ ਉਸ ਪ੍ਰਭੂ ਨਾਲ

ਪ੍ਰੀਤ ਕਰਨ ਤੋਂ ਬਗੈਰ ਉਸ ਦੀ ਬੰਦਗੀ ਹੋ ਹੀ ਨਹੀਂ ਸਕਦੀ। ਗੁਰੂ ਤੇਗ ਬਹਾਦਰ ਜੀ ਨੇ ਪ੍ਰਭੂ ਦੇ ਪ੍ਰੱਤਖ ਦਰਸ਼ਨ ਕਰਨ ਦੀ ਆਸਾਨ ਵਿਧੀ ਇਹੋ ਦੱਸੀ ਹੈ ਕਿ ਗੁਰੂ ਦੀ ਸ਼ਰਨ ਵਿੱਚ ਲੱਗ ਕੇ ਉਸ ਦੇ ਨਿਯਮਾਂ ਮੁਤਾਬਿਕ ਅਭਿਆਸ ਕੀਤਾ ਜਾਵੇ।ਇਹ ਅਭਿਆਸ ਲਗਾਤਾਰ ਕਰਨ ਨਾਲ ਪਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ ਤੇ ਪ੍ਰਾਣੀ ਦੇ ਸਾਰੇ ਸ਼ੰਕੇ ਨਵਿਰਤ ਹੋ ਸਕਦੇ ਹਨ।

**ਹਵਾਲੇ ਅਤੇ ਟਿੱਪਣੀਆ** :


1. ਬਿਕਰਮ ਸਿੰਘ ਘੁੰਮਣ, ਗੁਰੂ ਤੇਗ ਬਹਾਦਰ ਬਾਣੀ: ਚਿੰਤਨ ਤੇ ਬਾਣੀ , ਪੰਨਾ ਨੰ. 35
2. ਪੰਨਾ ਨੰ. 35
3. ਪੰਨਾ ਨੰ. 36
4. ਪੰਨਾ ਨੰ. 37
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1426
6. ਪੰਨਾ ਨੰ. 1429
7. ਪੰਨਾ ਨੰ. 1429
8. ਪੰਨਾ ਨੰ. 1426

# ਅਧਿਆਇ-ਦੂਜਾ

# ਬਾਣੀ ਸੰਦੇਸ਼ ਅਤੇ ਸੁਹਜ-ਸ਼ਾਸਤਰ

ਗੁਰੂ ਤੇਗ ਬਹਾਦਰ ਜੀ ਦਾ ਜਨਮ ਭਾਰਤ ਨੂੰ ਇਕ ਨਵਾਂ ਸਾਹਸ ਤੇ ਹਿੰਮਤ ਦੇਣ ਵਾਲਾ ਹੈ।ਧਰਮ ਰੱਖਿਅਕ ਤੇ ਉਪਕਾਰੀ ਸ਼ਹੀਦ ਗੁਰੂ ਜੀ ਨੇ ਆਪਣੀ ਅਦੁੱਤੀ ਸ਼ਹੀਦੀ ਦੁਆਰਾ ਸਿੱਖੀ ਨੂੰ ਸੁਰਜੀਤ ਕੀਤਾ ਤੇ ਸਿੱਖਾਂ ਨੂੰ ਨਵਾਂ ਜੀਅ-ਦਾਨ ਪ੍ਰਦਾਨ ਕੀਤਾ। ਗੁਰੂ ਜੀ ਸੂਰਬੀਰ ਤੇ ਤੇਗ ਦੇ ਧਨੀ ਹੋਣ ਕਰਕੇ ਉਹਨਾਂ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ ਗਿਆ ।ਗੁਰੂ ਤੇਗ ਬਹਾਦਰ ਜੀ ਸ਼ੁਰੂ ਤੋਂ ਹੀ ਗੰਭੀਰ ਤੇ ਸੰਤ ਸਰੂਪ ਸਨ।ਉਹ ਨਾ ਕੇਵਲ ਅਡੋਲ ਚਿਤ ਹੀ ਸਨ ਸਗੋਂ ਦਰਿਆ ਦਿਲ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ 57 ਸਲੋਕ ਅਤੇ 59 ਸ਼ਬਦ ਦਰਜ ਹਨ ਜੋ ਕਿ ਗੁਰੂ ਜੀ ਨੇ 16 ਰਾਗਾਂ ਵਿੱਚ ਰਚੇ ਹਨ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ-ਸੰਪਾਦਨਾ ਕਰਦੇ ਹੋਏ 1705 ਵਿੱਚ ਸ਼ਾਮਲ ਕੀਤੇ। ਆਪ ਦੀ ਬਾਣੀ ਮੂਲ ਰੂਪ ਵਿੱਚ ਭਗਤੀ ਭਾਵਨਾ ਵਾਲੀ ਹੈ ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਗ੍ਰਹਿਸਥ ਜੀਵਨ ਭੋਗਦਿਆਂ ਵੀ ਇਸ ਤੋਂ ਇਸ ਪ੍ਰਕਾਰ ਨਿਰਲੇਪ ਰਹਿਣ ਦਾ ਸੰਦੇਸ਼ ਦਿੰਦੇ ਹਨ ਕਿ ਜਿਸ ਪ੍ਰਕਾਰ ਪਾਣੀ ਵਿੱਚ ਰਹਿੰਦਿਆਂ ਵੀ ਗੁਰਗਾਬੀ ਪਾਣੀ ਤੋਂ ਨਿਰਲੇਪ ਰਹਿੰਦੀ ਹੈ ਭਾਵ ਉਸ ਦੇ ਪੰਖ ਕਦੇ ਵੀ ਗਿਲ੍ਹੇ ਨਹੀਂ ਹੁੰਦੇ ਜੋ ਕਿ ਉਸ ਨੂੰ ਉਸ ਪਾਣੀ ਵਿੱਚ ਤੈਰਨ ਦੇ ਯੋਗ ਬਣਾਉਂਦੇ ਹਨ ਇਸੇ ਪ੍ਰਕਾਰ ਇਸ ਸੰਸਾਰ ਵਿੱਚ ਰਹਿੰਦੇ ਹੋਏ ਵੀ ਅਸੀਂ ਜੇ ਸੰਸਾਰ ਤੋਂ ਨਿਰਲੇਪ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗ ਕੇ ) ਰਹਿ ਸਕੀਏ ਤਾਂ ਜੀਵਨ ਸਫ਼ਲ ਹੈ।ਗੁਰੂ ਜੀ ਦਾ ਬਾਣੀ ਸੰਦੇਸ਼ ਇਸ ਪ੍ਰਕਾਰ ਹੈ -

**ਬਾਣੀ ਸੰਦੇਸ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦਾ ਕੋਈ ਨਾ ਕੋਈ ਮੂਲ ਸੰਦੇਸ਼ ਹੁੰਦਾ ਹੈ ਉਸੇ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਜੀ ਦੁਆਰਾ ਰਚਿਤ ਬਾਣੀ ਦਾ ਸੰਦੇਸ਼ ਵੀ ਇਸ ਪ੍ਰਕਾਰ ਹੈ:

1. ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥ ਕੀਨੁ ॥
   ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥1॥ [1]

ਇਸ ਸਲੋਕ ਦੁਆਰਾ ਗੁਰੂ ਜੀ ਇਹ ਸਿੱਖਿਆ ਦਿੰਦੇ ਹਨ ਕਿ ਹੇ ਮਨੁੱਖ ! ਜੇ ਤੂੰ ਅਜੇ ਤੱਕ ਪਰਮਾਤਮਾ ਦਾ ਨਾਮ ਨਹੀਂ ਜਪਿਆ ਹੈ ਤਾਂ ਤੂੰ ਆਪਣਾ ਮਨੁੱਖੀ ਜੀਵਨ ਨਿਕੰਮਾ ਕਰ ਲਿਆ ਹੈ ਇਸ ਲਈ ਤੂੰ ਆਪਣੇ ਜੀਵਨ ਵਿੱਚ ਪਰਮਾਤਮਾ ਦੇ ਗੁਣ ਗਾਇਆ ਕਰ ਭਾਵ ਕਿ ਪਰਮਾਤਮਾ ਦਾ ਪ੍ਰਭੂ ਦਾ ਨਾਮ ਜਪਿਆ ਕਰ ਤੇ ਇਸ ਤਰ੍ਹਾਂ ਬਣ ਕਿ ਜਿਸ ਤਰ੍ਹਾਂ ਇਕ ਮਛਲੀ ਆਪਣੇ ਜੀਵਨ ਨੂੰ ਪਾਣੀ ਦੇ ਸਹਾਰੇ ਜਿਊਂਦੀ ਹੈ ਤੂੰ ਵੀ ਆਪਣਾ ਜੀਵਨ ਪ੍ਰਭੂ ਦੇ ਨਾਮ ਜਪ ਕੇ ਇਸ ਤਰ੍ਹਾਂ ਬਣਾ ਲੈ।

2. ਬਿਖਿਆਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥

ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥2॥[2]

ਇਸ ਸਲੋਕ ਦੁਆਰਾ ਗੁਰੂ ਜੀ ਸੰਬੋਧਨ ਕਰਦੇ ਹਨ ਕਿ ਹੇ ਇਨਸਾਨ! ਜੋ ਵੀ ਬੁਰੇ ਵਿਕਾਰ ਜੋ ਕਿ ਤੂੰ ਆਪਣੀ ਮਨ ਅੰਦਰ ਵਸਾ ਲਏ ਹਨ ਜਿਹੜੇ ਕਿ ਤੈਨੂੰ ਆਪਣੇ ਆਪ ਵਿੱਚ ਸਮਾਈ ਬੈਠੇ ਹਨ ਉਹ ਪਰਮਾਤਮਾ ਦਾ ਨਾਮ ਲੈਣ ਤੋਂ ਤੈਨੂੰ ਵੰਚਿਤ ਕਰ ਰਹੇ ਹਨ ਉਹਨਾਂ ਦਾ ਖਹਿੜਾ ਛੱਡ ਦੇ ਕਿਉਂਕਿ ਉਹ ਜੀਵਨ ਨੂੰ ਨਾਸ਼ ਕਰ ਦਿੰਦੀਆ ਹਨ। ਇਸ ਲਈ ਪ੍ਰਭੂ ਦਾ ਨਾਮ ਜਪਿਆ ਕਰ ਤਾਂ ਜੋ ਜੀਵਨ ਵਿੱਚ ਵਿਕਾਰਾਂ ਤੋਂ ਮੁਕਤੀ ਮਿਲ ਸਕੇ ਅਤੇ ਜਮ੍ਹਾਂ ਦੀ ਫਾਹੀ ਤੋਂ ਬਚਾ ਲਿਆ ਜਾਵੇ।

3. ਤਰਪਾਨੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥
   ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤ ਹੈ ਬੀਤਿ॥3॥[3]

ਗੁਰੂ ਜੀ ਸਿਖਿਆ ਦਿੰਦੇ ਹਨ ਕਿ ਹੇ ਮਨੁੱਖ! ਤੇਰੀ ਜਵਾਨੀ ਦੀ ਅਵਸਥਾ ਤਾਂ ਇਸ ਤਰ੍ਹਾਂ ਹੀ ਲੰਘ ਗਈ ਹੈ ਤੇ ਹੁਣ ਤੇਰੇ ਤੇ ਬੁਢਾਪਾ ਆ ਗਿਆ ਹੈ ਜਿਸ ਨੇ ਕਿ ਪੂਰੀ ਤਰ੍ਹਾਂ ਤੇਰੇ ਸਰੀਰ ਨੂੰ ਜਿੱਤ ਲਿਆ ਹੈ ਅਤੇ ਹੁਣ ਤੇਰੇ ਤੇ ਬੁਢਾਪਾ ਆ ਗਿਆ ਹੈ ਜਿਸ ਨੇ ਕਿ ਪੂਰੀ ਤਰ੍ਹਾਂ ਤੇਰੇ ਸਰੀਰ ਨੂੰ ਜਿੱਤ ਲਿਆ ਹੈ ਅਤੇ ਹੁਣ ਤੇਰਾ ਅੰਤਿਮ ਸਮਾਂ ਆ ਗਿਆ ਹੈ ਭਾਵ ਬਿਰਧ ਅਵਸਥਾ ਸ਼ੁਰੂ ਹੋ ਗਈ ਹੈ ਇਸ ਲਈ ਹੁਣ ਤੂੰ ਪ੍ਰਭੂ ਦਾ ਗੁਨ ਗਾਇਆ ਕਰ ਤੇ ਪਰਮਾਤਮਾ ਦੇ ਨਾਮ ਨੂੰ ਜਪ ਲੈ।

4. ਬਿਰਧਿ ਭਇਓ ਸੂਝੈ ਨਹੀ ਕਾਲ ਪਹੂਚਿਓ ਆਨਿ॥
   ਕਹੁ ਨਾਨਕ ਨਰ ਬਾਵਰੇ ਕਿਉਂ ਨ ਭਜੈ ਭਗਵਾਨੁ॥4॥

ਗੁਰੂ ਜੀ ਇਸ ਸਲੋਕ ਦੁਆਰਾ ਫਰਮਾਉਂਦੇ ਹਨ ਕਿ ਹੁਣ ਬੁਢਾਪੇ ਦੀ ਉਮਰ ਵਿੱਚ ਭਾਵ ਕਿ ਬਿਰਧ ਅਵਸਥਾ ਵਿੱਚ ਕੁਝ ਵੀ ਨਹੀਂ ਸੁੱਝਦਾ ਹੈ ਕਿ ਮੌਤ ਤੇਰੇ ਨੇੜੇ ਆ ਕੇ ਖੜੀ ਹੋ ਗਈ ਹੈ ਤੇ ਤੂੰ ਪਰਮਾਤਮਾ ਦਾ ਨਾਮ ਨਹੀਂ ਜਪਿਆ ਹੈ।ਸਾਰੀ ਉਮਰ ਵਿਅਰਥ ਵਿਕਾਰਾਂ ਵਿੱਚ ਹੀ ਗੁਆ ਲਈ ਹੈ।

5. ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
   ਇਸ ਮੈ ਕਛੁ ਸੰਗੀ ਨਹੀਂ ਨਾਨਕ ਸਾਚੀ ਜਾਨਿ॥5॥

ਇਸ ਦੁਆਰਾ ਗੁਰੂ ਜੀ ਸੰਬੋਧਨ ਕਰਦੇ ਹਨ ਜੋ ਵੀ ਪੈਸਾ ਧਨ ਇਸਤਰੀ ਅਤੇ ਹੋਰ ਸਾਰੀਆਂ ਜੋ ਦੁਨੀਆਂ ਵਿੱਚ ਵਸਤਾਂ ਹਨ ਉਹਨਾਂ ਨੂੰ ਤੂੰ ਆਪਣਾ ਨਾ ਕਹਿ ਭਾਵ ਕਿ ਉਹ ਤੇਰੀਆਂ ਨਹੀਂ ਹਨ ਕਿਉਂਕਿ ਜਦੋਂ ਅੰਤਿਮ ਸਮਾਂ ਭਾਵ ਮੌਤ ਆਉਂਦੀ ਹੈ ਤਾਂ ਇਹ ਸਾਰਾ ਕੁਝ ਇੱਥੇ ਹੀ ਰਹਿ ਜਾਣਾ ਹੈ ਕੁਛ ਵੀ ਤੇਰੇ ਨਾਲ ਨਹੀਂ ਜਾਣਾ ਹੈ।

6. ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥
   ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ॥6॥[4]

ਇਸ ਦੁਆਰਾ ਗੁਰੂ ਜੀ ਸੰਬੋਧਨ ਕਰਦੇ ਹਨ ਕਿ ਜੋ ਮਨੁੱਖ ਇਸ ਦੁਨੀਆ ਦੇ ਵਿੱਚਲੇ ਬੁਰੇ ਵਿਕਾਰਾਂ ਵਿੱਚ ਪਏ ਹੋਏ ਹਨ ਉਹਨਾਂ ਦੇ ਵਿਕਾਰਾਂ ਤੇ ਭੈਅ ਨੂੰ ਭਾਵ ਡਰ ਨੂੰ ਦੂਰ ਕਰਨ ਵਾਲਾ ਪਰਮਾਤਮਾ ਹੈ ਇਸ ਲਈ ਉਹ ਸਦਾ ਹੀ ਇਨਸਾਨ ਦੇ ਨਾਲ ਰਹਿੰਦਾ ਹੈ। ਇਸ ਲਈ ਪ੍ਰਭੂ ਸਿਮਰਨ ਕਰਕੇ ਹੀ ਵਿਕਾਰਾਂ ਤੋਂ ਮੁਕਤੀ ਪਾਈ ਜਾ ਸਕਦੀ ਹੈ।

7. ਤਨੁ ਧਨੁ ਜਿਹ ਤੋਂ ਕਉ ਦੀਓ ਤਾਂ ਸਿਉ ਨੇਹੁ ਨ ਕੀਨ॥
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ॥7॥

ਗੁਰੂ ਜੀ ਫਰਮਾਉਂਦੇ ਹਨ ਕਿ ਹੇ ਮਨੁੱਖ ! ਤੈਨੂੰ ਪਰਮਾਤਮਾ ਨੇ ਸਰੀਰ ਧਨ ਸਾਰਾ ਕੁਝ ਦਿੱਤਾ ਹੈ ਜੋ ਦਾਤਾਂ ਤੈਨੂੰ ਦਿੱਤੀਆ ਹਨ। ਉਹ ਰੱਬ ਨੇ ਹੀ ਬਖਸ਼ਿਸ਼ ਕੀਤੀਆਂ ਹਨ ਉਸ ਨੂੰ ਤੇਰੇ ਨਾਲ ਪਿਆਰ ਵੀ ਹੈ।ਤੇ ਤੇਰਾ ਮਨ ਕਿਉਂ ਝੱਲਿਆ ਵਾਂਗ ਡੋਲ ਰਿਹਾ ਹੈ ਕਿਉਂਕਿ ਉਸ ਰੱਬ ਨੇ ਇੰਨਾ ਕੁਝ ਦਿਤੱਾ ਹੈ ਤੇ ਉਸ ਨੂੰ ਤੂੰ ਯਾਦ ਨਹੀਂ ਕਰਦਾ ਤੇ ਹੁਣ ਕਿਉਂ ਘਬਰਾਉਂਦਾ ਹੈ।

8. ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ॥
ਕਹੁ ਨਾਨਕ ਸੁਨਿ ਰੇ ਮਨਾ ਸਿਮਰਤ ਕਾਹਿ ਨ ਰਾਮੁ॥8॥

ਇਸ ਸਲੋਕ ਦੁਆਰਾ ਗੁਰੂ ਜੀ ਆਖਦੇ ਹਨ ਕਿ ਜਿਸ ਪਰਮਾਤਮਾ ਨੇ ਤੈਨੂੰ ਤਨ, ਧਨ, ਰਹਿਣ ਲਈ ਮਕਾਨ ਦਿੱਤਾ ਹੈ ਭਾਵ ਕਿ ਤੇਰੀਆਂ ਲੋੜਾਂ ਨੂੰ ਪੂਰਾ ਕੀਤਾ ਹੈ ਇਸ ਲਈ ਕਿਉਂ ਨਹੀਂ ਤੂੰ ਉਸ ਪ੍ਰਭੂ ਦਾ ਨਾਮ ਜੱਪਦਾ।ਉਸ ਪਰਮਾਤਮਾ ਦੀ ਭਜਨ ਬੰਦਗੀ ਕਿਉਂ ਨਹੀਂ ਕਰਦਾ। ਜਿਸ ਨੇ ਤੈਨੂੰ ਇਸ ਤਰ੍ਹਾਂ ਦਾ ਸੁੱਖੀ ਜੀਵਨ ਪ੍ਰਦਾਨ ਕੀਤਾ ਹੈ।

9. ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਈ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥9॥

ਇਸ ਸਲੋਕ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਪਰਮਾਤਮਾ ਹੀ ਸਾਰੇ ਸੁਖ ਪ੍ਰਦਾਨ ਕਰਨ ਵਾਲਾ ਹੈ ਹੋਰ ਦੂਸਰਾ ਕੋਈ ਨਹੀਂ।ਭਾਵ ਕਿ ਸਾਰੇ ਹੀ ਸੁਖ ਦੇਣ ਵਾਲਾ ਪ੍ਰਭੂ ਹੀ ਹੈ ਅਤੇ ਉਸ ਦਾ ਨਾਮ ਸਿਮਰਨ ਕਰਿਆ ਕਰ ਜਿਸ ਨੇ ਕਿ ਸਾਰੇ ਸੁਖ ਦਿੱਤੇ ਹਨ ਉਸ ਪ੍ਰਭੂ ਦਾ ਨਾਮ ਜਪਣ ਨਾਲ ਹੀ ਸਿਮਰਨ ਕਰਨ ਨਾਲ ਹੀ ਤੇਰੀ ਗਤੀ ਹੋ ਸਕਦੀ ਹੈ ਨਾਮ ਨੂੰ ਸਿਮਰਦਿਆ ਹੀ।

10. ਜਿਹ ਸਿਮਰਤ ਗਤਿ ਪਾਈਐ ਤਿਹਿ ਭਜੁ ਰੇ ਤੈ ਮੀਤ॥
ਕਹੁ ਨਾਨਕ ਸੁਨ ਰੇ ਮਨਾ ਅਉਧ ਘਟਤ ਹੈ ਨੀਤ॥10॥

ਇਸ ਸਲੋਕ ਵਿੱਚ ਗੁਰੂ ਜੀ ਉਚਾਰਦੇ ਹਨ ਕਿ ਤੂੰ ਉਸ ਪਰਮਾਤਮਾ ਦਾ ਸਿਮਰਨ ਕਰਿਆ ਕਰ ਜਿਸ ਕਰਕੇ ਤੈਨੂੰ ਮੁਕਤੀ ਪ੍ਰਾਪਤ ਹੋਈ ਹੈ।ਉਸ ਰੱਬ ਦਾ ਪ੍ਰਭੂ ਦਾ ਨਾਮ ਹਰ ਰੋਜ਼ ਜਪਿਆ ਕਰ।ਗੁਰੂ ਜੀ ਆਖਦੇ ਹਨ ਕਿ ਏ ਜੋ ਉਮਰ ਹੈ ਉਹ ਘੱਟਦੀ ਜਾ ਰਹੀ ਹੈ ਭਾਵ ਬਿਰਧ ਅਵਸਥਾ ਵਿੱਚ ਹੀ ਨਾਮ ਜਪਿਆ ਸਹਾਈ ਨਹੀਂ ਹੁੰਦਾ ਉਸ ਨੂੰ ਜਨਮ ਤੋਂ ਹੀ ਆਰੰਭ ਕਰ।

11. ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈਂ ਮਾਨੁ॥11॥

ਇਸ ਦੁਆਰਾ ਗੁਰੂ ਜੀ ਸੰਬੋਧਨ ਕਰਦੇ ਹਨ ਕਿ ਹੇ ਮਨੁੱਖ! ਤੇਰਾ ਜੋ ਸਰੀਰ ਹੈ ਉਹ ਪੰਜ ਤੱਤਾਂ ਨੂੰ ਮਿਲ ਕੇ ਬਣਿਆ ਹੈ ਹੇ ਸਿਆਣੇ ਮਨੁੱਖ ਜੋ ਤੱਤਾਂ ਨੂੰ ਮਿਲ ਕੇ ਇਹ ਸਰੀਰ ਬਣਿਆ ਹੈ ਉਹ ਇਕ ਦਿਨ ਇਹਨਾਂ ਤੱਤਾਂ ਨੂੰ ਮਿਲ ਕੇ ਵਿਲੀਨ ਹੋ ਜਾਣਾ ਹੈ ਇਸ ਲਈ ਇਸ ਨਾਸ਼ਵਾਨ ਸਰੀਰ ਦੇ ਮੋਹ ਵਿੱਚ ਜਾਲ ਵਿੱਚ ਨਾ ਫਸ ਕੇ ਪ੍ਰਭੂ ਦਾ ਨਾਮ ਸਿਮਰਨ ਕਰ ਭਾਵ ਪਰਮਾਤਮਾ ਨੂੰ ਮਨੋਂ ਨਾ ਵਿਸਾਰ।

12. ਘਟ ਘਟ ਮੈਂ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥12॥[5]

ਇਸ ਸਲੋਕ ਦੁਆਰਾ ਗੁਰੂ ਜੀ ਉਚਾਰਦੇ ਹਨ ਕਿ ਪਰਮਾਤਮਾ ਹਰ ਇਕ ਦੇ ਅੰਦਰ ਹਰ ਦੇ ਸਰੀਰ ਵਿੱਚ ਵੱਸਦੇ ਹਨ ਉਹ ਇਸ ਗੱਲ ਨੂੰ ਪੁਕਾਰ ਕੇ ਭਾਵ ਉੱਚੀ ਉੱਚੀ ਕਹਿ ਰਹੇ ਹਨ ਕਿ ਕੋਈ ਵੀ ਅਜਿਹਾ ਵਿਅਕਤੀ ਨਹੀਂ ਹੈ ਕਿ ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਵਾਸ ਨਹੀਂ ਹੈ।ਇਸ ਲਈ ਹੇ ਮਨੁੱਖ ਤੂੰ ਪਰਮਾਤਮਾ ਦਾ ਸਿਮਰਨ ਕਰਿਆ ਕਰ ਜਿਸ ਨੇ ਕਿ ਤੈਨੂੰ ਪਾਰ ਲੰਘਾਉਣਾ ਹੈ।

13. ਸੁਖੁ ਦੁਖ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤਿ ਭਗਵਾਨ॥13॥

ਇਸ ਸਲੋਕ ਵਿੱਚ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਦੁੱਖ, ਮੋਹ ਤੇ ਅਹੰਕਾਰ ਆਪਣਾ ਪ੍ਰਭਾਵ ਨਹੀਂ ਪਾਉਂਦੇ ਉਹ ਮਨੁੱਖ ਹੀ ਪਰਮਾਤਮਾ ਦਾ ਸੱਚਾ ਸੇਵਕ ਗੁਰਮੁੱਖ ਪਿਆਰਾ ਹੈ। ਭਾਵ ਕਿ ਇਨ੍ਹਾਂ ਵਿਕਾਰਾਂ ਤੋਂ ਮੁਕਤ ਵਿਅਕਤੀ ਹੀ ਇਕ ਭਗਵਾਨ ਦੀ ਮੂਰਤ ਵਾਂਗ ਹੈ।

14. ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥14॥[6]

ਇਸ ਸਲੋਕ ਦੁਆਰਾ ਗੁਰੂ ਤੇਗ ਬਹਾਦਰ ਜੀ ਆਖਦੇ ਹਨ ਜਿਸ ਮਨੁੱਖ ਦੇ ਅੰਦਰ ਜਿਸ ਦੇ ਉੱਪਰ ਕੋਈ ਵੀ ਤਾਰੀਫ ਦਾ, ਚੁਗਲੀ ਦਾ ਕੋਈ ਵੀ ਅਸਰ ਨਹੀਂ ਹੈ ਉਹ ਸੋਨੇ ਤੇ ਲੋਹੇ ਦੋਹਾਂ ਨੂੰ ਹੀ ਇਕ ਸਮਾਨ ਸਮਝਦਾ ਹੈ ਉਹ ਆਪਣੇ ਜੀਵਨ ਵਿੱਚ ਵਾਧੂ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ।ਭਾਵ ਕਿ ਉਸ ਦਾ ਜੀਵਨ ਜਿਊਂਦੇ ਹੀ ਇਕ ਆਜ਼ਾਦ ਰੂਪ ਦੇ ਵਿੱਚ ਹੋ ਕੇ ਵਿੱਚਰਦਾ ਹੈ ਤੇ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ।

15. ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥15॥

ਇਸ ਸਲੋਕ ਵਿੱਚ ਗੁਰੂ ਜੀ ਆਖਦੇ ਹਨ ਕਿ ਜਿਸ ਵਿਅਕਤੀ ਦੇ ਅੰਦਰ ਵਿੱਚ ਇਹ ਖੁਸ਼ੀ ਤੇ ਗਮੀ ਵਾਲੇ ਭਾਵ ਹਨ ਪਰ ਜਿਸ ਮਨੁੱਖ ਦੇ ਅੰਦਰ ਖੁਸ਼ੀ ਤੇ ਗਮੀ ਦੋਹੇ ਹੀ ਭਾਵ ਆਪਣਾ ਪ੍ਰਭਾਵ ਪਾ ਨਾ ਸਕਣ ਕਿ ਕਿਸ ਵੀ ਤਰ੍ਹਾਂ ਦੇ ਵਹਿਣ ਵਿੱਚ ਨਾ ਵਹਿੰਦਾ ਹੋਇਆ ਵੈਰੀ ਤੇ ਮਿੱਤਰ ਨੂੰ ਬਰਾਬਰ ਹੀ ਸਮਝਦਾ ਹੈ ਉਹ ਮਨੁੱਖ ਹੀ ਆਪਣੇ ਜੀਵਨ ਵਿੱਚ ਇਕ ਮੁਕਤ ਵਿਅਕਤੀ ਹੈ।

16. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥16॥

ਗੁਰੂ ਜੀ ਇਸ ਸਲੋਕ ਦੁਆਰਾ ਦਰਸਾਉਂਦੇ ਹਨ ਕਿ ਜੋ ਮਨੁੱਖ ਜਿਹੜਾ ਮਨੁੱਖ ਕਿਸੇ ਨੂੰ ਵੀ ਆਪਣੀ ਤਾਕਤ ਦੇ ਨਾਲ ਹੀ ਡਰਾਵੇ ਅਤੇ ਨਾ ਹੀ ਕਿਸੇ ਤੋਂ ਆਪ ਡਰੇ ਉਹ ਮਨੁੱਖ ਹੀ ਪੂਰਨ ਗਿਆਨੀ ਭਾਵ ਕਿ ਉਹ ਆਤਮ ਪੱਖੋਂ ਸੂਝਵਾਨ ਤੇ ਸਮਝ ਵਾਲਾ ਮਨੁੱਖ ਹੈ ਜੋ ਕਿ ਗੁਰੂ ਦਾ ਨਾਮ ਜਪ ਕੇ ਸਿਮਰਨ ਕਰਕੇ ਇਕ ਗਿਆਨੀ ਬਣ ਚੁੱਕਾ ਹੈ।

17. ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਤਰ ਮਾਥੈ ਭਾਗੁ॥17॥

ਇਸ ਸਲੋਕ ਦੁਆਰਾ ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਹੇ ਮਨੁੱਖ ਜਿਸ ਨੇ ਦੁਨੀਆਂ ਵਿੱਚ ਜੋ ਵਿਕਾਰਾਂ ਦੇ ਵਿੱਚੋਂ ਸਾਰੇ ਹੀ ਪ੍ਰਕਾਰ ਦੇ ਵਿਕਾਰਾਂ ਨੂੰ ਆਪਣੇ ਜੀਵਨ ਵਿੱਚੋਂ ਤਿਆਗ ਕੇ ਕੱਢ ਦਿੱਤਾ ਹੈ।ਜਿਸ ਨੇ ਸਾਰੀ ਮੋਹ ਮਾਇਆ ਨੂੰ ਤਿਆਗ ਦਿੱਤਾ ਹੈ ਅਤੇ ਉਸ ਨੇ ਵੈਰਾਗ ਦਾ ਰੂਪ ਧਾਰਨ ਕਰ ਲਿਆ ਹੈ ਭਾਵ ਕਿ ਪ੍ਰਭੂ ਭਗਤੀ ਪਰਮਾਤਮਾ ਦੇ ਰੰਗ ਵਿੱਚ ਰੰਗਣਾ ਆਰੰਭ ਹੋ ਗਿਆ ਹੈ ਉਸ ਦੇ ਤਾਂ ਚੰਗੇ ਭਾਗ ਜਾਗ ਚੁੱਕੇ ਹਨ ਭਾਵ ਉਸ ਦੀ ਕਿਸਮਤ ਖੁੱਲ ਚੁੱਕੀ ਹੈ।

18. ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥18॥

ਇਸ ਸਲੋਕ ਦੁਆਰਾ ਇਹ ਸੰਦੇਸ਼ ਮਿਲਦਾ ਹੈ ਕਿ ਜਿਸ ਮਨੁੱਖ ਨੇ ਆਪਣੇ ਜੀਵਨ ਵਿੱਚ ਮੋਹ ਮਾਇਆ ਦਾ ਤਿਆਗ ਕਰ ਦਿੱਤਾ ਹੈ ਜੋ ਕਿ ਧਨ, ਲੋਭ ਦੇ ਹੋਰ ਅਜਿਹੇ ਬੁਰੇ ਕੰਮਾਂ ਤੋਂ ਕਿਨਾਰਾ ਕਰ ਚੁੱਕਿਆ ਹੈ ਜੋ ਇਕ ਪਰਿਵਾਰ ਦੇ ਵਿੱਚ ਰਹਿ ਕੇ ਵੀ ਇਹਨਾਂ ਦਾ ਤਿਆਗ ਕਰਦਾ ਹੈ ਉਸ ਦੇ ਅੰਦਰ ਹੀ ਸਰਬ ਪੱਖੀ ਪਰਮਾਤਮਾ ਦਾ ਨਿਵਾਸ ਹੋ ਸਕਦਾ ਹੈ ਉਸ ਨੂੰ ਹੀ ਬ੍ਰਹਮ ਦੇ ਘਰ ਪ੍ਰਭੂ ਦੇ ਘਰ ਵਿੱਚ ਸਥਾਨ ਮਿਲ ਸਕਦਾ ਹੈ।

19. ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥19॥

ਗੁਰੂ ਜੀ ਸਮਝਾਉਂਦੇ ਹਨ ਕਿ ਜਿਸ ਮਨੁੱਖ ਨੇ ਆਪਣੇ ਮਨ ਹਿਰਦੇ ਵਿੱਚੋਂ ਇਸ ਹਉਮੈ, ਹੰਕਾਰ ਦੀ ਭਾਵਨਾ ਨੂੰ ਤਿਆਗ ਕੇ ਉਸ ਸਿਰਜਣਹਾਰ ਪਰਮਾਤਮਾ ਦੇ ਨਾਲ ਆਪਣੀ ਡੂੰਘੀ ਪ੍ਰੀਤ ਪਾ ਲਈ ਹੈ ਉਹ ਹੀ ਮੁਕਤ ਹੈ। ਗੁਰੂ ਜੀ ਆਖਦੇ ਹਨ ਕਿ ਇਹ ਗੱਲ ਸੱਚ ਕਹਿ ਕੇ ਸਮਝੀ ਜਾ ਸਕਦੀ ਹੈ ਕਿ ਉਹ ਵਿਅਕਤੀ ਹੀ ਜਿਊਂਦੇ ਜੀਅ ਆਪਣੇ ਜੀਵਨ ਵਿੱਚ ਹੈ।

20. ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥
ਨਿਸੁ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ 20 ॥

ਗੁਰੂ ਜੀ ਆਖਦੇ ਹਨ ਜੋ ਵਿਅਕਤੀ ਆਪਣਾ ਹੰਕਾਰ ਤਿਆਗ ਕੇ ਅਤੇ ਆਪਣੀ ਮੱਤ ਜੋ ਬੁਰੀ ਵਿਕਾਰਾਂ ਵਾਲੀ ਬੁੱਧੀ ਹੈ ਉਸ ਨੂੰ ਦੂਰ ਕਰ ਦਿੰਦਾ ਹੈ ਤੇ ਹਰ ਤਰ੍ਹਾਂ ਦਾ ਡਰ ਭੈਅ ਆਪਣੇ ਮਨ ਦੇ ਵਿੱਚੋਂ ਕੱਢ ਦਿੰਦਾ ਹੈ ਪਰਮਾਤਮਾ ਉਸ ਦੇ ਸਾਰੇ ਕਾਰਜਾਂ ਨੂੰ ਸਫਲ ਕਰਦਾ ਹੈ ਭਾਵ ਕਿ ਉਹਨਾਂ ਨੂੰ ਪੂਰਾ ਕਰਦਾ ਹੈ।

21. ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥
ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥ 21 ॥

ਇਸ ਸਲੋਕ ਦੁਆਰਾ ਗੁਰੂ ਜੀ ਇਹ ਸੰਦੇਸ਼ ਦਿੰਦੇ ਹਨ ਕਿ ਹੇ ਮਨੁੱਖ ਆਪਣੀ ਇਸ ਜੀਭ ਨਾਲ ਪਰਮਾਤਮਾ ਦੇ ਗੁਣਾਂ ਦਾ ਜਾਪ ਕਰਿਆ ਕਰ।ਭਾਵ ਕਿ ਪਰਮਾਤਮਾ ਦੇ ਨਾਮ ਨੂੰ ਜਪਿਆ ਕਰ ਅਤੇ ਆਪਣੇਂ ਕੰਨਾਂ ਦੇ ਨਾਲ ਉਸ ਪ੍ਰਭੂ ਦੇ ਨਾਮ ਨੂੰ ਸੁਣਿਆ ਕਰ।ਗੁਰੂ ਜੀ ਆਖਦੇ ਹਨ ਕਿ ਜੋ ਵੀ ਮਨੁੱਖ ਗੁਰੂ ਜੀ ਦਾ ਨਾਮ ਜੱਪਦਾ ਹੈ ਉਹ ਕਦੇ ਵੀ ਜਮਾਂ ਦੇ ਵੱਸ ਨਹੀ ਪੈਂਦਾ।

22. ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥ 22 ॥ [7]

ਇਸ ਸਲੋਕ ਵਿੱਚ ਗੁਰੂ ਜੀ ਨੇ ਇਹ ਦੱਸਿਆ ਹੈ ਕਿ ਜੋ ਵੀ ਮਨੁੱਖ ਆਪਣੇ ਹਿਰਦੇ ਅੰਦਰੋਂ ਮਾਇਆ, ਮੋਹ ਲੋਭ ਤੇ ਅਹੰਕਾਰ ਨੂੰ ਤਿਆਗਦਾ ਹੈ ਉਹ ਆਪ ਵੀ ਪਾਰ ਲੰਘ ਜਾਂਦਾ ਹੈ ਭਾਵ ਕਿ ਉਹ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਂਦਾ ਹੈ ਅਤੇ ਜੋ ਵੀ ਵਿਅਕਤੀ ਉਸ ਉੱਚ ਵਿੱਚਾਰਾਂ ਵਾਲੇ ਦੀ ਸੰਗਤ ਕਰਦਾ ਹੈ ਭਾਵ ਕਿ ਉਸ ਦੀ ਸ਼ਰਨ ਵਿੱਚ ਆ ਜਾਂਦਾ ਹੈ ਉਹ ਵੀ ਡਰ ਜਾਂਦਾ ਹੈ ਭਾਵ ਕਿ ਜੋ ਵੀ ਉਸ ਪ੍ਰਭੂ ਭਗਤੀ ਦੇ ਲੜ ਲੱਗ ਜਾਂਦਾ ਹੈ ਉਹ ਹੋਰਾਂ ਨੂੰ ਵੀ ਉਸ ਦੇ ਲੜ ਲਾ ਲੈਂਦਾ ਹੈ।

23. ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕੁਛ ਸਾਚੋ ਨਹੀ ਨਾਨਕ ਬਿਨੁ ਭਗਵਾਨੁ ॥ 23 ॥

ਇਸ ਸਲੋਕ ਦੁਆਰਾ ਇਹ ਸੰਦੇਸ਼ ਮਿਲਦਾ ਹੈ ਕਿ ਜਿਵੇਂ ਅਸੀਂ ਸੁੱਤੇ ਇਕ ਸੁਪਨਾ ਦੇਖਦੇ ਹਾਂ ਜਿਸ ਵਿੱਚ ਅਨੇਕਾਂ ਰੰਗ ਤਮਾਸ਼ੇ ਦਿਖਾਈ ਦਿੰਦੇ ਹਨ ।ਜੋ ਕਿ ਇਕ ਜਾਗਣ ਤੇ ਸਾਡੇ ਹੱਥ ਨਹੀਂ ਆਉਂਦੇ।ਇਸੇ ਤਰ੍ਹਾਂ ਹੀ ਜਗਤ ਵੀ ਸੁਪਨਾ ਹੈ ਜਿਸ ਵਿੱਚ ਬਹੁਤ ਕੁਝ ਹੈ ਪਰ ਕੁਝ ਵੀ ਸਾਡਾ ਸਾਥ ਦੇਣ ਵਾਲਾ ਨਹੀਂ ਹੈ।ਇਸ ਜਗ ਵਿੱਚੋਂ ਕੁਝ ਵੀ ਸਾਡੇ ਨਾਲ ਨਹੀਂ ਨਿਭਦਾ ਜੇਕਰ ਕੁਝ ਹੈ ਸੱਚ ਹੈ ਤਾਂ ਉਹ ਪਰਮਾਤਮਾ ਦਾ ਨਾਮ ਹੀ ਹੇ ਜੋ ਕਿ ਸਾਡੇ ਨਾਲ ਜਾਣਾ ਹੈ।

24. ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥ 24 ॥

ਇਸ ਸਲੋਕ ਦੁਆਰਾ ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਇਸ ਸੰਸਾਰ ਦੇ ਵਿੱਚ ਹਰ ਦਿਨ ਵਿਅਕਤੀ ਜੋ ਵੀ ਹਰ ਰੋਜ਼ ਧਨ, ਮਾਇਆ ਇੱਕਠਾ ਕਰਨ ਦੀ ਖਾਤਰ ਦਿਨ ਰਾਤ ਭਟਕਦਾ ਰਹਿੰਦਾ ਹੈ ਸਿਰਫ ਮਾਇਆ ਇੱਕਠੀ ਕਰਨ ਦੀ ਦੌੜ ਵਿੱਚ ਹੀ ਲੱਗਾ ਹੋਇਆ ਹੈ।ਪਰ ਇਨ੍ਹਾਂ ਕਰੋੜਾਂ ਦੀ ਗਿਣਤੀ ਵਿੱਚੋਂ ਕੋਈ ਵੀ ਇਕ ਵੀ ਅਜਿਹਾ ਪਿਆਰਾ ਹੋਵੇਗਾ ਜੋ ਇਸ ਭਟਕਣਾ ਤੋਂ ਮੁਕਤ ਹੋ ਕੇ ਪ੍ਰਭੂ ਦੀ ਭਗਤੀ ਵੱਲ ਧਿਆਨ ਦਿੰਦਾ ਹੈ।ਭਾਵ ਪ੍ਰਭੂ ਸਿਮਰਨ ਕਰਦਾ ਹੈ ਜਿਸ ਦੇ ਹਿਰਦੇ ਵਿੱਚ ਹਰਿ ਦਾ ਨਾਮ ਜਪਣ ਦੀ ਇੱਛਾ ਹੈ।

25. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥25

ਇਸ ਸਲੋਕ ਦੁਆਰਾ ਇਹ ਦੱਸਿਆ ਗਿਆ ਹੈ ਕਿ ਇਸ ਦੁਨੀਆ ਦੀ ਰਚਨਾ ਇਸ ਤਰ੍ਹਾਂ ਬਣਾਈ ਗਈ ਹੈ ਕਿ ਜਿਵੇਂ ਪਾਣੀ ਵਿੱਚ ਬੁਲਬੁਲੇ ਦੀ ਰਚਨਾ ਹੈ ਭਾਵ ਕਿ ਜਿਸ ਤਰ੍ਹਾਂ ਬੁਲਬੁਲਾ ਬਣਦਾ ਹੈ ਪਾਣੀ ਵਿੱਚ ਅਤੇ ਕੁਝ ਹੀ ਛਿਣ ਵਿੱਚ ਨਸ਼ਟ ਹੋ ਜਾਂਦਾ ਹੈ ਭਾਵ ਖਤਮ ਹੋ ਜਾਂਦਾ ਹੈ ਉਸ ਪ੍ਰਕਾਰ ਹੀ ਇਹ ਸੰਸਾਰ ਦੀ ਖੇਡ ਰਚੀ ਗਈ ਹੈ ਜੋ ਕਿ ਪੈਦਾ ਹੁੰਦੀ ਰਹਿੰਦੀ ਹੈ ਅਤੇ ਨਸ਼ਟ ਵੀ ਜਲਦੀ ਹੀ ਹੋ ਜਾਂਦੀ ਹੈ।

26. ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ॥
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ॥26॥[8]

ਇਸ ਸਲੋਕ ਦੁਆਰਾ ਇਹ ਦੱਸਿਆ ਗਿਆ ਹੈ ਜੋ ਮਨੁੱਖ ਇਸ ਸੰਸਾਰ ਦੇ ਵਿਕਾਰਾਂ ਵਿੱਚ ਪਏ ਹੋਏ ਹਨ ਜੋ ਮਾਇਆ ਦੇ ਧਨ ਦੇ ਨਸ਼ੇ ਵਿੱਚ ਹੀ ਅੰਨ੍ਹੇ ਹੋਏ ਹਨ ਉਹ ਕੁਝ ਵੀ ਮਾਇਆ ਤੋਂ ਬਿਨਾਂ ਸੋਚਦੇ ਨਹੀਂ ਹਨ ਕਿ ਉਹ ਪੂਰੀ ਤਰ੍ਹਾਂ ਉਸ ਨਸ਼ੇ ਵਿੱਚ ਮਦਹੋਸ਼ ਹਨ ਅਤੇ ਉਹਨ੍ਹਾਂ ਨੂੰ ਹੋਰ ਕੁਝ ਵੀ ਨਹੀਂ ਸੁੱਝਦਾ।ਪਰ ਜਦੋਂ ਉਸ ਦਾ ਅੰਤਿਮ ਸਮਾਂ ਆਉਂਦਾ ਹੈ ਤਾਂ ਫਿਰ ਉਸ ਨੂੰ ਜਮ੍ਹਾਂ ਦਾ ਫਾਹਾ ਪੈਂਦਾ ਹੈ ਜੋ ਕਿ ਉਸ ਨੂੰ ਕਦੇ ਵੀ ਪਰਮਾਤਮਾ ਦਾ ਨਾਮ ਨਾ ਲੈ ਕੇ ਆਪਣੇ ਗਲੇ ਵਿੱਚ ਪਾ ਲੈਂਦਾ ਹੈ।

27. ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕਿ ਲੇਹ॥
ਕਹੁ ਨਾਨਕ ਸੁਨ ਰੇ ਮਨਾ ਦੁਰਲਭ ਮਾਨੁਖ ਦੇਹ॥27॥

ਇਸ ਸਲੋਕ ਦੁਆਰਾ ਗੁਰੂ ਜੀ ਇਹ ਸੰਦੇਸ਼ ਦਿੰਦੇ ਹਨ ਕਿ ਜੋ ਮਨੁੱਖ ਸਰੀਰ ਹੈ ਉਹ ਬੜਾ ਹੀ ਵਚਿੱਤਰ ਹੈ ਭਾਵ ਕਿ ਉਹ ਮਨੁੱਖੀ ਸਰੀਰ ਬੜੀ ਹੀ ਮੁਸ਼ਕਿਲ ਨਾਲ ਸਾਨੂੰ ਮਿਲਦਾ ਹੈ ਪਰ ਅਸੀਂ ਇਸ ਨੂੰ ਵੀ ਮੋਹ ਮਾਇਆ ਦੇ ਚੱਕਰਾਂ ਵਿੱਚ ਪਾ ਕੇ ਵਿਅਰਥ ਗਵਾ ਲੈਂਦੇ ਹਨ ਪਰ ਜਿਸ ਮਨੁੱਖ ਨੇ ਆਪਣੇ ਜੀਵਨ ਵਿੱਚ ਸੁਖ ਪਾਉਣਾ ਚਾਹਿਆ ਹੈ ਉਹ ਸਦਾ ਹੀ ਪ੍ਰਭੂ ਦੀ ਸ਼ਰਨ ਵਿੱਚ ਪ੍ਰਭੂ ਦੇ ਚਰਨਾਂ ਵਿੱਚ ਹੀ ਰਹਿ ਕੇ ਨਾਮ ਸਿਮਰਨ ਕਰਦਾ ਹੈ।

28. ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ॥28॥

ਇਸ ਸਲੋਕ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਅਜਿਹੇ ਲੋਕ ਵੀ ਦੁਨੀਆ ਵਿੱਚ ਹਨ ਜੋ ਕਿ ਮਾਇਆ ਦੀ ਖਾਤਰ, ਮਾਇਆ ਦੀ ਭਟਕਣਾ ਉਸ ਨੂੰ ਪ੍ਰਾਪਤ ਕਰਨ ਦੇ ਲਈ ਇਧਰ-ਉਧੱਰ ਦੌੜ ਰਹੇ ਹਨ।ਉਹ ਜੋ ਕਿ ਅਣਜਾਣ ਤੇ ਮੂਰਖ ਬਣਿਆ ਹੋਇਆ ਹੈ।ਆਪਣਾ ਸਾਰਾ ਜੀਵਨ ਉਸ ਤਰ੍ਹਾਂ ਹੀ ਗੁਜ਼ਾਰ ਦਿੰਦੇ ਹਨ ਬਿਨਾਂ ਪ੍ਰਭੂ ਦਾ ਪਰਮਾਤਮਾ ਦਾ ਨਾਮ ਜਪੇ ਬਿਨਾਂ।

29. ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨੁ॥29॥

ਇਸ ਸਲੋਕ ਦੁਆਰਾ ਇਹ ਸਿੱਖਿਆ ਦਿੱਤੀ ਗਈ ਹੈ ਕਿ ਜੋ ਵੀ ਮਨੁੱਖ ਦਿਨ ਰਾਤ ਪ੍ਰਭੂ ਦਾ ਨਾਮ ਜੱਪਦਾ ਹੈ ਭਾਵ ਕਿ ਪ੍ਰਭੂ ਦਾ ਸਿਮਰਨ ਕਰਦਾ ਹੈ।ਗੁਰੂ ਜੀ ਕਹਿੰਦੇ ਹਨ ਕਿ ਉਹ ਵੀ ਇਕ ਸੱਚਾ ਪਰਮਾਤਮਾ ਦਾ ਭਗਤ ਬਣ ਜਾਂਦਾ ਹੈ ਭਾਵ ਕਿ ਉਸ ਵਿੱਚ ਵੀ ਗੁਰੂ, ਪ੍ਰਭੂ ਵਾਲੇ ਗੁਣ ਆ ਜਾਂਦੇ ਹਨ।

30. ਮਨੁ ਮਾਇਆ ਮੈਂ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥
ਕਹੁ ਨਾਨਕ ਬਿਨੁ ਹਰਿ ਭਗਨ ਜੀਵਨ ਕਉਨੇ ਕਾਮ॥30॥[9]

ਇਸ ਸਲੋਕ ਦੁਆਰਾ ਇਹ ਦਰਸਾਇਆ ਗਿਆ ਹੈ ਕਿ ਹੇ ਮਨੁੱਖ ਤੂੰ ਮਾਇਆ ਦੇ ਵਿੱਚ ਇਸ ਤਰ੍ਹਾਂ ਫਸਿਆ ਹੋਇਆ ਹੈ ਕਿ ਤੇਰਾ ਮਨ ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਮਾਇਆਂ ਦੇ ਮੋਹ ਵਿੱਚ ਪੂਰੀ ਤਰ੍ਹਾਂ ਫਸ ਚੁੱਕਿਆ ਹੈ।ਪਰ ਇਸ ਪ੍ਰਭੂ ਸਿਮਰਨ ਤੋਂ ਬਿਨਾਂ ਤੇਰਾ ਜੀਵਨ ਵਿਅਰਥ ਹੈ।ਤੇਰਾ ਜੀਵਨ ਪ੍ਰਭੂ ਦੇ ਨਾਮ ਤੋਂ ਜਿਊਣਾ ਕਿਸੇ ਕੰਮ ਵੀ ਨਹੀਂ ਹੈ।

31. ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥31॥

ਇਸ ਸਲੋਕ ਦੁਆਰਾ ਗੁਰੂ ਜੀ ਆਖਦੇ ਹਨ ਕਿ ਹੇ ਮਨੁੱਖ ਤੂੰ ਮਾਇਆ ਦੇ ਮੋਹ ਵਿੱਚ ਪੂਰੀ ਤਰ੍ਹਾਂ ਫਸ ਚੁੱਕਿਆ ਹੈ ਤੂੰ ਮਾਇਆ ਵਿੱਚ ਅੰਨ੍ਹਾਂ ਹੋ ਚੁੱਕਿਆ ਹੈ ਤੇ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਪ੍ਰਭੂ ਦੇ ਨਾਮ ਤੋਂ ਬਿਨਾਂ ਤਾਂ ਤੈਨੂੰ ਜਮ੍ਹਾਂ ਦੀਆਂ ਫਾਹੀਆਂ ਪੈ ਜਾਣਗੀਆ ਭਾਵ ਅੰਤਿਮ ਸਮਾਂ ਉਹ ਮੁਸ਼ਕਿਲਾਂ ਦਾ ਸਾਹਮਣਾ ਕਰੇਗਾ।

32. ਸੁਖ ਮੈਂ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਈ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥32॥

ਇਸ ਸਲੋਕ ਦੁਆਰਾ ਗੁਰੂ ਜੀ ਫਰਮਾਉਂਦੇ ਹਨ ਕਿ ਹੇ ਮਨੁੱਖ ਪਰਮਾਤਮਾ ਦਾ ਭਜਨ ਕਰਿਆ ਕਰ ਭਾਵ ਕਿ ਆਪਣਾ ਵਧੇਰੇ ਸਮਾਂ ਪ੍ਰਭੂ ਸਿਮਰਨ ਵਿੱਚ ਬਿਤਾਇਆ ਕਰ ਕਿਉਂਕਿ ਜੋ ਵੀ ਉਸ ਦੇ ਸਾਥੀ, ਸੱਜਣ ਬੇਲੀ ਹਨ ਉਹ ਸਿਰਫ ਸੁਖ ਵੇਲੇ ਹੀ ਉਸ ਦੇ ਨਾਲ ਹਨ ਭਾਵ ਕਿ ਸੁੱਖ ਵੇਲੇ ਹੀ ਸਾਰੇ ਕੰਮ ਆਉਂਦੇ ਹਨ ਪਰ ਜਦੋਂ ਅਖੀਰ ਅੰਤਿਮ ਸਮਾਂ ਆ ਜਾਂਦਾ ਹੈ ਤਾਂ ਕੋਈ ਵੀ ਮਨੁੱਖ ਦੇ ਨਾਲ ਨਹੀਂ ਜਾਂਦਾ ਨਾ ਹੀ ਉਸ ਦਾ ਸਹਾਰਾ ਬਣਦਾ ਹੈ ਇਸ ਲਈ ਰੱਬ ਦਾ ਨਾਮ ਜੱਪਣਾ ਹੀ ਅੰਤਮ ਸਹਾਈ ਹੁੰਦਾ ਹੈ।

33. ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ॥
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ॥33॥[10]

ਇਸ ਸਲੋਕ ਦੁਆਰਾ ਗੁਰੂ ਜੀ ਉਚਾਰਦੇ ਹਨ ਕਿ ਹੇ ਮਨੁੱਖ ਤੂੰ ਜਨਮ ਜਨਮ ਭਟਕਦਾ ਫਿਰਦਾ ਹੈ ਭਾਵ ਤੂੰ ਵੱਖ-ਵੱਖ ਜੂਨਾਂ ਵਿੱਚ ਜਾਮੇ ਬਦਲਦਾ ਘੁੰਮਦਾ ਏ।ਤੂੰ ਪਰਮਾਤਮਾ ਦਾ ਭਜਨ ਬੰਦਗੀ ਕਰਿਆ ਕਰ ਜੋ ਕਿ ਤੇਰੇ ਕੰਮ ਆਉਣਾ ਹੈ।ਤੇ ਨਾਮ ਜਪਣ ਨਾਲ ਤੂੰ ਪ੍ਰਭੂ ਦੇ ਵਿੱਚ ਇਸ ਤਰ੍ਹਾਂ ਆਪਣੀ ਜਗ੍ਹਾਂ ਬਣਾ ਲਏਗਾ ਜਿਹੜੀ ਕਿ ਤੈਨੂੰ ਹਰ ਡਰ ਤੋਂ ਮੁਕਤ ਕਰੇਗੀ।

34. ਜਤਨ ਬਹੁਤ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨੁ॥34॥

ਇਸ ਸਲੋਕ ਵਿੱਚਲੇ ਭਾਵ ਇਹ ਦਰਸਾਉਂਦੇ ਹਨ ਕਿ ਹੇ ਮਨੁੱਖੀ ਮਨ ਜੋ ਕਿ ਅਨੇਕਾਂ ਯਤਨ ਕਰਨ ਦੇ ਬਾਅਦ ਵੀ ਜੋ ਹੰਕਾਰ ਮਨ ਵਿੱਚ ਪੈਦਾ ਹੋਇਆ ਹੈ ਉਹ ਦੂਰ ਨਹੀਂ ਹੁੰਦਾ ਭਾਵ ਕਿ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਸ ਨੂੰ ਮਨ ਚੋਂ ਕੱਢਿਆ ਨਹੀਂ ਜਾ ਰਿਹਾ ਹੈ।ਪਰ ਇਹ ਜੋ ਮਾੜੀ ਨੀਤ ਹੈ ਬੁਰੀ ਬੁੱਧੀ ਹੈ ਉਸ ਨੇ ਆਪਣੇ ਜਾਲ ਵਿੱਚ ਪੂਰੀ ਤਰ੍ਹਾਂ ਫਸਾਇਆ ਹੋਇਆ ਹੈ ਇਸ ਲਈ ਹੇ ਪ੍ਰਭੂ ! ਤੂੰ ਮੈਨੂੰ ਆਪਣੀ ਰੱਖਿਆ ਵਿੱਚ ਰੱਖ ਲੈ ਤਾਂ ਕਿ ਮੈਂ ਤੇਰਾ ਨਾਮ ਜਪ ਸਕਾ।

35. ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥
ਕਹੁ ਨਾਨਕ ਹਰੁ ਭਜਨ ਬਿਨੁ ਬਿਰਥਾ ਸਭ ਹੀ ਮਾਨੁ॥35॥

ਇਸ ਸਲੋਕ ਦੁਆਰਾ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਮਨੁੱਖ ਤੇ ਤਿੰਨ ਅਵਸਥਾਵਾਂ ਆਉਂਦੀਆਂ ਹਨ ਪਹਿਲਾਂ ਬਚਪਨ, ਫਿਰ ਜਵਾਨੀ ਅਤੇ ਅੰਤਿਮ ਵਿੱਚ ਬੁਢਾਪਾ ਆਉਂਦਾ ਹੈ ਜੋ ਇਹ ਤਿੰਨ ਅਵਸਥਾਵਾਂ ਹਨ ਜਿਸ ਵਿੱਚ ਮਨੁੱਖ ਆਪਣੀ ਜ਼ਿੰਦਗੀ ਇਨ੍ਹਾਂ ਪੜਾਵਾਂ ਵਿੱਚੋਂ ਲੰਘਦਾ ਹੋਇਆ ਗੁਜ਼ਰਦਾ ਹੈ।ਪਰ ਗੁਰੂ ਜੀ ਕਹਿੰਦੇ ਹਨ ਕਿ ਇਹ ਸਾਰੇ ਪ੍ਰਭੂ ਦੇ ਨਾਮ ਤੋਂ ਬਿਨਾਂ ਵੰਚਿਤ ਹੋਣ ਕਰਕੇ ਵਿਅਰਥ ਹਨ ਬੇਕਾਰ ਹਨ ਭਾਵ ਕਿ ਜਿਸ ਜੀਵਨ ਵਿੱਚ ਪ੍ਰਭੂ ਸਿਮਰਨ, ਭਗਤੀ, ਰੱਬ ਦਾ ਨਾਮ ਜਪਣ ਲਈ ਸਮਾਂ ਹੀ ਨਹੀਂ ਸਾਰੀਆਂ ਅਵਸਥਾਵਾਂ ਹੀ ਬੇਕਾਰ ਹਨ ।

36. ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥36॥[11]

ਇਸ ਵਿੱਚ ਗੁਰੂ ਜੀ ਆਖਦੇ ਹਨ ਕਿ ਪਰਮਾਤਮਾ ਨੇ ਤੈਨੂੰ ਕੁਝ ਕਰਨ ਦਾ ਸਮਾਂ ਦਿੱਤਾ ਸੀ ਭਾਵ ਕੋਈ ਚੰਗਾ ਕੰਮ ਕਰਨ ਦੇ ਸਮੇਂ ਨੂੰ ਤੂੰ ਆਪਣੇ ਲੋਭ, ਮੋਹ ਦੇ, ਮਾਇਆ ਵਿੱਚ ਹੀ ਪੂਰੀ ਤਰ੍ਹਾਂ ਫਸਾ ਲਿਆ ਹੈ ਭਾਵ ਉਸ ਫਾਹੇ ਦੇ ਵਿੱਚ ਫਸ ਗਿਆ ਹੈ।ਪਰ ਹੁਣ ਜਦੋਂ ਤੇਰਾ ਉਹ ਸਾਰਾ ਸਮਾਂ ਲੰਘ ਗਿਆ ਹੈ ਭਾਵ ਕਿ ਜੀਵਨ ਬਤੀਤ ਹੋ ਗਿਆ ਹੈ ਤਾਂ ਹੁਣ ਪਿਛੋਂ ਕਿਉਂ ਰੋਂਦਾ ਹੈ।

37. ਮਨੁ ਮਾਇਆ ਮੈਂ ਰਮਿ ਰਹਿਓ ਨਿਕਸਤ ਨਾਹਿਨ ਮੀਤ॥
ਨਾਨਕ ਮੂਰਤਿ ਚਿਤ੍ਰ ਜਿਉਂ ਛਾਡਿਤ ਨਾਹਿਨ ਭੀਤਿ॥37॥

ਇਸ ਸਲੋਕ ਵਿੱਚ ਇਹ ਦੱਸਿਆ ਗਿਆ ਹੈ ਕਿ ਇਨਸਾਨ ਦਾ ਮਨ ਜਦੋਂ ਮਾਇਆ ਮੋਹ ਦੇ ਜਾਲ ਵਿੱਚ ਫਸ ਜਾਂਦਾ ਹੈ ਭਾਵ ਕਿ ਪੂਰੀ ਤਰ੍ਹਾਂ ਉਸ ਵਿੱਚ ਰਚ ਜਾਂਦਾ ਹੈ ਤਾਂ ਉਹ ਕਦੇ ਵੀ ਨਹੀਂ ਨਿਕਲ ਪਾਉਂਦਾ ਹੈ ਭਾਵ ਨਿਕਲ ਹੀ ਨਹੀਂ ਸਕਦਾ ਮਾਇਆ ਨੂੰ ਛੱਡ ਨਹੀਂ ਸਕਦਾ। ਬਿਲਕੁਲ ਇਸੇ ਤਰ੍ਹਾਂ ਹੀ ਜਿਵੇਂ ਇਕ ਕੰਧ ਤੇ ਉਲੀਕਿਆ ਹੋਇਆ ਚਿੱਤਰ ਕਦੇ ਵੀ ਆਪਣੀ ਕਲਾ ਨੂੰ ਨਹੀਂ ਛੱਡ ਸਕਦਾ ਉਹ ਫਿਰ ਵੀ ਰਹਿ ਜਾਂਦਾ ਹੈ।

38. ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥38॥

ਇਸ ਸਲੋਕ ਵਿੱਚ ਇਹ ਦਰਸਾਇਆ ਗਿਆ ਹੈ ਕਿ ਜੋ ਮਨੁੱਖ ਦੀ ਸੋਚ ਹੈ ਉਹ ਕਿਵੇਂ ਅਗਾਂਹ ਦੀ ਅਗਾਂਹ ਕੁਛ ਨਾ ਕੁਛ ਸੋਚਦੀ ਰਹਿੰਦੀ ਹੈ ਕਿ ਉਹ ਕੁਝ ਹੋਰ ਕਰਨ ਦੀ ਸੋਚ ਦਾ ਰਹਿੰਦਾ ਹੈ ਪਰ ਉਸ ਨਾਲ ਹੋ ਕੁਝ ਹੋਰ ਹੀ ਜਾਂਦਾ ਹੈ ਪਰ ਉਹ ਆਪਣੇ ਮਨ ਵਿੱਚ ਕੁਝ ਹੋਰ ਚਿਤਰਦਾ ਰਹਿੰਦਾ ਹੈ ਭਾਵ ਕਿ ਠੱਗੀ ਠੋਰੀ, ਧੋਖਾ ਹੋਰਨਾਂ ਨਾਲ ਕਰਨ ਬਾਰੇ ਸੋਚਦਾ ਹੈ ਪਰ ਉਸ ਦੀ ਇਹ ਸੋਚ ਉਸ ਉੱਪਰ ਉਸ ਸਮੇਂ ਭਾਰੀ ਪੈਂਦੀ ਹੈ ਜਦੋਂ ਉਸ ਦੇ ਗਲ ਜਮ੍ਹਾਂ ਦੀ ਮੌਤ ਦੀ ਫਾਂਸੀ ਪੈ ਜਾਦੀਂ ਹੈ।

39. ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥39॥

ਇਸ ਸਲੋਕ ਵਿੱਚ ਗਰੂ ਜੀ ਫਰਮਾਉਂਦੇ ਹਨ ਕਿ ਮਨੁੱਖ ਆਪਣੇ ਸੁਖ ਦੇ ਲਈ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ ਭਾਵ ਹੋਰ ਵੀ ਬਹੁਤ ਸਾਰੇ ਯਤਨ ਕਰਦਾ ਹੈ ਸੁੱਖਾਂ ਦੀ ਪ੍ਰਾਪਤੀ ਲਈ ਪਰ ਦੁੱਖ ਉਸ ਨੂੰ ਬਿਨਾਂ ਕਿਸੇ ਅਰਦਾਸ ਦੇ ਹੀ ਮਿਲ ਜਾਂਦੇ ਹਨ । ਜੋ ਕਿ ਬਿਨਾਂ ਮੰਗਿਆ ਹੀ ਮਿਲਦੇ ਹਨ। ਪਰ ਹੋਣਾ ਤਾਂ ਉਹ ਹੀ ਹੁੰਦਾ ਹੈ ਜੋ ਪ੍ਰਭੂ ਨੂੰ ਪਰਮਾਤਮਾ ਦੇ ਮਨ ਨੂੰ ਭਾਉਂਦਾ ਹੈ।

40. ਜਗਤ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ॥40॥

ਇਸ ਸਲੋਕ ਵਿੱਚ ਦਰਸਾਇਆ ਗਿਆ ਹੈ ਕਿ ਜੋ ਸਾਰਾ ਜਗ ਹੈ ਉਹ ਸਾਰੀ ਹੀ ਇਕ ਭਿਖਾਰੀ ਦੇ ਵਾਂਗ, ਮੰਗਤਿਆਂ ਦੇ ਵਾਂਗ ਕੁਝ ਨਾ ਕੁਝ ਮੰਗਦੀ ਹੀ ਤੇ ਸਿਰਫ ਉਸ ਇਕ ਹੀ ਨਿਰੰਕਾਰ ਪਰਮਾਤਮਾ ਤੋਂ ਮੰਗਦੀ ਹੈ ਦਾਤਾਂ ਦੇਣ ਵਾਲਾ ਤੇ ਇਕ ਸਰਬ ਪਰਮਾਤਮਾ ਹੀ ਸਾਰਿਆਂ ਨੂੰ ਸਾਰਾ ਕੁਝ ਦਿੰਦਾ ਹੈ ਤੇ ਉਸ ਪਰਮਾਤਮਾ ਦਾ ਨਾਮ ਹੀ ਤੂੰ ਜਪ ਜਿਸ ਦੇ ਨਾਲ ਸਾਰੇ ਕੰਮ ਬਣ ਜਾਣਗੇ।

41. ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉਂ ਜਾਨੁ॥

ਇਨ ਮੈਂ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ॥ 41 ॥ [12]

ਇਸ ਸਲੋਕ ਦੁਆਰਾ ਇਹ ਦਰਸਾਇਆ ਗਿਆ ਹੈ ਕਿ ਹੇ ਮਨੁੱਖ ਤੂੰ ਇਸ ਜਗ ਦਾ ਮਾਨ ਕਰਦਾ ਹੈ ਜੋ ਕਿ ਇਕ ਝੂਠਾ ਹੈ ਭਾਵ ਕਿ ਜੋ ਵੀ ਇਸ ਝੂਠੇ ਜਗ ਵਿੱਚ ਆਪਣੇ ਸੁਪਨਿਆ ਵਿੱਚ ਜੋ ਵੀ ਭੋਗਿਆ ਹੈ, ਮਾਣਿਆ ਹੈ, ਦੇਖਿਆ ਹੈ ਇਹ ਸਾਰਾ ਕੁਝ ਹੀ ਝੂਠਾ ਹੈ ਇਸ ਸਾਰੇ ਜਗ ਵਿੱਚੋਂ ਕੁਝ ਵੀ ਤੇਰੇ ਨਾਲ ਨਹੀਂ ਜਾਣਾ ਹੈ ਭਾਵ ਕੋਈ ਤੇਰਾ ਆਪਣਾ ਨਹੀਂ ਹੈ ਜਿਸ ਦੇ ਉੱਪਰ ਤੂੰ ਇੰਨਾ ਮਾਣ ਕਰੀਂ ਬੈਠਾ ਏ।

42. ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ॥ 42 ॥

ਇਸ ਸਲੋਕ ਵਿੱਚ ਗੁਰੂ ਜੀ ਆਖਦੇ ਹਨ ਕਿ ਜੋ ਜਗ ਵਿੱਚ ਮੋਹ, ਮਾਇਆ ਤੋਂ ਬਿਨਾਂ ਤੂੰ ਪ੍ਰਾਣੀ ਦੇਹ ਦਾ, ਸਰੀਰ ਦਾ ਜੋ ਮਾਣ ਕਰਦਾ ਹੈ ਉਹ ਤਾਂ ਇਕ ਪਲ ਵਿੱਚ ਹੀ ਨਾਸ਼ ਹੋ ਜਾਣਾ ਹੈ। ਜਿਸ ਦਾ ਤੂੰ ਹੰਕਾਰ ਕਰਦਾ ਏ। ਪਰ ਇਸ ਜਗ ਨੂੰ ਜਿੱਤਣ ਵਾਲਾ ਮਨੁੱਖ ਸਿਰਫ ਉਹ ਹੀ ਹੈ ਜਿਸ ਨੇ ਕਿ ਆਪਣੇ ਜੀਵਨ ਵਿੱਚ ਬਿਨਾਂ ਕਿਸੇ ਹੰਕਾਰ ਮਾਣ ਤੋਂ ਪ੍ਰਭੂ ਦਾ ਨਾਮ ਜਪ ਲਿਆ ਹੈ ਭਾਵ ਕਿ ਪ੍ਰਭੂ ਦਾ ਸਿਮਰਨ ਕੀਤਾ ਹੈ ਪ੍ਰਭੂ ਦੇ ਗੁਣ ਗਾਏ ਹਨ।

43. ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥ 43 ॥

ਇਸ ਸਲੋਕ ਵਿੱਚ ਗੁਰੂ ਜੀ ਆਖਦੇ ਹਨ ਜਿਸ ਮਨੁੱਖ ਦੇ ਹਿਰਦੇ ਅੰਦਰ ਪਰਮਾਤਮਾ ਦਾ ਨਾਮ ਹੈ ਭਾਵ ਕਿ ਜੋ ਪ੍ਰਭੂ ਦਾ ਸਿਮਰਨ ਕਰਦਾ ਹੈ ਉਸ ਦੇ ਮਨ ਦੇ ਅੰਦਰ ਪਰਮਾਤਮਾ ਵਸ ਚੁੱਕਾ ਹੈ ਭਾਵ ਕਿ ਉਸ ਦੇ ਹਿਰਦੇ ਵਿੱਚ ਪਰਮਾਤਮਾ ਟਿਕਿਆ ਹੋਇਆ ਹੈ। ਜੋ ਕਿ ਉਸ ਮਨੁੱਖ ਦੀ ਭਟਕਣਾ ਤੋਂ ਦੂਰ ਰੱਖਦਾ ਹੈ। ਉਸ ਨੂੰ ਮੁਕਤ ਰੱਖਦਾ ਹੈ। ਇਸ ਲਈ ਇਹ ਗੱਲ ਸੱਚ ਕਰਕੇ ਹੀ ਜਾਣ ਕਿ ਉਹ ਖੁਦ ਹੀ ਹਰਿ ਦਾ ਇਕ ਰੂਪ ਹੈ।

44. ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥ 44 ॥

ਇਸ ਸਲੋਕ ਵਿੱਚ ਦਰਸਾਇਆ ਗਿਆ ਹੈ ਕਿ ਜਿਸ ਮਨੁੱਖ ਦੇ ਅੰਦਰ ਉਸ ਇਕ ਓਅੰਕਾਰ ਪਰਮਾਤਮਾ ਦੀ ਭਗਤੀ ਜਿਸਦੇ ਅੰਦਰ ਨਹੀਂ ਹੈ ਜਿਸ ਦੇ ਹਿਰਦੇ ਵਿੱਚ ਪ੍ਰਭੂ ਦਾ ਨਾਮ ਨਹੀਂ ਹੈ ਉਸ ਨਾਮ ਤੋਂ ਬਿਨਾਂ ਉਸ ਮਨੁੱਖ ਦਾ ਸਰੀਰ ਇਕ ਸੂਰ ਜਾਂ ਕੁੱਤੇ ਵਾਂਗ ਹੈ। ਜਿਹੜਾ ਕਿ ਕਦੀ ਵੀ ਬੰਦਗੀ ਨਹੀਂ ਕਰਦਾ ਜੋ ਕਦੀ ਵੀ ਰੱਬ ਦਾ ਨਾਮ ਨਹੀਂ ਜੱਪਦਾ।

45. ਸੁਆਮੀ ਕੋ ਗ੍ਰਿਹੁ ਜਿਉਂ ਸਦਾ ਸੁਆਨ ਤਜਤ ਨਹੀ ਨਿਤ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥ 45 ॥

ਇਸ ਸਲੋਕ ਵਿੱਚ ਇਹ ਦਰਸਾਇਆ ਗਿਆ ਹੈ ਕਿ ਹੇ ਮਨੁੱਖ ਤੂੰ ਆਪਣੇ ਪ੍ਰਭੂ ਦੀ ਬੰਦਗੀ ਇਸ ਤਰ੍ਹਾਂ ਕਰ ਜਿਸ ਤਰ੍ਹਾਂ ਕਿ ਇਕ ਚਿਤ ਹੋ ਕੇ ਇਕਾਗਰ ਮਨ ਕਰਕੇ ਆਪਣੇ ਪ੍ਰਭੂ ਦੇ ਲੜ ਲੱਗ ਜਾ ਪ੍ਰਭੂ ਦਾ ਨਾਮ ਸੱਚੇ ਮਨੋਂ ਜਪ। ਜਿਸ ਤਰ੍ਹਾਂ

ਕਿ ਇਕ ਕੁੱਤਾ ਆਪਣੇ ਮਾਲਕ ਦਾ ਘਰ ਕਦੇ ਵੀ ਨਹੀ ਛੱਡਦਾ ਤੂੰ ਵੀ ਇਸੇ ਤਰ੍ਹਾਂ ਹੀ ਬਣ ਆਪਣੇ ਮਾਲਕ ਦਾ ਦਰ ਕਦੇ ਵੀ ਚੰਗੀ ਮਾੜੀ ਅਵਸਥਾ ਵਿੱਚ ਉਸ ਨੂੰ ਨਾ ਭੁੱਲ ਤੂੰ ਪੂਰੀ ਤਰ੍ਹਾਂ ਆਪਣੇ ਆਪ ਨੂੰ ਉਸ ਸੱਚੇ ਪਰਮਾਤਮਾ ਵੱਲ ਸਮਰਪਿਤ ਕਰ।

46. ਤੀਰਥ ਬਰਤੁ ਅਰੁ ਦਾਨ ਕਰਿ ਮਨ ਮੈਂ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉਂ ਕੁੰਚਰ ਇਸਨਾਨੁ॥46॥

ਇਸ ਸਲੋਕ ਦੁਆਰਾ ਗੁਰੂ ਜੀ ਆਖਦੇ ਹਨ ਕਿ ਹੇ ਮਨੁੱਖ ਜੇ ਤੂੰ ਪ੍ਰਭੂ ਦੇ ਨਾਮ ਨੂੰ ਤੀਰਥ ਯਾਤਰਾ ਤੇ ਜਾ ਕੇ, ਵਰਤ ਰੱਖ ਕੇ, ਦਾਨ ਪੁੰਨ ਕਰਦਾ ਹੈ ਤਾਂ ਉਸ ਪੁੰਨ ਦਾਨ ਤੇ ਕਰਮਾਂ ਦਾ ਕੋਈ ਫਾਇਦਾ ਨਹੀਂ ਜਿਹੜੇ ਕਰਨ ਤੋਂ ਬਾਅਦ ਵੀ ਤੂੰ ਆਪਣੇ ਆਪ ਵਿੱਚ ਹੰਕਾਰ ਕਰਦਾ ਹੈ ਆਪਣੀ ਮੈਂ ਨੂੰ ਉਜਾਗਰ ਕਰਦਾ ਹੈ।ਇਹ ਸਾਰੇ ਹੀ ਵਿਅਰਥ ਹਨ ਜਿਸ ਤਰ੍ਹਾਂ ਇਕ ਹਾਥੀ ਇਸ਼ਨਾਨ ਕਰਨ ਤੋਂ ਬਾਅਦ ਆਪਣੇ ਉਪੱਰ ਮਿੱਟੀ ਸੁਆਹ ਪਾਉਂਦਾ ਹੈ ਤਾਂ ਉਹ ਇਸ਼ਨਾਨ ਵਿਅਰਥ ਜਾਂਦਾ ਹੈ।ਉਸੇ ਤਰ੍ਹਾਂ ਹੀ ਮਨੁੱਖ ਦਾ ਝੂਠਾ ਦਿਖਾਵਾ ਤੇ ਦਾਨ ਪੁੰਨ ਵੀ ਵਿਅਰਥ ਹੈ ਜਿਹੜਾ ਕਿ ਮਾਨ ਤੇ ਅੰਹਕਾਰ ਕਰਦਾ ਹੈ।

47. ਸਿਰ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥47॥

ਇਸ ਸਲੋਕ ਦੁਆਰਾ ਇਹ ਦੱਸਿਆ ਗਿਆ ਹੈ ਜਦੋਂ ਮਨੁੱਖ ਤੇ ਬੁਢਾਪਾ ਆ ਜਾਂਦਾ ਹੈ ਤਾਂ ਉਸ ਦੀ ਅਵਸਥਾ ਅਜਿਹੀ ਹੋ ਜਾਂਦੀ ਹੈ ਕਿ ਸਿਰ ਕੰਬਣ ਲੱਗ ਪੈਂਦਾ ਹੈ, ਤੇ ਪੈਰਾਂ ਤੇ ਭਾਰ ਨਹੀਂ ਆਉਂਦਾ ਡਗਮਗਾਉਣ ਲੱਗ ਜਾਂਦੇ ਹਨ ਅਤੇ ਅੱਖਾਂ ਵਿੱਚ ਵੀ ਰੋਸ਼ਨੀ ਨਹੀਂ ਰਹਿੰਦੀ ਹੈ ਉਹ ਵੀ ਮੱਧਮ ਪੈ ਜਾਂਦੀ ਹੈ।ਪਰ ਫਿਰ ਵੀ ਅੰਤਿਮ ਸਮਾਂ ਆਉਣ ਤੱਕ ਵੀ ਮਨੁੱਖ ਦਾ ਮਨ ਬਿਰਧ ਅਵਸਥਾ ਵਿੱਚ ਪੁੱਜ ਕੇ ਵੀ ਪੂਰੀ ਤਰ੍ਹਾਂ ਪ੍ਰਭੂ ਦੇ ਮਨ ਵਿੱਚ ਲੀਨ ਨਹੀਂ ਹੁੰਦਾ।

48. ਨਿਜ ਕਰਿ ਦੇਖਿਓ ਜਗਤੁ ਮੈਂ ਕੋ ਕਾਹੂ ਕੋ ਨਾਹਿ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਨਿ॥48॥

ਇਸ ਸਲੋਕ ਵਿੱਚ ਗੁਰੂ ਜੀ ਦਰਸਾਉਂਦੇ ਹਨ ਕਿ ਇਸ ਜਗ ਨੂੰ, ਇਸ ਦੁਨੀਆ ਨੂੰ ਆਪਣਾ ਸਮਝ ਕੇ ਆਪਣਾ ਬਨਾ ਕੇ ਹੀ ਵੇਖਿਆ ਹੈ ਪਰ ਕੋਈ ਵੀ ਇੱਥੇ ਆਪਣਾ ਨਹੀਂ ਹੈ ਜਿਸ ਨੂੰ ਆਪਣਾ ਹੀ ਰਹਿਣ ਦਈਏ।ਪਰ ਸਿਰਫ ਇਕ ਹੀ ਚੀਜ਼ ਹੈ ਜਿਹੜੀ ਕੇ ਇੱਥੇ ਸਥਿਰ ਰਹਿ ਸਕਦੀ ਹੈ ਜੋ ਕਿ ਨਾਲ ਹੀ ਰਹਿਣੀ ਹੈ।ਉਹ ਪਰਮਾਤਮਾ ਦਾ ਨਾਮ ਜਿਸ ਨੂੰ ਕੇ ਆਪਣਾ ਬਣਾ ਕੇ ਵੀ ਅਸੀਂ ਆਪਣਾ ਕਹਿ ਸਕਦੇ ਹਾਂ ਜੋ ਕਿ ਸਾਡਾ ਆਪਣਾ ਹੀ ਬਣ ਕੇ ਰਹਿੰਦਾ ਹੈ।ਜਿਸ ਦੀ ਥਾਂ ਆਪਣੇ ਮਨ ਵਿੱਚ ਹੁੰਦੀ ਹੈ।

49. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉਂ ਬਾਲੂ ਕੀ ਭੀਤਿ॥49॥

ਇਸ ਸਲੋਕ ਰਾਹੀਂ ਗੁਰੂ ਜੀ ਸੰਬੋਧਨ ਕਰਦੇ ਹਨ ਕਿ ਜੋ ਸੰਸਾਰ ਦੀ ਰਚਨਾ ਹੈ ਜੋ ਜਗ ਦੀ ਰਚਨਾ ਕੀਤੀ ਗਈ ਹੈ ਉਹ ਨਾਸ਼ਵਾਨ ਹੈ ਭਾਵ ਕਿ ਝੂਠ ਹੈ ਉਸ ਵਿੱਚ ਕੁਝ ਵੀ ਸੱਚ ਨਹੀਂ ਹੈ।ਜਿਵੇਂ ਕਿ ਇਕ ਰੇਤ ਦੀ ਕੰਧ ਜਿਹੜੀ ਕਿ ਬਹੁਤਾ ਸਮਾਂ ਟਿਕ ਨਹੀਂ ਸਕਦੀ ਉਸੇ ਤਰ੍ਹਾਂ ਹੀ ਇਹ ਦੁਨੀਆ ਦੀ ਰਚਨਾ ਹੈ ਜਿਹੜੀ ਕਿ ਬਹੁਤਾ ਸਮਾਂ ਕਾਇਮ ਰਹਿਣ ਵਾਲੀ ਨਹੀਂ ਹੈ ਭਾਵ ਕਿ ਨਾਸ਼ਵਾਨ ਹੈ।

50. ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀਂ ਸੁਪਨੇ ਜਿਉਂ ਸੰਸਾਰੁ॥50॥

ਇਸ ਸਲੋਕ ਦੁਆਰਾ ਗੁਰੂ ਜੀ ਸੰਬੋਧਨ ਕਰਦੇ ਹਨ ਕਿ ਇਸ ਦੁਨੀਆ ਤੇ ਮੌਤ ਹੀ ਅਜਿਹੀ ਹੈ ਜਿਹੜੀ ਕਿ ਕਿਸੇ ਨੂੰ ਵੀ ਆ ਸਕਦੀ ਹੈ ਚਾਹੇ ਉਹ ਅਮੀਰ ਹੈ, ਗਰੀਬ ਹੈ ਜਾਂ ਕੋਈ ਪਵਿੱਤਰ ਹੈ ਜਾਂ ਪਾਪੀ ਹੈ ਇਹ ਸਾਰਿਆਂ ਲਈ ਇਕ ਹੀ ਹੈ ਚਾਹੇ ਉਹ ਪਵਿੱਤਰ ਅਵਤਾਰੀ ਸ਼੍ਰੀ ਰਾਮ ਹੋਵੇ ਚਾਹੇ ਪਾਪੀ ਰਾਵਣ, ਇਹ ਸਾਰਿਆਂ ਨੂੰ ਹੀ ਲੈ ਜਾਂਦੀ ਹੈ।ਤੇ ਇਹ ਸੰਸਾਰ ਇਕ ਸੁਪਨੇ ਵਾਂਗ ਹੀ ਰਹਿ ਜਾਂਦਾ ਹੈ ਜੋ ਮੌਤ ਸਮੇਂ ਜਾਗ ਖੋਲਦਾ ਹੈ।

51. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥51॥

ਇਸ ਸਲੋਕ ਦੁਆਰਾ ਗੁਰੂ ਜੀ ਸੰਬੋਧਨ ਰਕਦੇ ਹਨ ਕਿ ਹੇ ਮਨੁੱਖ ਚਿੰਤਾ ਸਿਰਫ ਉਸ ਚੀਜ਼ ਦੀ ਹੀ ਕਰਨੀ ਚਾਹੀਦੀ ਹੈ ਜੋ ਕਿ ਸਿਰਫ ਇਕੱਲੀ ਤੇਰੇ ਨਾਲ ਹੀ ਵਾਪਰਨ ਵਾਲੀ ਹੋਵੇ।ਉਸ ਦੀ ਨਹੀਂ ਕਰਨੀ ਚਾਹੀਦੀ ਜੋ ਸਾਰੇ ਸੰਸਾਰ ਨਾਲ ਭਾਵ ਅਣਹੋਣੀ ਜਿਹੜੀ ਕਿ ਕਿਸੇ ਨਾਲ ਵੀ ਵਾਪਰ ਸਕਦੀ ਹੈ।ਜਗਤ ਦੀ ਇਹ ਹੀ ਰੀਤ ਹੈ ਕਿ ਜੋ ਜੀਵ ਇਸ ਧਰਤੀ ਤੇ ਹੈ ਉਹ ਅਮਰ ਨਹੀਂ ਹੈ ਭਾਵ ਉਹ ਕਾਇਮ ਰਹਿਣ ਵਾਲਾ ਨਹੀਂ ਹੈ ਇਕ ਨਾ ਇਕ ਦਿਨ ਉਹ ਨਸ਼ਟ ਹੋਣਾ ਜੀ ਹੈ।

52. ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥52॥[13]

ਇਸ ਸਲੋਕ ਦੁਆਰਾ ਗੁਰੂ ਜੀ ਸੰਦੇਸ਼ ਦਿੰਦੇ ਹਨ ਕਿ ਹੇ ਮਨੁੱਖ! ਇਸ ਧਰਤੀ ਤੇ ਜੋ ਵੀ ਪੈਦਾ ਹੋਇਆ ਹੈ ਉਹ ਇਕ ਨਾ ਇਕ ਦਿਨ ਨਸ਼ਟ ਹੋਣਾ ਹੀ ਹੈ ਭਾਵ ਕਿ ਖਤਮ ਹੋਣਾ ਹੀ ਹੈ ਚਾਹੇ ਅੱਜ ਹੋਵੇ, ਕੱ੍ਲ ਹੋਵੇ ਜਾਂ ਪਰਸੋਂ ਕਦੇ ਵੀ ਕਿਸੇ ਸਮੇਂ ਉਹ ਖਤਮ ਹੋ ਸਕਦਾ ਹੈ।ਇਸ ਲਈ ਇਸ ਦੁਨੀਆ ਦੇ ਸਾਰੇ ਜ਼ੰਜਾਲਾਂ ਤੋਂ ਵਿਕਾਰਾਂ ਨੂੰ ਛੱਡ ਕੇ ਪ੍ਰਭੂ ਦਾ ਨਾਮ ਜਪ ਲੈ ਭਾਵ ਪਰਮਾਤਮਾ ਦਾ ਗੁਣ ਗਾਇਨ ਕਰ ਜੋ ਕਿ ਸਹਾਈ ਹੋਣਾ ਹੈ।

53. ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉਂ ਹੋਹੁ ਸਹਾਇ॥53॥

ਇਸ ਸਲੋਕ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਜਦੋਂ ਪਰਮਾਤਮਾ ਦੇ ਨਾਮ ਤੋਂ ਵਿੱਚੜ ਕੇ ਅਲੱਗ ਹੋ ਕੇ ਜੋ ਵੀ ਫਾਹੀਆ ਪੈਂਦੀਆ ਹਨ ਤਾਂ ਉਹਨਾਂ ਨੂੰ ਛੁਡਵਾਉਣ ਦੇ ਲਈ ਵੀ ਸਰੀਰ ਵਿੱਚ ਤਾਕਤ ਨਹੀਂ ਰਹਿੰਦੀ ਹੈ।ਤਾਂ ਸਿਰਫ ਇਕ

ਪਰਮਾਤਮਾ ਦਾ ਨਾਮ ਹੀ ਸਹਾਈ ਹੁੰਦਾ ਹੈ ਜੋ ਕਿ ਇਸ ਤੋਂ ਬਚਾਅ ਸਕਦਾ ਹੈ।ਜਿਵੇਂ ਕਿ ਇਕ ਅਰਦਾਸ ਤੇ ਹਾਥੀ ਨੂੰ ਤੰਦੂਏ ਤੋਂ ਪ੍ਰਭੂ ਜੀ ਨੇ ਛੁਡਾਇਆ ਸੀ।

54. ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥54॥

ਇਸ ਸਲੋਕ ਵਿੱਚ ਦਰਸਾਇਆ ਗਿਆ ਹੈ ਕਿ ਜਦੋਂ ਮਨੁੱਖ ਦੇ ਅੰਦਰ ਸ਼ਕਤੀ ਆਉਂਦੀ ਹੈ ਭਾਵ ਕਿਸੇ ਵੀ ਮਾਇਆ ਜਾ ਵਿਕਾਰ ਦਾ ਟਾਕਰਾ ਕਰਨ ਲਈ ਸਰੀਰ ਅੰਦਰ ਬਲ ਤਾਕਤ ਪੂਰੀ ਹੋ ਜਾਂਦੀ ਹੈ ਉਹ ਸਿਰਫ ਪ੍ਰਭੂ ਦਾ ਪਰਮਾਤਮਾ ਦਾ ਆਸਰਾ ਲੈਣ ਤੇ ਹੀ ਸੰਭਵ ਹੈ ਜਦੋਂ ਪ੍ਰਭੂ ਦਾ ਸਿਮਰਨ ਧਾਰ ਲਿਆ ਜਾਂਦਾ ਹੈ ਤਾਂ ਤਾਕਤ ਆਪਣੇ ਆਪ ਹੀ ਆ ਜਾਂਦੀ ਹੈ।ਇਸ ਲਈ ਇਹ ਸਤਿਗੁਰੂ ਸਭ ਕੁਛ ਤੇਰੇ ਹੱਥ ਹੀ ਹੈ ਤੇ ਸਾਰਾ ਕੁਝ ਕਰਨ ਵਾਲਾ ਵੀ ਤੂੰ ਹੀ ਹੈ ਜੋ ਕਿ ਸਹਾਈ ਹੁੰਦਾ ਹੈ।

55. ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈਂ ਟੇਕ ਏਕ ਰਘੁਨਾਥ॥55॥

ਇਸ ਸਲੋਕ ਦੁਆਰਾ ਗੁਰੂ ਜੀ ਸੰਬੋਧਿਤ ਕਰਦੇ ਹਨ ਕਿ ਜੋ ਕਿ ਵੀ ਮਨੁੱਖ ਦੇ ਨਾਲ ਉਸ ਦੇ ਸਾਰੇ ਸੱਜਣ, ਮਿੱਤਰ ਹਨ ਉਹ ਸਾਰੇ ਹੀ ਇਕ ਦਿਨ ਉਸ ਨੂੰ ਛੱਡ ਕੇ ਚਲੇ ਜਾਂਦੇ ਹਨ ਭਾਵ ਸੁਖ ਵੇਲੇ ਸਾਰੇ ਹੀ ਨਾਲ ਹੁੰਦੇ ਹਨ ਪਰ ਜਦੋਂ ਵੀ ਕੋਈ ਦੁੱਖ ਆਉਂਦਾ ਹੈ ਭਾਵ ਕੋਈ ਬਿਪਤਾ ਪੈਂਦੀ ਹੈ ਤਾਂ ਕੋਈ ਵੀ ਸਾਥ ਨਹੀਂ ਨਿਭਾਉਂਦਾ ਭਾਵ ਕਿ ਸਾਰੇ ਛੱਡ ਕੇ ਚਲੇ ਜਾਂਦੇ ਹਨ ਸਿਰਫ ਪ੍ਰਭੂ ਦਾ ਨਾਮ ਹੀ ਕੰਮ ਆਉਂਦਾ ਹੈ ਇਕ ਪ੍ਰਭੂ ਹੀ ਸਾਥ ਦਿੰਦਾ ਹੈ ਇਸ ਲਈ ਪ੍ਰਭੂ ਦਾ ਸਿਮਰਨ ਕਰਨਾ ਹੀ ਜ਼ਰੂਰੀ ਹੈ।

56. ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹੁ ਜਗਤ ਮੈਂ ਕਿਨ ਜਪਿਓ ਗੁਰ ਮੰਤੁ॥56॥

ਇਸ ਸਲੋਕ ਵਿੱਚ ਗੁਰੂ ਜੀ ਉਚਾਰਦੇ ਹਨ ਕਿ ਜਿਸ ਨੇ ਵੀ ਪ੍ਰਭੂ ਦਾ ਨਾਮ ਜਪਿਆ, ਜਿਸ ਨੇ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਵਸਾਇਆ ਹੈ ਸਿਰਫ ਉਸ ਦੇ ਨਾਮ ਹੀ ਪ੍ਰਭੂ ਰਹਿੰਦਾ ਹੈ ਸਹਾਈ ਹੁੰਦਾ ਹੈ।ਜੋ ਕਿ ਪ੍ਰਾਨੀ ਦੇ ਨਾਲ ਨਿਭਣ ਵਾਲਾ ਹੈ ਤੇ ਪਰਮਾਤਮਾ ਉਸ ਦੇ ਨਾਲ ਸਿਰਫ ਉਸ ਦੇ ਹਿਰਦੇ ਵਿੱਚ ਹੋਣ ਕਰਕੇ ਹੀ ਨਾਲ ਰਹਿੰਦਾ ਹੈ।ਭਾਵ ਇਸ ਜਗਤ ਵਿੱਚ ਜਿਸ ਨੇ ਰੱਬ ਨੂੰ ਯਾਦ ਕੀਤਾ ਹੈ ਤੇ ਉਸ ਦੇ ਨਾਲ ਹੀ ਪ੍ਰਭੂ ਸਹਾਈ ਹੋਇਆ ਹੈ।

57. ਰਾਮੁ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥57॥[14]

ਇਸ ਸਲੋਕ ਵਿੱਚ ਗੁਰੂ ਜੀ ਦੱਸਦੇ ਹਨ ਕਿ ਜਿਸ ਨੇ ਆਪਣੇ ਹਿਰਦੇ ਦੇ ਅੰਦਰ ਪ੍ਰਭੂ ਦਾ ਨਾਮ ਵਸਾ ਲਿਆ ਹੈ ਭਾਵ ਜਿਸ ਨਾਮ ਦੇ ਬਰਾਬਰ ਦੁਨੀਆ ਵਿੱਚ ਕੋਈ ਚੀਜ਼ ਵੀ ਨਹੀਂ ਹੈ।ਜਿਸ ਨੂੰ ਜਪਣ ਤੇ ਸਿਮਰਨ ਕਰਨ ਤੇ ਸਾਰੇ ਸੰਕਟ

ਦੁਖ, ਤਕਲੀਫਾਂ ਦੂਰ ਹੋ ਜਾਂਦੀਆਂ ਹਨ ਅਤੇ ਤੇਰੇ ਦਰਸ਼ਨ ਹੋ ਸਕਦੇ ਹਨ ਭਾਵ ਸੱਚੇ ਪਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ।

**ਸ਼ਬਦ ਰਚਨਾ - 59**

**ਰਾਗ ਗਉੜੀ -9**

1. ਸਾਧੋ ਮਨ ਕਾ ਮਾਨੁ ਤਿਆਗਉ॥ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥1॥ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥1॥ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮਖਿ ਜਾਨਾ॥[15]

ਇਸ ਸ਼ਬਦ ਰਾਹੀ ਗੁਰੂ ਜੀ ਇਹ ਸਿੱਖਿਆ ਦਿੰਦੇ ਹਨ ਕਿ ਹੇ ਮਨੁੱਖ! ਆਪਨੇ ਮਨ ਦਾ ਅਹੰਕਾਰ ਛੱਡ ਦੇ ਭਾਵ ਕਿ ਜੋ ਵੀ ਤੈਨੂੰ ਆਪਨੇ ਤੇ ਮਾਨ ਹੈ ਹੰਕਾਰ ਹੈ ਉਸ ਨੂੰ ਤਿਆਗ ਦੇ ਅਤੇ ਜੋ ਕਾਮ ਕ੍ਰੋਧ ਦੀ ਭੈੜੀ ਸੰਗਤ ਭਾਵ ਬੁਰੀ ਸੰਗਤ ਤੋਂ ਦਿਨ ਰਾਤ ਦੂਰ ਰਹਿ ਪਰੇ ਰਹਿ। ਇਸ ਸ਼ਬਦ ਦਾ ਭਾਵ ਹੈ ਕਿ ਜਿਸ ਵਿਅਕਤੀ ਨੇ ਸੁੱਖ ਅਤੇ ਦੁੱਖ ਦੋਨਾਂ ਨੂੰ ਹੀ ਇੱਕ ਸਮਾਨ ਸਮਝਿਆ ਹੈ ਭਾਵ ਕਿ ਜਿਹੜਾ ਦੋਨਾਂ ਨੂੰ ਹੀ ਇਕ ਬਰਾਬਰ ਮੰਨਦਾ ਹੈ।ਜੋ ਆਦਰ ਤੇ ਨਿਰਾਦਰ ਤੇ ਵੀ ਖੁਸ਼ ਰਹਿੰਦਾ ਹੈ ਅਤੇ ਜਿਹੜਾ ਖੁਸ਼ੀ ਵੇਲੇ ਘਬਰਾਉਂਦਾ ਨਹੀਂ ਹੈ ਉਸ ਨੇ ਹੀ ਜਗਤ ਦਾ ਭੇਦ ਪਾ ਲਿਆ ਹੈ।ਇਸ ਦਾ ਭਾਵ ਹੈ ਕਿ ਜਿਸ ਵਿਅਕਤੀ ਨੇ ਮਨੁੱਖ ਨੇ ਅਜਿਹੀ ਥਾਂ ਲੱਭ ਲਈ ਹੈ ਜੋ ਕਿ ਅਸਲੀਅਤ ਹੈ ਜਿਹੜਾ ਕਿ ਨਾ ਹੀ ਕਿਸੇ ਦੀ ਨਿੰਦਿਆ ਕਰਦਾ ਹੈ ਅਤੇ ਨਾ ਖੁਸ਼ਾਮਦ ਕਰਦਾ ਹੈ।ਉਹ ਹਮੇਸ਼ਾ ਹੀ ਇਕ ਅਜਿਹੀ ਅਵਸਥਾ ਦੀ ਭਾਲ ਸਦਾ ਕਰਦਾ ਹੈ ਜਿੱਥੇ ਕਿ ਕੋਈ ਵੀ ਬੁਰੀ ਚੀਜ਼ ਉਸ ਦੇ ਮਨ ਨੂੰ ਪੋਹ ਨਹੀਂ ਸਕਦੀ। ਇਸ ਜੀਵਨ ਦੀ ਖੇਡ ਕਠਿਨ ਹੈ ਜੋ ਕਿ ਕੋਈ ਵਿਰਲਾ ਮਨੁੱਖ ਹੀ ਗੁਰੂ ਜੀ ਦੀ ਸ਼ਰਨ ਵਿੱਚ ਪੈ ਕੇ ਹੀ ਇਸ ਨੂੰ ਸਮਝਦਾ ਹੈ।

2. ਸਾਧੋ ਰਚਨਾ ਰਾਮ ਬਨਾਈ॥ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥1॥ਰਹਾਉ॥ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥[16]

ਇਸ ਸ਼ਬਦ ਰਾਹੀਂ ਗੁਰੂ ਜੀ ਇਹ ਉਪਦੇਸ਼ ਦਿੰਦੇ ਹਨ ਕਿ ਜਿਸ ਵਿੱਚ ਕਿ ਪਰਮਾਤਮਾ ਨੇ ਇਸ ਸਾਰੇ ਜਗਤ ਦੀ ਰਚਨਾ ਕੀਤੀ ਹੈ ਅਤੇ ਇੱਕ ਮਨੁੱਖ ਜਦੋਂ ਮਰ ਜਾਂਦਾ ਹੈ ਤਾਂ ਕਿਸੇ ਹੋਰ ਦੂਸਰੇ ਵਿਅਕਤੀ ਨੂੰ ਇਹ ਜਾਪਦਾ ਹੈ ਕਿ ਜਿਵੇਂ ਉਸ ਨੂੰ ਇਸ ਦੁਨੀਆ ਵਿੱਚ ਹੀ ਟਿਕੇ ਰਹਿਣਾ ਹੈ ਭਾਵ ਕਿ ਉਸ ਨੇ ਕਦੇ ਮਰਨਾ ਨਹੀਂ ਹੈ ਇਸ ਤਰ੍ਹਾਂ ਇਹ ਇਕ ਅਜਿਹਾ ਤਮਾਸ਼ਾ ਹੈ ਜੋ ਕਿ ਕਦੇ ਬਿਆਨ ਨਹੀਂ ਕੀਤਾ ਜਾ ਸਕਦਾ।ਮਨੁੱਖ ਕਾਮ ਕਰੋਧ ਦੇ ਮੋਹ ਵਿੱਚ ਕਾਬੂ ਆਇਆ ਰਹਿੰਦਾ ਹੈ ਤੇ ਪਰਮਾਤਮਾ ਦੀ ਹਸਤੀ ਨੂੰ ਇਸ ਕਾਮ ਕਰੋਧ ਤੇ ਬੁਰੇ ਕੰਮਾਂ ਵਿੱਚ ਪੈ ਕੇ ਭੁਲਾ ਦਿੰਦਾ ਹੈ ਪਰ ਇਹ ਸਰੀਰ ਮਨੁੱਖ ਦੇ ਨਾਲ ਸਦਾ ਰਹਿਣ ਵਾਲਾ ਨਹੀਂ ਹੈ ਪਰ ਮਨੁੱਖ ਇਸ ਨੂੰ ਸਦਾ ਹੀ ਆਪਨੇ ਨਾਲ ਰਹਿਣ ਵਾਲਾ ਸਮਝਦਾ ਹੈ ਜਿਵੇਂ ਕਿ

ਰਾਤ ਵੇਲੇ ਜਿਹੜਾ ਸੁਪਨਾ ਆਉਂਦਾ ਹੈ ਮਨੁੱਖ ਉਸ ਨੂੰ ਆਪਣੀ ਨੀਂਦ ਦੀ ਹਾਲਤ ਵਿੱਚ ਵੀ ਇਕ ਅਸਲੀ ਵਾਪਰਨ ਵਾਲੀ ਘਟਨਾ ਮੰਨ ਲੈਂਦਾ ਹੈ।ਇਸ ਸ਼ਬਦ ਰਾਹੀਂ ਇਹ ਦੱਸਿਆ ਗਿਆ ਹੈ ਜਿਵੇਂ ਕਿ ਬਦੱਲ ਦੀ ਛਾਂ ਕਦੀ ਵੀ ਇਕੋ ਜਿਹੀ ਟਿਕੀ ਨਹੀਂ ਰਹਿੰਦੀ ਉਸੇ ਤਰ੍ਹਾਂ ਹੀ ਇਹ ਜਗਤ ਹੈ ਜੋ ਕੁਝ ਵੀ ਏਥੇ ਦਿਸ ਰਿਹਾ ਹੈ ਇਹ ਸਾਰਾ ਕੁਝ ਹੀ ਨਾਸ਼ ਹੋਣ ਵਾਲਾ ਹੈ ਤੇ ਹੋ ਜਾਂਦਾ ਹੈ।ਜਿਸ ਨੇ ਇਸ ਨਾਸ਼ਮਾਨ ਦੁਨੀਆ ਨੂੰ ਸਮਝ ਲਿਆ ਹੈ ਉਹ ਸਦਾ ਹੀ ਪਰਮਾਤਮਾ ਦੀ ਸ਼ਰਨ ਪਿਆ ਰਹਿੰਦਾ ਹੈ।

3. ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥1॥ਰਹਾਉ॥ਪੂਤ ਮੀਤ ਮਾਇਆ ਮਮਤਾ ਸਿਉ ਇਹਿ ਬਿਧ ਆਪੁ ਬੰਧਾਵੈ॥ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠ ਧਾਵੈ॥1॥ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ॥ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ॥2॥3॥

ਇਸ ਸ਼ਬਦ ਰਾਹੀਂ ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਜਿਸ ਮਨੁੱਖ ਪ੍ਰਾਣੀ ਨੂੰ ਪ੍ਰਭੂ ਦਾ ਨਾਮ ਸਿਮਰਨ ਆਪਣੇ ਹਿਰਦੇ ਵਿੱਚ ਮਨ ਵਿੱਚ ਵਸਾਉਣਾ ਨਹੀਂ ਆਉਦਾ ਹੈ ਜੋ ਕਿ ਦਿਨ ਰਾਤ ਮੋਹ ਮਾਇਆ, ਧਨ ਦੇ ਵਿੱਚ ਹੀ ਮਸਤ ਰਹਿੰਦਾ ਹੈ ਉਹ ਕਿਸ ਤਰ੍ਹਾਂ ਪ੍ਰਭੂ ਦੇ ਗੁਣ ਗਾਣ ਗਾ ਸਕਦਾ ਹੈ ਭਾਵ ਕਿ ਉਹ ਪ੍ਰਭੂ ਦਾ ਨਾਮ ਕਿਵੇਂ ਜਪ ਸਕਦਾ ਹੈ।ਇਸ ਸ਼ਬਦ ਰਾਹੀਂ ਇਹ ਦਰਸਾਇਆ ਗਿਆ ਹੈ ਜੋ ਮਨੁੱਖ ਸੰਸਾਰ ਵਿੱਚ ਮੋਹ ਮਾਇਆ ਦੇ ਵਿੱਚ ਮਸਤ ਰਹਿੰਦਾ ਹੈ ਜੋ ਕਿ ਆਪਣੇ ਮਿੱਤਰ ਪੁੱਤਰ ਦੇ ਨਾਲ ਪੂਰੀ ਤਰ੍ਹਾਂ ਬੱਝਿਆ ਹੋਇਆ ਹੈ।ਜਿਸ ਤਰ੍ਹਾਂ ਕਿ ਇਹ ਜਗਤ ਠਗ ਠਗੀਰਨੇ ਵਾਂਗ ਹਿਰਨ ਆਪਣੀ ਪਿਆਸ ਬੁਝਾਉਣ ਲਈ ਇੱਧਰ ਉੱਧਰ ਦੌੜਦਾ ਹੈ ਅਤੇ ਵਿੱਚ ਭਟਕ ਕੇ ਮਰਦਾ ਹੈ। ਉਸੇ ਤਰ੍ਹਾਂ ਹੀ ਅੱਜ ਦਾ ਮਨੁੱਖ ਵੀ ਇਸੇ ਤਰ੍ਹਾਂ ਹੀ ਭਟਕਦਾ ਫਿਰਦਾ ਹੈ ਅੰਤ ਵਿੱਚ ਸਹੇੜਦਾ ਹੈ।ਇਸ ਸ਼ਬਦ ਰਾਹੀਂ ਇਹ ਦਰਸਾਇਆ ਜਾਂਦਾ ਹੈ ਮੂਰਖ ਮਨੁੱਖ ਜੋ ਕਿ ਉਸ ਪ੍ਰਭੂ ਨੂੰ ਭੁਲਾਈ ਰੱਖਦਾ ਹੈ ਜਿਸ ਨੇ ਕਿ ਸਾਰੀ ਦੁਨੀਆ ਤੇ ਭੋਗਾਂ ਤੇ ਸੁੱਖਾਂ ਦਾ ਵੀ ਮਾਲਕ ਹੈ ਜਿਸ ਨੇ ਇਹ ਸ੍ਰਿਸ਼ਟੀ ਸਾਜੀ ਹੈ ਪਰ ਕੋਈ ਇਕ ਵਿਰਲਾ ਮਨੁੱਖ ਹੀ ਹੈ ਜਿਸ ਨੇ ਪ੍ਰਭੂ ਦਾ ਨਾਮ ਸਿਮਰਨ ਜਪ ਕੇ ਪ੍ਰਭੂ ਦੀ ਭਗਤੀ ਕੀਤੀ ਹੈ ਤੇ ਉਸ ਪਰਮਾਤਮਾ ਨੂੰ ਹਰ ਸਮੇਂ ਯਾਦ ਕੀਤਾ ਹੈ।

4. ਸਾਧੋ ਇਹੁ ਮਨੁ ਗਹਿਓ ਨ ਜਾਈ॥ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥1॥ਰਹਾਉ॥ ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥1॥ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ॥ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥2॥4॥

ਇਸ ਸ਼ਬਦ ਰਾਹੀਂ ਗੁਰੂ ਜੀ ਨੇ ਇਹ ਦੱਸਿਆ ਗਿਆ ਹੈ ਕਿ ਜੋ ਮਨ ਹੈ ਉਸ ਨੂੰ ਵੱਸ ਵਿੱਚ ਨਹੀਂ ਕੀਤਾ ਜਾ ਸਕਦਾ ਕਿਉ ਕਿ ਇਹ ਮਨ ਅਨੇਕਾਂ ਹਾਵ ਭਾਵ ਕਰਨ ਵਾਲੀ ਤ੍ਰਿਸ਼ਨਾ ਦੇ ਨਾਲ ਹੀ ਵੱਸਦਾ ਰਹਿੰਦਾ ਹੈ ਇਸ ਲਈ ਇਹ ਮਨ ਕਦੇ ਵੀ ਕਿਤੇ ਵੀ ਟਿਕ ਨਹੀਂ ਸਕਦਾ ਤੇ ਨਾ ਹੀ ਟਿਕ ਕੇ ਰਹਿ ਸਕਦਾ ਹੈ।ਇਸ ਸ਼ਬਦ ਰਾਹੀਂ ਇਹ ਦਰਸਾਇਆ ਗਿਆ ਹੈ ਇਹ ਜੋ ਕ੍ਰੋਧ ਹੈ ਗੁੱਸਾ ਹੈ ਇਹ ਵੀ ਮਨ ਦੇ ਅੰਦਰ ਹੀ ਵਸਦੇ ਹਨ ਜਿਸ ਨੇ ਸਾਰੀ ਹੋਸ਼ ਭੁਲਾ ਦਿਤੀ ਹੈ। ਅਤੇ ਹਰੇਕ ਮਨੁੱਖ ਦਾ ਸ੍ਰੇਸ਼ਟ ਮਨ ਚੁਰਾ ਲਿਆ ਹੈ, ਉਸ ਨਾਲ ਕਿਸੇ ਦੇ ਮਨ ਦੀ ਕੋਈ ਪੇਸ਼ ਨਹੀ ਜਾਂਦੀ ਹੈ।ਇਸ

ਸ਼ਬਦ ਰਾਹੀਂ ਇਹ ਦੱਸਿਆ ਗਿਆ ਹੈ ਕਿ ਜਿੰਨੇ ਵੀ ਇਸ ਦੁਨੀਆ ਤੇ ਜੋਗੀ ਸਾਧ ਹੋਏ ਹਨ ਉਹਨਾਂ ਸਾਰਿਆਂ ਨੇ ਇਸ ਮਨ ਨੂੰ ਕਾਬੂ ਕਰਨ ਦੇ ਯਤਨ ਕੀਤੇ ਹਨ ਤੇ ਵੱਡੇ ਵੱਡੇ ਵਿਦਵਾਨਾਂ ਨੇ ਵੀ ਇਸ ਮਨ ਤੇ ਆਪਣੀ ਵਿੱਦਿਆ ਨਾਲ ਇਸ ਨੂੰ ਵਸ ਵਿੱਚ ਕਰਨ ਲਈ ਅਸੱਮਰਥ ਰਹੇ ਹਨ।ਪਰ ਕਿਸੇ ਤੋਂ ਵੀ ਇਹ ਮਨ ਕਾਬੂ ਵਿੱਚ ਨਹੀਂ ਆਇਆ ਹੈ।ਪਰ ਜਦੋਂ ਪ੍ਰਭੂ ਜੀ ਇਸ ਮਨ ਤੇ ਦਇਆਲ ਹੁੰਦੇ ਹਨ ਤਾਂ ਇਸ ਨੂੰ ਕਾਬੂ ਕਰਨ ਵਿੱਚ ਸਾਰੇ ਢੋ ਮੇਲੇ ਲੱਗ ਜਾਂਦੇ ਹਨ।

5. ਸਾਧੋ ਗੋਬਿੰਦ ਕੇ ਗੁਨ ਗਾਵਉ॥ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ॥1॥ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥1॥ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮਖਿ ਹੋਇ ਤੁਮ ਪਾਵਉ॥2॥5॥

ਇਸ ਸ਼ਬਦ ਰਾਹੀਂ ਗੁਰੂ ਤੇਗ ਬਹਾਦਰ ਜੀ ਇਹ ਆਖਦੇ ਹਨ ਕਿ ਜੋ ਮਨੁੱਖ ਦਾ ਜਨਮ ਹੈ ਜੀਵਨ ਹੈ ਇਹ ਬਹੁਤ ਕੀਮਤੀ ਹੈ ਭਾਵ ਕਿ ਬੇਕਾਰ ਵਿਅਰਥ ਰੂਪ ਵਿੱਚ ਨਾ ਗਵਾਉ। ਇਸ ਲਈ ਪ੍ਰਭੂ ਦੇ ਪਰਮਾਤਮਾ ਦੇ ਗੁਨ ਗਾਇਆ ਕਰੋ ਭਾਵ ਕਿ ਪਰਮਾਤਮਾ ਉਹਨਾਂ ਬੰਦਿਆਂ ਨੂੰ ਲੋਕਾਂ ਨੂੰ ਵੀ ਪਵਿੱਤਰ ਕਰਦਾ ਹੈ ਜਿਹੜੇ ਨੇ ਕਿ ਪੂਰੀ ਤਰ੍ਹਾਂ ਵਿਕਾਰ ਵਿੱਚ ਪਏ ਹੋਏ ਹਨ ਭਾਵ ਕਿ ਮਾੜੇ ਕਰਮਾਂ ਵਿੱਚ ਪਏ ਹੋਏ ਹਨ।ਉਹ ਸਾਰੇ ਗਰੀਬਾਂ ਦਾ ਸਹਾਈ ਹੈ ਇਸ ਲਈ ਤੁਸੀਂ ਵੀ ਉਹਨਾਂ ਸਾਰੇ ਪ੍ਰਭੂ ਭਗਤੀ ਦੇ ਵਿੱਚ ਪੈ ਕੇ ਪਰਮਾਤਮਾ ਦੀ ਸ਼ਰਨ ਵਿੱਚ ਪਵੋ।ਜਿਸ ਦਾ ਸਿਮਰਨ ਕਰ ਕੇ ਹਾਥੀ ਦਾ ਡਰ ਮਿਟ ਗਿਆ ਸੀ ਇਸ ਲਈ ਤੁਸੀਂ ਕਿਉਂ ਉਸ ਪ੍ਰਭੂ ਨੂੰ ਭੁਲਾ ਰਹੇ ਹੋ।ਇਸ ਦੁਆਰਾ ਇਹ ਦਰਸਾਇਆ ਗਿਆ ਹੈ ਕਿ ਆਪਨੇ ਮਨ ਦਾ ਹੰਕਾਰ ਦੂਰ ਕਰਕੇ ਅਤੇ ਮੋਹ ਮਾਇਆ ਨੂੰ ਦੂਰ ਕਰਕੇ ਆਪਣਾ ਚਿੱਤ ਪ੍ਰਭੂ ਦੇ ਭਜਨ ਵਿੱਚ ਜੋੜੀ ਰੱਖੋ ਭਾਵ ਕਿ ਗੁਰੂ ਜੀ ਦੇ ਸ਼ਰਨ ਵਿੱਚ ਪੈ ਕੇ ਹੀ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਹੈ ਕਿ ਗੁਰੂ ਚਰਨਾਂ ਦੇ ਵਿੱਚ ਪੈ ਕੇ ਇਸ ਮੁਕਤੀ ਦਾ ਮਾਰਗ ਲੱਭ ਲਿਆ ਜਾ ਸਕੇ।

6. ਕੋਊ ਮਾਈ ਭੂਲਿਓ ਮਨੁ ਸਮਝਾਵੈ॥ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ॥1॥ਰਹਾਉ॥ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ॥ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ॥

ਗੁਰੂ ਜੀ ਇਸ ਸ਼ਬਦ ਦੁਆਰਾ ਇਹ ਸਿੱਖਿਆ ਦਿੰਦੇ ਹਨ ਕਿ ਹੇ! ਮਾਂ ਮੇਰਾ ਜੋ ਮਨ ਹੈ ਇਹ ਇਸ ਦੁਨੀਆਂ ਵਿੱਚ ਮੋਹ ਮਾਇਆ ਦੇ ਭਰੇ ਹੋਏ ਸੰਗਲ ਸੰਸਾਰ ਜ਼ੰਜਾਲ ਵਿੱਚ ਪੈ ਗਿਆ ਹੈ।ਭਾਵ ਕਿ ਕੁਰਾਹੇ ਪੈ ਗਿਆ ਹੈ ਇਸ ਮਨ ਨੂੰ ਕੋਈ ਅਜਿਹੀ ਮੱਤ ਮਿਲ ਜਾਵੇ ਜਿਸ ਨੂੰ ਸੁਣ ਕੇ ਇਹਨਾਂ ਵੇਦਾਂ ਦੇ ਉਪਦੇਸ਼ ਸੁਣ ਕੇ ਵੀ ਇਹ ਰਤਾ ਕੁ ਭਰ ਸਮੇਂ ਲਈ ਪ੍ਰਭੂ ਦੇ ਗੁਣ ਗਾਇਨ ਕਰ ਸਕੇ ਭਾਵ ਕਿ ਇਹ ਜੋ ਮਨੁੱਖ ਜਨਮ ਬੜੀ ਮੁਸ਼ਕਿਲ ਦੇ ਨਾਲ ਮਿਲਿਆ ਹੋਇਆ ਹੈ ਜੋ ਇਹ ਮਾਨਸ ਜੀਵਨ ਹੈ ਇਸ ਨੂੰ ਵਿਅਰਥ ਨਾ ਗੁਜਾਰਿਆ ਜਾਵੇ ਇਹ ਦੁਨੀਆਂ ਵੀ ਮੋਹ ਵਿਕਾਰਾਂ ਨਾਲ ਭਰ ਚੁੱਕੀ ਹੈ ਜੋ ਪਰਮਾਤਮਾ ਹੈ ਉਹ ਸਾਡੇ ਅੰਦਰ ਬਾਹਰ ਹਰ ਪਾਸੇ ਵੱਸਦਾ ਹੈ ਅਤੇ ਹਰ ਵੇਲੇ ਉਹ ਸਾਡੇ ਵਿੱਚ ਵੱਸਦਾ ਹੈ ਪਰ ਪ੍ਰਭੂ

ਨਾਲ ਵੀ ਸਾਡਾ ਮਨ ਉਸ ਪਰਮੇਸ਼ਵਰ ਨਾਲ ਨਹੀਂ ਜੁੜਦਾ।ਪਰ ਇਹ ਮੋਹ ਮਾਇਆ ਦੇ ਭਰਪੂਰ ਸੰਸਾਰ ਵਿੱਚ ਮੁਕਤੀ ਸਿਰਫ ਉਸ ਮਨੁੱਖ ਨੂੰ ਹੀ ਮਿਲ ਸਕਦੀ ਹੈ ਜਿਸ ਦੇ ਅੰਦਰ ਪ੍ਰਭੂ ਦਾ ਵਾਸਾ ਹੈ।

7. ਸਾਧੋ ਰਾਮ ਸਰਨਿ ਬਿਸਰਾਮਾ॥ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥1॥ਲੋਭ ਮੋਹ ਮਾਇਆ ਮਮਤਾ ਫੁਨਿ ਬਿਖਿਆਨ ਕੀ ਸੇਵਾ॥ਹਰਖ ਸੋਗ ਪਰਸੈ ਜਿਹ ਨਾਹਿਨ ਸੋ ਮੂਰਤਿ ਹੈ ਦੇਵਾ॥ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭਿ ਤਿਉ ਕੰਚਨ ਅਰੁ ਪੈਸਾ॥ਉਸਤਿਤ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ॥2॥ਦੁਖ ਸੁਖ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹਿ ਬਿਧਿ ਕੋ ਜੋ ਪ੍ਰਾਨੀ॥3॥7॥[17]

ਇਸ ਸ਼ਬਦ ਰਾਹੀਂ ਗੁਰੂ ਜੀ ਇਹ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦੀ ਸ਼ਰਨ ਵਿੱਚ ਪਿਆ ਹੀ ਮਨੁੱਖ ਵਿਕਾਰਾਂ ਵਿੱਚੋਂ ਭਟਕਣਾ ਛੱਡਦਾ ਹੈ ਭਾਵ ਕਿ ਸ਼ਾਂਤੀ ਪ੍ਰਾਪਤ ਕਰਦਾ ਹੈ।ਕੋਈ ਵੀ ਵੈਦ ਜਾਂ ਪੁਰਾਨ ਪੜ੍ਹਨ ਨਾਲ ਉਸ ਦਾ ਇਹ ਹੀ ਫਾਇਦਾ ਹੈ ਕਿ ਮਨੁੱਖ ਪ੍ਰਭੂ ਦਾ ਨਾਮ ਸਿਮਰ ਸਕੇ।ਇਹਨਾਂ ਸਾਰੇ ਵਿਕਾਰਾਂ ਲੋਭ, ਮੋਹ ਤੇ ਅਪਣੱਤ ਦੇ ਵਿਸ਼ਿਆਂ ਦਾ ਸੇਵਨ ਜੋ ਕਿ ਮਨੁੱਖ ਨੂੰ ਆਪਣੇ ਆਪ ਵਿੱਚ ਨਹੀਂ ਸਮੋ ਸਕਦਾ ਮਨੁੱਖ ਹੀ ਪਰਮਾਤਮਾ ਦਾ ਰੂਪ ਹੈ ਜਿਸ ਵਿਅਕਤੀ ਲਈ ਸਵਰਗ ਤੇ ਨਰਕ ਇਕੋ ਜਿਹੇ ਹੈ ਭਾਵ ਅੰਮ੍ਰਿਤ ਤੇ ਜ਼ਹਿਰ ਇਕ ਸਮਾਨ ਹੀ ਹੈ, ਜਿਸ ਨੂੰ ਸੋਨਾ ਤੇ ਤਾਂਬਾ ਇਕੋ ਜਿਹਾ ਹੀ ਪ੍ਰਤੀਤ ਹੁੰਦਾ ਹੈ ਜਿਸ ਦੇ ਮਨ ਵਿੱਚ ਉਸਤਿਤ ਤੇ ਨਿੰਦਾ ਲਈ ਇਕੋ ਹੀ ਥਾਂ ਹੋਵੇ ਉਸ ਦੀ ਕੋਈ ਵਡਿਆਈ ਕਰੇ ਜਾਂ ਚੁਗਲੀ ਉਸ ਨੂੰ ਸਾਰਾ ਕੁਝ ਹੀ ਇਕ ਸਮਾਨ ਹੈ।ਉਹ ਹੀ ਪ੍ਰਭੂ ਦੀ ਭਗਤੀ ਕਰ ਸਕਦਾ ਹੈ ਇਸ ਸ਼ਬਦ ਦਾ ਅਰਥ ਹੈ ਕਿ ਜਿਸ ਮਨੁੱਖ ਨੂੰ ਦੁੱਖ ਤੇ ਸੁੱਖ ਆਪਣੇ ਪ੍ਰਭਾਵ ਵਿੱਚ ਨਹੀਂ ਢਾਲ ਸਕਦਾ ਭਾਵ ਕਿ ਆਪਣਾ ਪ੍ਰਭਾਵ ਨਹੀਂ ਪਾ ਸਕਦਾ ਉਹ ਹੀ ਪਰਮਾਤਮਾ ਨਾਲ ਆਪਣੀ ਡੂੰਘੀ ਸਾਂਝ ਰੱਖ ਸਕਦਾ ਹੈ। ਉਸ ਮਨੁੱਖ ਨੂੰ ਹੀ ਸ਼ਕਤੀ ਪ੍ਰਾਪਤ ਹੋ ਸਕਦੀ ਹੈ ਜੋ ਕਿ ਇਸ ਬਿਰਤੀ ਵਾਲਾ ਹੈ।

8. ਮਨ ਰੇ ਕਹਾ ਭਇਓ ਤੈ ਬਉਰਾ॥ਅਹਿਨਿਸ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥1॥ਰਹਾਉ॥ ਜੋਤ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀਂ॥ਇਨ ਮੈਂ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ॥ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀਂ ਜਾਨੀ॥ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ॥2॥ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ॥ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀਂ ਪਾਵੈ॥3॥8॥[18]

ਇਸ ਸ਼ਬਦ ਦੁਆਰਾ ਗੁਰੂ ਜੀ ਮਨੁੱਖ ਨੂੰ ਸੰਬੋਧਿਤ ਕਰਦੇ ਆਖਦੇ ਹਨ ਕਿ ਹੇ ਮਨੁੱਖ ਤੂੰ ਇੱਥੇ ਕਿਸ ਲੋਭ ਵਿੱਚ ਮੋਹ ਵਿੱਚ ਪਾਗਲ ਹੋਇਆ ਹੈ ਤੇਰੀ ਦਿਨ ਰਾਤ ਉਮਰ ਘੱਟਦੀ ਜਾ ਰਹੀ ਹੈ ਪਰ ਮਨੁੱਖ ਇਸ ਗੱਲ ਨੂੰ ਨਹੀਂ ਜਾਣਦਾ ਕਿ ਉਸ ਦੀ ਉਮਰ ਇਸ ਲੋਭ ਦੇ ਵਿੱਚ ਮੋਹ ਵਿੱਚ ਫਸ ਕੇ ਕਮਜ਼ੋਰ ਆਤਮਕ ਜੀਵਨ ਵਾਲੀ ਬਣਦੀ ਜਾ ਰਹੀ ਹੈ।ਮੋਹ ਵਿੱਚ ਫਸ ਕੇ ਕਮਜ਼ੋਰ ਆਤਮਕ ਜੀਵਨ ਵਾਲੀ ਬਣਦੀ ਜਾ ਰਹੀ ਹੈ।ਪਰ ਇਹ ਜੋ ਤੇਰਾ ਸਰੀਰ ਹੈ ਜਿਸ ਨੂੰ ਤੂੰ ਆਪਣਾ ਕਹਿੰਦਾ ਹੈ ਤੇ ਜੋ ਤੇਰੀ ਇਸਤਰੀ ਹੈ ਉਹ ਵੀ ਕੋਈ ਤੇਰੀ ਸੰਗੀ ਸਾਥੀ ਨਹੀਂ ਹੈ ਭਾਵੇਂ ਇਹ ਗੱਲ ਸੋਚ ਵਿੱਚਾਰ ਕੇ ਦੇਖ ਲੈ।ਕੋਈ ਵੀ ਤੇਰਾ ਸਾਥ ਨਹੀਂ ਦੇਵੇਗਾ।ਭਾਵ ਹੈ ਕਿ ਜਿਸ ਤਰ੍ਹਾਂ ਇਕ ਜੁਆਰੀਆ ਜੂਏ ਦੀ ਬਾਜ਼ੀ ਹਾਰ ਜਾਂਦਾ ਹੈ ਉਸੇ ਤਰ੍ਹਾਂ ਹੀ

ਤੂੰ ਆਪਣਾ ਮਨੁੱਖੀ ਜੀਵਨ ਪ੍ਰਭੂ ਦੇ ਨਾਮ ਤੋਂ ਬਿਨਾਂ ਵਿਅਰਥ ਗੁਆ ਰਿਹਾ ਹੈ ਭਾਵ ਕਿ ਪਰਮਾਤਮਾ ਨਾਲ ਮਿਲਾਪ ਦੀ ਅਵਸਥਾ ਦੀ ਕੋਈ ਕਦਰ ਨਹੀਂ ਪਾਈ ਹੈ ਤੇ ਤੂੰ ਕੁਝ ਸਮਾਂ ਪ੍ਰਭੂ ਦੇ ਸਿਮਰਨ ਵਿੱਚ ਨਾ ਗੁਜ਼ਾਰ ਕੇ ਵਿਅਰਥ ਕਰ ਰਿਹਾ ਹੈ ਉਹ ਮਨੁੱਖ ਸੁਖੀ ਜੀਵਨ ਬਤੀਤ ਕਰਦਾ ਹੈ ਜੋ ਪਰਮਾਤਮਾ ਦਾ ਨਾਮ ਜਪਦਾ ਹੈ ਬਾਕੀ ਦਾ ਸਾਰਾ ਜਹਾਨ ਮੋਹ ਮਾਇਆ ਦੇ ਜਾਲ ਵਿੱਚ ਹੀ ਫਸਿਆ ਰਹਿੰਦਾ ਹੈ ਤੇ ਉਸ ਆਤਮਕ ਅਵਸਥਾ ਉੱਤੇ ਨਹੀਂ ਪਹੁੰਚਦਾ ਜਿੱਥੇ ਕਿ ਕੋਈ ਡਰ ਪੋਹ ਨਹੀਂ ਸਕਦਾ ਹੈ।

9. ਨਰ ਅਚੇਤ ਪਾਪ ਤੇ ਡਰੁ ਰੇ॥ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ॥1॥ਰਹਾਉ॥ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ॥ਪਾਵਨ ਨਾਮੁ ਜਗਤਿ ਮੈਂ ਹਰਿ ਕੋ ਸਿਮਰਿ ਸਿਮਰਿ ਕਸਮਲ ਸਭਿ ਹਰੁ ਰੇ॥ਮਾਨਸੁ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ॥2॥9॥251॥

ਗੁਰੂ ਜੀ ਇਸ ਸ਼ਬਦ ਦੇ ਦੁਆਰਾ ਇਹ ਦਰਸਾਉਦੇ ਹਨ ਕਿ ਹੇ ਮਨੁੱਖ!ਤੂੰ ਪਾਪਾਂ ਤੋਂ ਬਚਣ ਵਾਸਤੇ ਪਰਮਾਤਮਾ ਦੀ ਸ਼ਰਨ ਵਿੱਚ ਪਿਆ ਰਹਿ ਭਾਵ ਜੋ ਗਰੀਬਾਂ ਤੇ ਦਇਆ ਕਰਨ ਵਾਲਾ ਹੈ ਤੇ ਸਾਰੇ ਹੀ ਡਰ ਦੂਰ ਕਰਨ ਵਾਲਾ ਹੈ ਤੇ ਉਸ ਪਰਮਤਾਮਤ ਦਾ ਨਾਮ ਆਪਣੇ ਮਨ ਵਿੱਚੋਂ ਇਸ ਤਰ੍ਹਾਂ ਪ੍ਰੋਅ ਕੇ ਰੱਖ ਪਰਮਾਤਮਾ ਦਾ ਨਾਮ ਹੀ ਪਵਿਤਰ ਕਰਨ ਵਾਲਾ ਹੈ ਜੋ ਕਿ ਪਰਮਾਤਮਾ ਦੇ ਨਾਮ ਨੂੰ ਸਿਮਰ ਸਿਮਰ ਕੇ ਹੀ ਆਪਣੇ ਮਨ ਦੇ ਸਾਰੇ ਪਾਪਾਂ ਨੂੰ ਦੂਰ ਕਰ ਲੈਣ ਵਾਲਾ ਹੈ।ਭਾਵ ਇਹ ਦਰਸਾਇਆ ਗਿਆ ਹੈ ਕਿ ਇਹ ਮਨੁੱਖੀ ਸਰੀਰ ਕਦੇ ਵੀ ਨਹੀਂ ਲੱਭ ਸਕੇਗਾ ਇਸ ਲਈ ਇਸ ਜੀਵਨ ਦੀ ਮੁਕਤੀ ਪ੍ਰਾਪਤ ਕਰਨ ਦਾ ਕੋਈ ਇਲਾਜ ਕਰ ਲੈ ਭਾਵ ਇਸ ਭਵ ਸਾਗਰ ਨੂੰ ਸੁੰਮਦਰ ਨੂੰ ਪਾਰ ਕਰਨ ਲਈ ਪਰਮਾਤਮਾ ਦੇ ਗੁਣ ਗਾ ਕੇ ਹੀ ਸੰਸਾਰ ਸੁੰਮਦਰ ਤੋਂ ਪਾਰ ਲੰਘ ਸਕਦਾ ਹੈ।

**ਰਾਗ ਆਸਾ –1**

10. ਬਿਰਥਾ ਕਹਉ ਕਉਨ ਸਿਉ ਮਨ ਕੀ॥ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਗਿਓ ਧਨ ਕੀ॥1॥ਰਹਾਉ॥ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥1॥ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥ਨਾਨਕ ਹਰਿ ਜਸੁ ਕਿਉ ਨਹੀਂ ਗਾਵਤ ਕੁਮਤਿ ਬਿਨਾਸੈ ਤਨ ਕੀ॥2॥1॥233॥[19]

ਗੁਰੂ ਜੀ ਇਸ ਸ਼ਬਦ ਰਾਹੀਂ ਇਹ ਸਿੱਖਿਆ ਦਿੰਦੇ ਹਨ ਕਿ ਜੋ ਮਨੁੱਖੀ ਮਨ ਹੈ ਇਸ ਦੀ ਹਾਲਤ ਬੜੀ ਭੈੜੀ ਹੋ ਚੁੱਕੀ ਹੈ ਜਿਸ ਨੂੰ ਕਿ ਕਿਸੇ ਨੂੰ ਦੱਸਿਆ ਵੀ ਨਹੀਂ ਜਾ ਸਕਦਾ। ਇਸ ਤਰ੍ਹਾਂ ਇਹ ਮਨ ਪੂਰੀ ਤਰ੍ਹਾਂ ਲੋਭ ਵਿੱਚ ਫਸਿਆ ਹੋਇਆ ਚਾਰੇ ਪਾਸੇ ਹੀ ਦੌੜਦਾ ਹੈ ਤੇ ਇਸ ਮਨ ਨੂੰ ਧਨ ਜੋੜਨ ਦੀ ਤ੍ਰਿਸ਼ਨਾ ਹੀ ਚੰਬੜੀ ਰਹਿੰਦੀ ਹੈ।ਸੁਖ ਪ੍ਰਾਪਤ ਕਰਨ ਦੇ ਲਈ ਇਹ ਹਰ ਧਿਰ ਦੀ ਖੁਸ਼ਾਮਦ ਕਰਦਾ ਫ਼ਿਰਦਾ ਏ ਅਤੇ ਦੁੱਖ ਸਹਾਰਦਾ ਹੈ ਕੁੱਤੇ ਦੇ ਵਾਂਗ ਹਰ ਇਕ ਦੇ ਦਰ ਤੇ ਭਟਕਦਾ ਫ਼ਿਰਦਾ ਹੈ ਇਸ ਨੂੰ ਪਰਮਾਤਮਾ ਭਜਨ ਕਰਨ ਦੀ ਕਦੇ ਸੂਝ ਹੀ ਨਹੀਂ ਪੈਂਦੀ ਇਸ ਲਈ ਗੁਰੂ ਜੀ ਆਖਦੇ ਹਨ ਕਿ ਮਨੁੱਖ ਜਨਮ ਵਿਅਰਥ ਹੀ ਗਵਾ ਲਿਆ ਹੈ ਅਤੇ ਲੋਕਾਂ ਵਲੋਂ ਜੋ ਹਾਸਾ ਮਖੌਲ਼ ਹੋ ਰਿਹਾ ਹੈ ਉਸਦੀ ਵੀ ਸ਼ਰਮ ਨਹੀਂ ਹੈ ਇਸ ਲਈ ਗੁਰੂ ਜੀ ਆਖਦੇ ਹਨ ਕਿ ਪਰਮਾਤਮਾ ਦੀ ਸਿਫ਼ਤ ਸਲਾਹ ਕਰਨ ਦੇ ਨਾਲ਼ ਹੀ ਬੁਰੀ ਮਤ ਦੂਰ ਹੋ ਸਕੇਗੀ।

**ਰਾਗ ਬਿਹਾਗੜਾ 1–**

11. ਹਰਿ ਕਿ ਗਤਿ ਨਹਿ ਕੋਊ ਜਾਨੈ॥ਜੋਗੀ ਜਤਿ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥1॥ਰਹਾਉ॥ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥1॥ ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥ਨਾਨਾ ਰੂਪੁ ਧਰੇ ਬਹੁਰੰਗੀ ਸਭ ਤੇ ਰਹੈ ਨਿਆਰਾ॥2॥ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ॥ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥3॥1॥2॥[20]

ਇਸ ਸ਼ਬਦ ਦੁਆਰਾ ਗੁਰੂ ਜੀ ਆਖਦੇ ਹਨ ਕਿ ਇਸ ਸੰਸਾਰ ਤੇ ਅਨੇਕਾਂ ਜੋਗੀ, ਅਨੇਕਾਂ ਤਪੀ ਅਤੇ ਹੋਰ ਵੀ ਬਹੁਤ ਸਾਰੇ ਅਜਿਹੇ ਸਿਆਣੇ ਮਨੁੱਖ ਖਪ ਖਪ ਕੇ ਹਾਰ ਚੁੱਕੇ ਹਨ ਪਰ ਕੋਈ ਵੀ ਅਜਿਹਾ ਮਨੁੱਖ ਨਹੀਂ ਹੈ ਜੋ ਕਿ ਜਾਣ ਸਕਦਾ ਹੋਵੇ ਕਿ ਪਰਮਾਤਮਾ ਕਿਹੋ ਜਿਹਾ ਹੈ ਇਹ ਸਰਬ ਨਿਰੰਕਾਰ ਪਰਮਾਤਮਾ ਇਕ ਪਲ ਵਿੱਚ ਹੀ ਕੰਗਾਲ ਨੂੰ ਰਾਜਾ ਤੇ ਰਾਜੇ ਨੂ ਕੰਗਾਲ ਕਰ ਦਿੰਦਾ ਹੈ ਅਤੇ ਪਲ ਵਿੱਚ ਹੀ ਭਰੇ ਭਾਂਡੇ ਖਾਲੀ ਤੇ ਖਾਲੀ ਭਾਂਡੇ ਭਰ ਦਿੰਦਾ ਹੈ।ਪ੍ਰਭੂ ਨੇ ਆਪ ਹੀ ਇਹ ਸਾਰੀ ਮਾਇਆ ਖਿਲਾਰੀ ਹੋਈ ਹੈ ਭਾਵ ਕਿ ਆਪ ਹੀ ਉਸ ਦੀ ਸੰਭਾਲ ਕਰ ਰਿਹਾ ਹੈ ਉਹ ਆਪ ਹੀ ਕਈ ਤਰ੍ਹਾਂ ਦੇ ਰੂਪ ਧਾਰ ਕੇ ਵੀ ਸਭ ਨਾਲੋਂ ਵੱਖਰਾ ਰਹਿੰਦਾ ਹੈ।ਪ੍ਰਭੂ ਦੇ ਗੁਣ ਗਿਣੇ ਨਹੀਂ ਜਾ ਸਕਦੇ ਭਾਵ ਕਿ ਉਹ ਸਾਰੇ ਹੀ ਬੇਅੰਤ ਹਨ ਅਦ੍ਰਿਸ਼ਟ ਹਨ ਨਿਰਲੇਪ ਹਨ ਪ੍ਰਭੂ ਨੇ ਹੀ ਸਾਰੀ ਦੁਨੀਆ ਨੂੰ ਭਟਕਣਾ ਵਿੱਚ ਪਾਇਆ ਹੋਇਆ ਹੈ ਜੋ ਵੀ ਮਨੁੱਖ ਗੁਰੂ ਦੇ ਚਰਨਾਂ ਵਿੱਚ ਮਨ ਜੋੜਦਾ ਹੈ ਉਹ ਸਾਰਾ ਕੁਝ ਤਿਆਗ ਕੇ ਹੀ ਜੋੜਦਾ ਹੈ।

**ਰਾਗ ਦੇਵਗੰਧਾਰੀ –3**

12. ਯਹ ਮਨੁ ਨੈਕ ਨ ਕਹਿਓ ਕਰੈ॥ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ॥1॥ਰਹਾਉ॥ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥ਕਰਿ ਪਰਪੰਚ ਜਗਤ ਕਉ ਡਹ ਕੈ ਅਪਨੋ ਉਦਰੁ ਭਰੈ॥ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥2॥1॥

ਇਸ ਸ਼ਬਦ ਦੁਆਰਾ ਗੁਰੂ ਜੀ ਇਹ ਉਪਦੇਸ਼ ਦਿੰਦੇ ਹਨ ਕਿ ਇਹ ਮਨ ਰਤਾ ਵੀ, ਮਾੜਾ ਵੀ ਮਾੜੇ ਕੰਮਾਂ ਤੋ ਨਹੀਂ ਹੱਟਦਾ ਹੈ ਇਹ ਮੰਨਦਾ ਨਹੀਂ ਹੈ।ਪਰ ਮੈਂ ਆਪਣੇ ਇਸ ਮਨ ਨੂੰ ਸਿਖਿੱਆ ਦੇ ਕੇ ਥੱਕ ਚੁੱਕਾ ਹਾਂ ਪਰ ਇਹ ਮਾੜੀ ਬੁੱਧੀ ਤੇ ਵਿਕਾਰਾਂ ਤੋਂ ਪਰੇ ਨਹੀਂ ਹੱਟਦਾ ਇਸ ਤਰ੍ਹਾਂ ਇਹ ਮਨ ਮਾਇਆ ਦੇ ਨਸ਼ੇ ਵਿੱਚ ਹੀ ਝੱਲ਼ਾ ਹੋਇਆ ਰਹਿੰਦਾ ਹੈ ਇਹ ਕਦੇ ਵੀ ਪ੍ਰਭੂ ਦਾ ਨਾਮ ਸਿਮਰਨ ਨਹੀਂ ਕਰਦਾ ਸਗੋਂ ਇਹ ਦੁਨੀਆ ਨੂੰ ਵਿਖਾਵਾ ਕਰਕੇ ਠੱਗੀ ਮਾਰਦਾ ਰਹਿੰਦਾ ਹੈ ਤੇ ਆਪਣਾ ਪੇਟ ਭਰਦਾ ਰਹਿੰਦਾ ਹੈ।ਇਹ ਮਨ ਕੁੱਤੇ ਦੀ ਪੂਛ ਵਾਂਗ ਹੀ ਹੈ ਜੋ ਕਿ ਕਦੇ ਵੀ ਸਿੱਧੀ ਨਹੀਂ ਹੁੰਦੀ ਅਤੇ ਦਿੱਤੀ ਹੋਈ ਸਿੱਖਿਆ ਨੂੰ ਵੀ ਧਿਆਨ ਨਾਲ ਨਹੀਂ ਸੁਣਦਾ।ਇਸ ਲਈ ਹੇ ਮਨ ਤੂੰ ਪਰਮਾਤਮਾ ਦਾ ਨਾਮ ਜਪਿਆ ਕਰ ਜਿਸ ਦੀ ਬਰਕਤ ਦੇ ਨਾਲ ਤੇਰਾ ਜਨਮ ਮਨੋਰਥ ਹੱਲ ਹੋ ਸਕੇ।

13. ਸਭ ਕਿਛੁ ਜੀਵਤ ਕੋ ਬਿਵਹਾਰ॥ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥1॥ ਰਹਾਉ॥ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ

ਨਿਕਾਰਿ॥1॥ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਉਧਾਰ॥2॥[21]

ਗੁਰੂ ਜੀ ਇਸ ਸ਼ਬਦ ਦੁਆਰਾ ਮਨੁੱਖ ਨੂੰ ਇਹ ਸੰਬੋਧਿਤ ਕਰਦੇ ਹਨ ਕਿ ਜੋ ਵੀ ਸਾਰਾ ਕੁਝ ਜੀਵਨ ਵਿੱਚ ਜਿਉਂਦਿਆ ਜੀਅ ਹੀ ਵਰਤਣ ਵਾਲਾ ਹੈ ਭਾਵ ਇਸ ਜੀਵਨ ਵਿੱਚ ਸਾਰਾ ਕੁਝ ਹੀ ਇੱਥੇ ਵਰਤਣ ਲਾਇਕ ਹੈ।ਭਾਵ ਕਿ ਜੋ ਵੀ ਮਾਤਾ-ਪਿਤਾ, ਰਿਸ਼ਤੇਦਾਰ , ਭੈਣ-ਭਰਾ, ਵਹੁਟੀ ਸਾਰਾ ਕੁਝ ਇੱਥੇ ਜਿਉਂਦਿਆ ਨਾਲ ਹੀ ਮੇਲ ਜੋਲ ਹੈ ਜਦੋਂ ਤੇਰੀ ਇਹ ਜਿੰਦ ਸਰੀਰ ਨਾਲੋਂ ਵੱਖ ਹੋ ਜਾਂਦੀ ਹੈ ਤਾਂ ਉੱਚੀ-ਉੱਚੀ ਆਖ ਦਿੱਤਾ ਜਾਂਦਾ ਹੈ ਕਿ ਇਹ ਗੁਜ਼ਰ ਚੁੱਕਾ ਹੈ ਕੋਈ ਵੀ ਸੰਬੰਧੀ ਅੱਧੀ ਘੜੀ ਦੇ ਲਈ ਵੀ ਘਰ ਵਿੱਚ ਨਹੀਂ ਰੱਖਦੇ ਸਗੋਂ ਕੱਢ ਦਿੰਦੇ ਹਨ।ਜਿਸ ਤਰ੍ਹਾਂ ਕਿ ਹਿਰਨ ਪਾਣੀ ਪਿੱਛੇ ਦੌੜ ਆਪਣੀ ਜਾਨ ਗੁਆ ਬੈਠਦਾ ਹੈ ਉਸੇ ਤਰ੍ਹਾਂ ਹੀ ਮਨੁੱਖ ਮਾਇਆ ਪਿੱਛੇ ਦੌੜ ਕੇ ਆਪਣੀ ਜਾਨ ਗੁਆ ਬੈਠਦਾ ਹੈ ਇਸ ਲਈ ਹੇ ਮਨੁੱਖ ਤੂੰ ਪਰਮਾਤਮਾ ਦਾ ਭਜਨ ਕਰਿਆ ਕਰ ਜਿਸ ਦੀ ਬਰਕਤ ਨਾਲ ਤੇਰਾ ਪਾਰ ਉਤਾਰਾ ਹੋ ਸਕੇ।

14. ਜਗਤ ਮੈਂ ਝੂਠੀ ਦੇਖੀ ਪ੍ਰੀਤਿ॥ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥1॥ਰਹਾਉ॥ ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥1॥ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥2॥3॥6॥38॥47॥

ਗੁਰੂ ਜੀ ਨੇ ਇਸ ਸ਼ਬਦ ਵਿੱਚ ਇਹ ਸਿੱਖਿਆ ਦਿੰਦੇ ਹਨ ਕਿ ਜੋ ਵੀ ਜਗ ਵਿੱਚ, ਸੰਸਾਰ ਵਿੱਚ ਮੋਹ ਪਿਆਰ ਹੈ ਉਹ ਸਾਰਾ ਕੁਝ ਹੀ ਝੂਠਾ ਹੈ ਕਿਉਂ ਕਿ ਸਾਰੇ ਹੀ ਲੋਕ ਚਾਹੇ ਉਹ ਇਸਤਰੀ ਹੈ, ਮਿੱਤਰ ਹੈ ਸਾਰੇ ਹੀ ਆਪੋ ਆਪਣੇ ਸੁਖ ਦੀ ਖਾਤਰ ਹੀ ਇਕ ਦੂਜੇ ਦੇ ਨਾਲ ਜੀਵਨ ਬਤੀਤ ਕਰਦੇ ਹਨ।ਹਰ ਵਿਅਕਤੀ ਆਖਦਾ ਹੈ ਕਿ ਇਹ ਮੇਰਾ ਹੈ ਮੇਰਾ ਹੈ ਪਰ ਕੁਝ ਵੀ ਕਿਸੇ ਦਾ ਸੰਗੀ ਸਾਥੀ ਨਹੀਂ ਹੈ ਮਨ ਸਿਰਫ਼ ਮੋਹ ਮਾਇਆ ਨਾਲ ਹੀ ਬੱਝਾ ਹੁੰਦਾ ਹੈ ਹੇ ਮਨੁੱਖ ਮੈਂ ਤੈਨੂੰ ਸਦਾ ਹੀ ਸਿੱਖਿਆ ਦੇ ਕੇ ਥੱਕ ਚੁੱਕਾ ਹਾਂ ਤੂੰ ਅਜੇ ਵੀ ਅਕਲ ਨਹੀਂ ਕਰਦਾ ਪਰ ਜਦੋਂ ਮਨੁੱਖ ਪ੍ਰਭੂ ਦੀ ਸਿਫ਼ਤ ਸਲਾਹ ਦੇ ਗੀਤ ਗਾਉਂਦਾ ਹੈ ਤਦ ਹੀ ਭਵ ਸਾਗਰ ਤੋਂ ਪਾਰ ਲੰਘ ਜਾਂਦਾ ਹੈ।

**ਰਾਗ ਸੋਰਠਿ -12**

15. ਰੇ ਮਨ ਰਾਮ ਸਿਉ ਕਰਿ ਪ੍ਰੀਤਿ॥ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥1॥ਰਹਾਉ॥ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥1॥ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥2॥1॥[22]

ਇਸ ਸ਼ਬਦ ਰਾਹੀਂ ਗੁਰੂ ਜੀ ਮਨੁੱਖ ਨੂੰ ਮਾਰਗ ਦ੍ਰਿਸ਼ਟੀ ਦੱਸਦੇ ਹੋਏ ਆਖਦੇ ਹਨ ਕਿ ਹੇ ਮੇਰੇ ਮਨ ਤੂੰ ਆਪਣੀ ਪ੍ਰੀਤ ਆਪਣਾ ਪਿਆਰ ਪ੍ਰਭੂ ਦੇ ਨਾਲ ਬਣਾ ਭਾਵ ਕਿ ਪਰਮਾਤਮਾ ਦੇ ਨਾਲ ਆਪਣਾ ਪਿਆਰ ਮੋਹ ਪਾ। ਹਰ ਵੇਲੇ ਪ੍ਰਭੂ ਦੇ ਗੁਨ ਸੁਣਿਆ ਕਰ, ਉਸਤਤਿ ਸੁਣਿਆ ਕਰ ਅਤੇ ਜੀਭ ਨਾਲ ਪਰਮਾਤਮਾ ਦੇ ਗੁਨ ਗਾਇਆ ਕਰ।ਹੇ ਮਨੁੱਖ ਤੂੰ ਗੁਰਮੁਖਾਂ ਦੀ

ਸੰਗਤ ਕਰਿਆ ਕਰ, ਪਰਮਾਤਮਾ ਦਾ ਸਿਮਰਨ ਕਰਦਾ ਰਿਹਾ ਕਰ ਤਾਂ ਜੋ ਵਿਕਾਰੀ ਵੀ ਪਵਿੱਤਰ ਬਣ ਜਾਵੇ ਇਹ ਮੌਤ ਤਾਂ ਸੱਪ ਵਾਂਗ ਮੂੰਹ ਖੋਲ੍ਹ ਕੇ ਫ਼ਿਰਦੀ ਹੈ ਇਹ ਤੈਨੂੰ ਵੀ ਛੇਤੀ ਹੀ ਹੜੱਪ ਕਰ ਜਾਵੇਗੀ ਇਸ ਲਈ ਸਮਾਂ ਲੰਘਦਾ ਜਾ ਰਿਹਾ ਹੈ ਤੂੰ ਪ੍ਰਭੂ ਦਾ ਸਿਮਰਨ ਕਰਿਆ ਕਰ।

16. ਮਨ ਕੀ ਮਨ ਮਹਿ ਰਹੀ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥1॥ ਰਹਾਉ॥ ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ॥ ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥1॥ ਫ਼ਿਰਤ ਫ਼ਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥2॥2॥

ਇਸ ਸ਼ਬਦ ਦੁਆਰਾ ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਜੋ ਮਨੁੱਖ ਦੇ ਮਨ ਦੀਆਂ ਜੋ ਮਾਇਆ ਧਾਰੀ ਦੀ ਮੰਦ ਭਗਤੀ ਹੈ ਉਸ ਮਨ ਦੀ ਆਸ ਵਿੱਚ ਹੀ ਰਹਿ ਗਈ ਭਾਵ ਕਿ ਮਨ ਵਿੱਚ ਹੀ ਰਹਿ ਜਾਂਦੀ ਹੈ। ਕਿਉਂ ਕਿ ਨਾ ਹੀ ਉਸ ਨੇ ਪ੍ਰਭੂ ਦਾ ਭਜਨ ਕੀਤਾ ਹੈ ਤੇ ਨਾ ਹੀ ਉਸ ਨੇ ਕਿਸੇ ਤੀਰਥ ਤੇ ਸੰਤ ਜਨਾਂ ਦੀ ਸੇਵਾ ਕੀਤੀ ਹੈ ਤੇ ਪਰ ਹੁਣ ਕਾਲ ਨੇ ਆ ਕੇ ਮੌਤ ਨੇ ਆ ਕੇ ਉਸ ਨੂੰ ਫੜ੍ਹ ਲਿਆ ਹੈ। ਜੋ ਇਸਤਰੀ, ਮਿੱਤਰ, ਗੱਡੀਆ, ਧਨ ਸਾਰੀ ਹੀ ਧਰਤੀ ਇਹ ਸਾਰਾ ਕੁਝ ਹੀ ਨਾਸ਼ਵਾਨ ਹੈ ਪਰਮਾਤਮਾ ਦਾ ਭਜਨ ਬੰਦਗੀ ਹੀ ਅਸਲ ਸਾਥੀ ਹੈ। ਕਈ ਮਨੁੱਖੀ ਜਨਮ ਕਈ ਜੂਨਾਂ ਤੱਕ ਭਟਕ ਕੇ ਹੀ ਮਿਲਿਆ ਹੈ ਇਸ ਲਈ ਤੂੰ ਪਰਮਾਤਮਾ ਦਾ ਸਿਮਰਨ ਕਰਿਆ ਕਰ ।

17. ਮਨ ਰੇ ਕਉਨ ਕੁਮਤਿ ਤੈ ਲੀਨੀ॥ ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਤੀ॥1॥ ਰਹਾਉ॥ ਮੁਕਤਿ ਪੰਥੁ ਜਾਨਿਓ ਤੈ ਨਾਹਿਨ ਧਨ ਜੋਰਨ ਕਉ ਧਾਇਆ॥ ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥1॥ ਨਾ ਹਰਿ ਭਜਿਓ ਨ ਗੁਰੁ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥ ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥2॥ ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥ ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥3॥3॥

ਇਸ ਸ਼ਬਦ ਦੁਆਰਾ ਗੁਰੂ ਜੀ ਆਖਦੇ ਹਨ ਕਿ ਹੇ ਮਨ ਤੂੰ ਕਿਸ ਭੈੜੀ ਬੁਰੀ ਸਿੱਖਿਆ ਨੂੰ ਲੈ ਲਿਆ ਹੈ ਕਿ ਤੂੰ ਬੁਰੀਆਂ ਚੀਜ਼ਾ ਦਾ ਪ੍ਰਭਾਵ ਅਪਨੇ ਮਨ ਤੇ ਪਾ ਲਿਆ ਹੈ ਭਾਵ ਕਿ ਤੂੰ ਇਸਤਰੀ, ਪਰਾਈ ਨਿੰਦਿਆ ਦੇ ਰਸ ਵਿੱਚ ਮੋਹ ਵਿੱਚ ਮਸਤ ਰਹਿੰਦਾ ਹੈ ਭਾਵ ਕਿ ਤੂੰ ਪਰਮਾਤਮਾ ਦੀ ਭਗਤੀ ਨਹੀਂ ਕੀਤੀ। ਇਸ ਮਾਇਆ ਵਿੱਚ ਹੀ ਅਪਨੇ ਆਪ ਨੂੰ ਰਚਾ ਲਿਆ ਹੈ। ਪਰ ਤੂੰ ਪ੍ਰਭੂ ਦੀ ਭਗਤੀ ਨਹੀ ਕੀਤੀ ਹੈ ਨਾ ਹੀ ਤੂੰ ਪ੍ਰਭੂ ਦੀ ਸ਼ਰਨ ਪਿਆ ਹੈ ਨਾ ਹੀ ਤੇਰੇ ਅੰਦਰ ਆਤਮਕ ਜੀਵਨ ਦੀ ਸੋਝੀ ਹੈ ਮਾਇਆ ਤੋਂ ਨਿਰਲੇਪ ਪ੍ਰਭੂ ਤੇਰੇ ਹਿਰਦੇ ਅੰਦਰ ਵੱਸਦਾ ਹੈ ਬਾਹਰ ਜੰਗਲਾਂ ਵਿੱਚ ਕੀ ਲੱਭਦਾ ਫ਼ਿਰਦਾ ਏ ਤੂੰ ਅਨੇਕਾਂ ਜਨਮ ਭਟਕ ਕੇ ਬਾਜ਼ੀ ਹਾਰ ਚੁੱਕਾ ਏ ਤੂੰ ਅਜਿਹੀ ਅਕਲ ਨਹੀ ਸਿਖੀ ਹੈ ਜਿਸ ਦੀ ਬਰਕਤ ਦੇ ਨਾਲ ਤੈਨੂੰ ਅਡੋਲਤਾ ਹਾਸਲ ਹੋ ਸਕੇ ਹੇ ਮਨ ਤੂੰ ਮਨੁੱਖੀ ਜੀਵਨ ਦਾ ਦਰਜਾ ਹਾਸਲ ਕਰਕੇ ਪਰਮਾਤਮਾ ਦਾ ਭਜਨ ਕਰਿਆ ਕਰ।

18. ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥ ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥1॥ ਰਹਾਉ॥ ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥ ਦੁਖ ਹਰਤਾ ਇਹ

ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥1॥ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥2॥ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥3॥4॥[23]

ਇਸ ਸ਼ਬਦ ਦੁਆਰਾ ਗੁਰੂ ਜੀ ਉਚਾਰਦੇ ਹਨ ਕਿ ਪ੍ਰਭੂ ਦੀ ਸ਼ਰਨ ਵਿੱਚ ਪੈ ਕੇ ਉਸ ਦੇ ਮਨ ਦਾ ਧਿਆਨ ਧਰਿਆ ਕਰ ਜਿਸ ਪਰਮਾਤਮਾ ਦਾ ਸਿਮਰਨ ਕਰਦਿਆ।ਵਿੱਚਾਰਾਂ ਤੇ ਵਿਕਾਰਾਂ ਵਿੱਚ ਡੁੱਬਣ ਤੋਂ ਬਚਾ ਲਿਆ ਹੈ ਕਿ ਤੂੰ ਉਸ ਪ੍ਰਭੂ ਦੀ ਸਿਫਤ ਨੂੰ ਆਪਣੇ ਹਿਰਦੇ ਵਿੱਚ ਵਸਾਈ ਰੱਖ।ਜਿਸ ਤਰ੍ਹਾਂ ਪਰਮਾਤਮਾ ਦੇ ਸਿਮਰਨ ਰਾਹੀਂ ਧ੍ਰੂ ਸਦਾ ਦੇ ਲਈ ਹੀ ਅਟਲ ਹੋ ਗਿਆ ਹੈ ਤੇ ਉਸ ਨੂੰ ਨਿਰਭੈਤਾ ਦਾ ਆਤਮਕ ਦਰਜਾ ਹਾਸਲ ਕਰ ਲਿਆ ਹੈ।ਤੂੰ ਉਸ ਪਰਮਾਤਮਾ ਨੂੰ ਕਿਉਂ ਭੁਲਿਆ ਫਿਰਦਾ ਹੈ ਤੇ ਉਹ ਹੀ ਤੇਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ।ਜਿਸ ਤਰ੍ਹਾਂ ਪਰਮਾਤਮਾ ਨੇ ਪਰਮਾਤਮਾ ਦਾ ਆਸਰਾ ਲਿਆ ਸੀ ਉਸ ਗਜ ਨੇ ਤੰਦੂਏਂ ਦੀ ਫਾਹੀ ਤੋਂ ਨਿਕਲਣ ਲਈ ਪ੍ਰਭੂ ਦਾ ਨਾਮ ਉਚਾਰਿਆ ਸੀ।ਸਾਰਾ ਹੀ ਜਗਤ ਜਾਣਦਾ ਹੈ ਕਿ ਅਜਾਮਲ ਵਿਕਾਰੀ ਸੀ ਤਾਂ ਅੱਖ ਦੇ ਝਮਕਣ ਜਿਤਨੇ ਸਮੇਂ ਵਿੱਚ ਹੀ ਉਸ ਦਾ ਪਾਰ ਉਤਾਰਾ ਹੋ ਗਿਆ ਸੀ।ਹੇ ਨਾਨਕ ਤੂੰ ਸਾਰੀਆਂ ਚਿੰਤਾਵਨੀਆ ਪੂਰੀਆਂ ਕਰਨ ਵਾਲੇ ਪਰਮਾਤਮਾ ਦਾ ਨਾਮ ਸਿਮਰਿਆਂ ਕਰ ਤੂੰ ਪਾਰ ਲੰਘ ਜਾਏਗਾ।

19. ਪ੍ਰਾਨੀ ਕਉਨ ਉਪਾਉ ਕਰੀ॥ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ॥1॥ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ॥ਕਉਨੁ ਨਾਮ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ॥ਕਲ ਮੈਂ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥ਅਉਰ ਧਰਮ ਤਾਂ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥2॥ਸੁਖ ਦੁਖ ਰਹਤ ਸਦਾ ਨਿਰਲਾਪੀ ਜਾ ਕਉ ਕਹਤ ਗੁਸਾਈ॥ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥3॥5॥

ਗੁਰੂ ਜੀ ਇਸ ਸ਼ਬਦ ਰਾਹੀਂ ਇਹ ਸਿੱਖਿਆ ਦਿੰਦੇ ਹਨ ਕਿ ਮਨੁੱਖ ਅਜਿਹਾ ਕਿਹੜਾ ਹੀਲਾ ਕਰ ਸਕੇ ਕਿ ਜਿਸ ਨਾਲ ਉਹ ਪਰਮਾਤਮਾ ਦੀ ਭਗਤੀ ਪ੍ਰਾਪਤ ਕਰ ਸਕੇ।ਭਾਵ ਕਿ ਉਹ ਪ੍ਰਭੂ ਦੇ ਨਾਮ ਨੂੰ ਜਪ ਸਕੇ ਅਤੇ ਆਪਣੇ ਮਨ ਵਿੱਚੋਂ ਜਮ ਦਾ ਡਰ ਦੂਰ ਕਰ ਸਕੇ।ਹੇ ਮਨੁੱਖ ਤੂੰ ਦੱਸ ਕਿਹੜੇ ਕਰਮ ਕਿਤੇ ਹਨ ਉਹ ਕਿਹੋ ਜਿਹੀ ਵਿਦਿੱਆ ਹੈ ਉਹ ਕਿਹੜਾ ਧਰਮ ਹੈ ਜਿਸ ਦਾ ਸਿਮਰਨ ਕਰਨ ਦੇ ਨਾਲ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕਦਾ ਹੈ।ਕਿਰਪਾ ਦੇ ਖਜ਼ਾਨੇ ਸਿਰਫ ਪਰਮਾਤਮਾ ਦੇ ਨਾਮ ਜਗਤ ਵਿੱਚ ਹੀ ਹਨ ਜਿਸ ਨੂੰ ਕਿ ਜਾਪਦਾ ਹੈ ਕਿ ਉੱਚੀ ਆਤਮਕ ਅਵਸਥਾ ਨੂੰ ਹਾਸਲ ਕਰ ਲੈਂਦਾ ਹੈ।ਹੋਰ ਕਿਸੇ ਤਰ੍ਹਾਂ ਦੇ ਵੀ ਕੋਈ ਕਰਮ ਉਸ ਦੇ ਬਰਾਬਰ ਨਹੀਂ ਹਨ।ਹੇ ਮਨੁੱਖ ਜਿਸ ਨੂੰ ਧਰਤੀ ਦਾ ਖਸਮ ਆਖਦਾ ਹੈ ਉਹ ਸੁਖ ਦੁਖ ਤੋਂ ਵੱਖਰਾ ਰਹਿੰਦਾ ਹੈ ਉਹ ਸਦਾ ਨਿਰਲੇਪ ਰਹਿੰਦਾ ਹੈ ਉਹ ਤੇਰੇ ਅੰਦਰ ਵੀ ਇਕ ਰਸ ਵੱਸ ਗਿਆ ਹੈ।

20. ਮਾਈ ਮੈਂ ਕਿਹਿ ਬਿਧਿ ਲਖਉ ਗੁਸਾਈ॥ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥1॥ਰਹਾਉ॥ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ॥ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ॥1॥ਸਾਧ ਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ॥ਜਨ ਨਾਨਕ ਮੈਂ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ॥2॥6॥

ਇਸ ਸ਼ਬਦ ਰਾਹੀਂ ਗੁਰੂ ਜੀ ਉਚਾਰਦੇ ਹਨ ਕਿ ਮੈਂ ਇਸ ਧਰਤੀ ਦੇ ਖਸਮ ਪ੍ਰਭੂ ਨੂੰ ਕਿਸ ਤਰ੍ਹਾਂ ਪਛਾਣਾ। ਮੇਰਾ ਮਨ ਵੱਡੇ ਮੋਹ ਦੀ ਅਗਿਆਨਤਾ ਵਿੱਚ, ਮੋਹ ਦੇ ਹਨੇਰੇ ਵਿੱਚ ਸਦਾ ਹੀ ਫਸਿਆ ਰਹਿੰਦਾ ਹੈ ਇਸ ਨੇ ਮਤਿ ਨਹੀਂ ਹਾਸਲ ਕੀਤੀ ਤੇ ਅਡੋਲ ਰੱਖ ਸਕੇ।ਦਿਨ ਰਾਤ ਮੈਂ ਮਾਇਆ ਵਿੱਚ ਹੀ ਲਪੇਟ ਰਹਿੰਦਾ ਹੈ।ਮੇਰੀ ਇਹ ਨੀਚਤਾ ਮੁੱਕਣ ਵਿੱਚ ਨਹੀਂ ਆਂਉਦੀ।ਹੇ ਮਨੁੱਖ ਮੈਂ ਕਦੇ ਵੀ ਗੁਰਮੁੱਖਾਂ ਦੀ ਸੰਗਤ ਨਹੀਂ ਕੀਤੀ , ਮੈਂ ਕਦੇ ਪਰਮਾਤਮਾ ਦੀ ਸਿਫਤ ਸਲਾਹ ਦਾ ਗੀਤ ਨਹੀਂ ਗਾਇਆ।ਹੇ ਨਾਨਕ ਹੇ ਪ੍ਰਭੂ ਮੇਰੇ ਅੰਦਰ ਕੋਈ ਗੁਣ ਨਹੀ ਹੈ।ਮੈਨੂੰ ਆਪਣੀ ਸ਼ਰਨ ਵਿੱਚ ਰੱਖ।

21. ਮਾਈ ਮਨੁ ਮੇਰੋ ਬਿਸ ਨਾਹਿ॥ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧ ਰੋਕਉ ਤਾਹਿ॥1॥ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥1॥ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ॥ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥2॥ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥ਤਬ ਨਾਨਕ ਚੇਤਿਓ ਚਿੰਤਾਮਨਿ ਕਾਟਿ ਜਮ ਕੀ ਫਾਸੀ॥3॥7॥

ਗੁਰੂ ਜੀ ਇਸ ਸ਼ਬਦ ਵਿੱਚ ਇਹ ਉਪਦੇਸ਼ ਦਿੰਦੇ ਹਨ ਕਿ ਜੋ ਮੇਰਾ ਮਨ ਹੈ ਇਹ ਬਸ ਵਿੱਚ ਨਹੀਂ ਹੈ ਭਾਵ ਕਿ ਇਹ ਦਿਨ ਰਾਤ ਵਿਅਰਥ ਚੀਜ਼ਾਂ ਪਿਛੋਂ ਹੀ ਦੌੜਦਾ ਫਿਰਦਾ ਰਹਿੰਦਾ ਹੈ ਭਾਵ ਕਿ ਇਸ ਨੂੰ ਕਿਸ ਤਰੀਕੇ ਨਾਲ ਰੋਕਿਆ ਜਾ ਸਕੇ।ਇਹ ਕੁਝ ਵੀ ਪਤਾ ਨਹੀਂ ਲੱਗਦਾ ਇਹ ਜੀਵ ਵੇਦਾਂ, ਪੁਰਾਨਾਂ, ਸਿਮਰਤੀਆਂ ਦਾ ਉਪਦੇਸ਼ ਸੁਣ ਕੇ ਰਤਾ ਭਰ ਸਮੇਂ ਦੇ ਲਈ ਵੀ ਹਿਰਦੇ ਵਿੱਚ ਨਹੀਂ ਵਸਾਉਂਦੇ।ਪਰਾਏ ਧਨ, ਇਸਤਰੀ ਦੇ ਮੋਹ ਵਿੱਚ ਮਸਤ ਰਹਿੰਦਾ ਹੈ ਜਨਮ ਵਿਅਰਥ ਗੁਜ਼ਾਰਦਾ ਹੈ।ਮਨੁੱਖ ਮਾਇਆ ਦੇ ਨਸ਼ੇ ਵਿੱਚ ਝੱਲ਼ਾ ਹੋ ਰਿਹਾ ਹੈ ਤੇ ਆਤਮਕ ਜੀਵਨ ਬਾਰੇ ਕੋਈ ਵੀ ਸੂਝ ਨਹੀ ਪੈਂਦੀ ਮਾਇਆ ਤੋਂ ਨਿਰਲੇਪ ਪ੍ਰਭੂ ਇਸ ਦੇ ਹਿਰਦੇ ਵਿੱਚ ਵਸਦਾ ਹੈ ਪਰ ਉਸ ਦਾ ਭੇਦ ਜੀਵ ਨਹੀਂ ਸਮਝਦਾ ਜਦੋਂ ਜੀਵ ਗੁਰੂ ਦੀ ਸ਼ਰਨ ਪੈਂਦਾ ਹੈ, ਤਦੋਂ ਉਸ ਦੀ ਸਾਰੀ ਮਾੜੀ ਮੱਤ ਖਤਮ ਹੋ ਜਾਂਦੀ ਹੈ ਜਦੋਂ ਇਹ ਸਾਰੀਆ ਹੀ ਮਨੋਕਾਮਨਾ ਪੂਰੀਆ ਕਰਨ ਵਾਲੇ ਪਰਮਾਤਮਾ ਨੂੰ ਸਿਮਰਦਾ ਹੈ ਤੇ ਇਸ ਤੋ ਜਮਾਂ ਦੀ ਫ਼ਾਹੀ ਕੱਟੀ ਜਾਂਦੀ ਹੈ।

22. ਰੇ ਮਨ ਇਹ ਸਾਚੀ ਜੀਅ ਧਾਰਿ॥ਸਗਲ਼ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥1॥ਰਹਾਉ॥ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥1॥ ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਮ੍ਹਿ ਮੁਰਾਰਿ॥ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ॥2॥8॥[24]

ਗੁਰੂ ਜੀ ਇਸ ਸ਼ਬਦ ਰਾਹੀ ਇਹ ਸਿੱਖਿਆ ਦਿੰਦੇ ਹਨ ਕਿ ਇਹ ਗੱਲ ਆਪਣੇ ਮਨ ਵਿੱਚ ਪੱਕੀ ਤਰ੍ਹਾਂ ਸੱਚ ਕਰਕੇ ਧਾਰ ਲੈ, ਟਿਕਾ ਲੈ ਕਿ ਇਹ ਸਾਰਾ ਇਕ ਹੀ ਸੰਸਾਰ ਇਕ ਹੀ ਸੁਪਨੇ ਦੇ ਵਾਂਗ ਹੈ ਜਿਸ ਦੇ ਕਿ ਨਾਸ ਹੁੰਦਿਆ ਬਹੁਤਾ ਸਮਾਂ ਨਹੀਂ ਲੱਗਦਾ ਭਾਵ ਕਿ ਝੱਟ ਹੀ ਬਿਨਸ ਜਾਂਦਾ ਹੈ।ਹੇ ਮਨੁੱਖ ਤੂੰ ਰੇਤ ਦੀ ਕੰਧ ਉਸਾਰ ਕੇ ਪੋਚਕੇ ਤਿਆਰ ਕੀਤੀ ਹੈ ਪਰ ਉਹ ਕੰਧ ਚਾਰ ਦਿਨ ਵੀ ਟਿਕੀ ਨਹੀਂ ਰਹਿੰਦੀ ਇਸ ਮਾਇਆ ਦੇ ਸੁਖ ਵੀ ਉਸ ਵਰਗੇ ਹੀ ਹਨ ਤੂੰ ਇਹਨਾਂ ਸੁਖਾਂ ਵਿੱਚ

ਕਿਉ ਮਸਤ ਹੋ ਰਿਹਾ ਹੈ ਤੂੰ ਅਜੇ ਵੀ ਸਮਝ ਜਾ ਕੁਝ ਨਹੀਂ ਵਿਗੜਿਆ ਅਜੇ ਵੀ ਪਰਮਾਤਮਾ ਦਾ ਨਾਮ ਸਿਮਰਿਆ ਕਰ ਤੇ ਤੂੰ ਗੁਰਮੁਖਾਂ ਦਾ ਨਿੱਜੀ ਖਿਆਲ ਪੁਕਾਰ ਕੇ ਸੁਣਿਆ ਕਰ।

23. ਇਹ ਜਗਿ ਮੀਤੁ ਨ ਦੇਖਿਓ ਕੋਈ॥ ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥1॥ ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥ ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥1॥ ਕਹਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ॥ ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ॥2॥ ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ॥ ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ॥3॥9॥

ਗੁਰੂ ਜੀ ਇਸ ਸ਼ਬਦ ਦੁਆਰਾ ਇਹ ਸਿੱਖਿਆ ਦਿੰਦੇ ਹਨ ਕਿ ਜਿਸ ਜਗਤ ਵਿੱਚ ਸੰਸਾਰ ਵਿੱਚ ਕੋਈ ਵੀ ਸਾਥ ਨਾਲ ਨਿਭਾਉਣ ਵਾਲਾ ਨਹੀਂ ਹੈ ਭਾਵ ਕੋਈ ਵੀ ਮੀਤ ਮਿੱਤਰ ਨਹੀਂ ਹੈ। ਸਾਰਾ ਹੀ ਜਗ ਸੰਸਾਰ ਆਪਣੇ ਸੁੱਖ ਵਿੱਚ ਹੀ ਜੁਟਿਆ ਪਿਆ ਹੈ ਕੋਈ ਵੀ ਕਿਸੇ ਦੇ ਦੁਖ ਵਿੱਚ ਉਸ ਦਾ ਕੋਈ ਵੈ ਸੰਗੀ ਸਾਥੀ ਉਸ ਦਾ ਸਾਥ ਨਹੀਂ ਦਿੰਦਾ ਹੈ। ਇਸ ਮਨ ਨੂੰ ਕੀ ਸਮਝਾਵਾ ਕਿ ਇਹਨਾਂ ਨਾਲ ਪਿਆਰ ਪਾਇਆ ਹੋਇਆ ਹੈ ਜੋ ਕਿ ਤੇਰਾ ਸਾਥ ਛੱਡ ਕੇ ਨੱਸ ਜਾਂਦੇ ਹਨ ਹੇ ਪ੍ਰਭੂ ਤੂੰ ਗਰੀਬਾ ਦਾ ਰਾਖਾ ਏ ਤੇ ਡਰ ਦਾ ਨਾਸ਼ ਕਰਨ ਵਾਲਾ ਏ ਉਸ ਦੀ ਸਿਫ਼ਤ ਸਲਾਹ ਭੁਲਾਈ ਹੋਈ ਹੈ ਜਿਸ ਤਰ੍ਹਾਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ ਮੈਂ ਬਹੁਤ ਜਤਨ ਕੀਤੇ ਹਨ ਕਿ ਮੁੱਢ ਕਦੀਮ ਤੋ ਸੁਭਾਅ ਦੀ ਲਾਜ ਰੱਖ ਤਾਂ ਕਿ ਮੈਂ ਤੇਰਾ ਨਾਮ ਜਪ ਸਕਾ।

24. ਮਨ ਰੇ ਗਹਿਓ ਨ ਗੁਰ ਉਪਦੇਸੁ॥ ਕਹੁ ਭਇਓ ਜਉ ਮੂਡੁ ਮੁਡਾਇਓ ਭਗਵਾਉ ਕੀਨੋ ਭੇਸੁ॥1॥ ਰਹਾਉ॥ ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ॥ ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥1॥ ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ॥ ਉਰਝਿ ਰਹਿਓ ਬਿਖਿਆਨ ਸੰਗਿ ਬਉਰਾ ਨਾਮੁ ਰਤਨ ਬਿਸਰਾਨਾ॥2॥ ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ॥ ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ॥3॥10॥

ਇਸ ਸ਼ਬਦ ਰਾਹੀਂ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਹੇ ਮਨ ਤੂੰ ਗੁਰੂ ਦੀ ਸਿੱਖਿਆ ਗ੍ਰਹਿਣ ਨਹੀਂ ਕਰਦਾ ਭਾਵ ਕਿ ਤੂੰ ਗੁਰੂ ਦਾ ਉਪਦੇਸ਼ ਭੁਲਾ ਕੇ ਜੇ ਸਿਰ ਵੀ ਮੁਨਾ ਲਿਆ ਹੈ ਤੇ ਭਗਵੇਂ ਰੰਗ ਦੇ ਕੱਪੜੇ ਵੀ ਪਾ ਲਏ ਹਨ ਪਰ ਤਾਂ ਵੀ ਕੁਝ ਨਹੀਂ ਬਣਿਆ ਭਾਵ ਕਿ ਆਤਮਕ ਜੀਵਨ ਦਾ ਕੁਝ ਵੀ ਨਹੀਂ ਸਰਿਆ। ਹੇ ਮਨੁੱਖ ਤੂੰ ਪ੍ਰਭੂ ਦੀ ਭਜਨ ਬੰਦਗੀ ਕਰਿਆ ਕਰ ਤੂੰ ਮਾਇਆ ਦੇ ਹੱਥ ਹੀ ਕਿਉਂ ਵਿਕਿਆ ਹੋਇਆ ਏ ਇਹਨਾਂ ਪਦਾਰਥਾਂ ਵਿੱਚ ਹੀ ਮਗਨ ਹੋਇਆ ਰਹਿੰਦਾ ਹੈ। ਤੂੰ ਪ੍ਰਭੂ ਨੂੰ ਕਿਉਂ ਭੁਲਾਈ ਬੈਠਾ ਹੈ ਸਾਰੀ ਉਮਰ ਹੀ ਤੂੰ ਵਿਅਰਥ ਗਵਾ ਲਈ ਹੈ। ਹੇ ਹਰੀ ਤੂੰ ਆਪਣੇ ਮੁਢ ਕਦੀਮ ਦੇ ਸੁਭਾਅ ਨੂੰ ਚੇਤੇ ਰੱਖ ਇਹ ਜੀਵ ਤਾਂ ਸਦਾ ਹੀ ਭੁੱਲੇ ਰਹਿੰਦੇ ਹਨ।

25. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ਸੁਖ ਸਨੇਹੁ ਅਰੁ ਭੈ ਨਹੀ ਜਾ ਕੇ ਕੰਚਨ ਮਾਟੀ ਮਾਨੈ॥1॥ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥1॥ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥ਕਾਮ ਕ੍ਰੋਧ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ॥2॥ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥3॥11॥

ਗੁਰੂ ਜੀ ਇਸ ਸ਼ਬਦ ਦੁਆਰਾ ਇਹ ਸਿੱਖਿਆ ਦਿੰਦੇ ਹਨ ਕਿ ਜਿਹੜਾ ਮਨੁੱਖ ਦੁੱਖ ਵਿੱਚ ਘਬਰਾਉਂਦਾ ਨਹੀਂ ਭਾਵ ਕਿ ਦੁਖ ਨਹੀਂ ਮੰਨਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਸੁੱਖਾਂ ਨਾਲ ਮੋਹ ਨਹੀਂ ਭਾਵ ਜੋ ਕਿਸੇ ਕਿਸਮ ਦਾ ਡਰ ਆਪਣੇ ਮਨ ਵਿੱਚ ਨਹੀਂ ਰੱਖਦਾ ਜੋ ਮਨੁੱਖ ਸੋਨੇ ਨੂੰ ਮਿੱਟੀ ਸਮਝਦਾ ਹੈ ਉਸ ਦੇ ਅੰਦਰ ਹੀ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਜਿਸ ਮਨੁੱਖ ਦੇ ਅੰਦਰ ਚੁਗਲੀ , ਖੁਸ਼ਾਮਦ, ਲੋਭ, ਮੋਹ, ਅਹੰਕਾਰ ਨਹੀ ਹੈ ਜੋ ਖੁਸ਼ੀ ਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ ਜਿਸ ਨੂੰ ਆਦਰ ਤੇ ਨਿਰਾਦਰ ਪੋਹ ਨਹੀਂ ਸਕਦਾ ਉਸ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੈ ਜਿਸ ਮਨੁੱਖ ਦੇ ਉਪਰ ਗੁਰੂ ਨੇ ਮਿਹਰ ਕੀਤੀ ਹੈ ਉਸ ਨੇ ਹੀ ਇਹ ਜੀਵਨ ਜਾਂਚ ਸਮਝੀ ਹੈ ਉਹ ਮਨੁੱਖ ਪਰਮਾਤਮਾ ਨਾਲ ਇਉ ਇਕ ਮਿਕ ਹੁੰਦਾ ਹੈ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

26. ਪ੍ਰੀਤਮ ਜਾਨਿ ਲੇਹੁ ਮਨ ਮਾਹੀ॥ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥1॥ਰਹਾਉ॥ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥2॥ਇਹ ਬਿਧਿ ਕੋ ਬਿਉਹਾਰ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥3॥12॥139॥[25]

ਇਸ ਸ਼ਬਦ ਦੁਆਰਾ ਗੁਰੂ ਜੀ ਉਪਦੇਸ਼ ਦਿੰਦੇ ਹਨ ਦਾ ਕਿ ਆਪਣੇ ਮਨ ਵਿੱਚ ਇਹ ਗੱਲ ਪੱਕੀ ਤਰ੍ਹਾਂ ਭਾਵ ਕਿ ਚੰਗੀ ਤਰ੍ਹਾਂ ਸਮਝ ਲੈ ਕਿ ਸਾਰਾ ਹੀ ਸੰਸਾਰ ਆਪਣੇ ਸੁਖ ਦੇ ਨਾਲ ਹੀ ਬੱਝਿਆ ਹੋਇਆ ਹੈ ਭਾਵ ਕਿ ਕੋਈ ਵੀ ਕਿਸੇ ਦੇ ਨਾਲ ਨਿਭਣ ਵਾਲਾ ਸਾਥੀ ਨਹੀਂ ਬਣਦਾ। ਹੇ ਮਿੱਤਰ ਜਦੋਂ ਮਨੁੱਖ ਸੁੱਖ ਵਿੱਚ ਹੁੰਦਾ ਹੈ ਕਈ ਯਾਰ ਮਿਲ ਕੇ ਚੌਹੀ ਪਾਸੇ ਬੈਠ ਕੇ ਘੇਰ ਲੈਂਦੇ ਹਨ। ਪਰ ਜਦੋਂ ਮੁਸੀਬਤ ਪੈਂਦੀ ਹੈ ਤਾਂ ਸਾਰੇ ਹੀ ਸਾਥ ਛੱਡ ਜਾਂਦੇ ਹਨ। ਚਾਹੇ ਘਰ ਦੀ ਇਸਤਰੀ ਹੀ ਹੋਵੇ ਪਤੀ ਦੇ ਪ੍ਰਾਣ ਨਿਕਲਣ ਤੋਂ ਬਾਅਦ ਉਹ ਵੀ ਕਹਿ ਕੇ ਛੱਡ ਦਿੰਦੀ ਹੈ ਕਿ ਇਹ ਮਰ ਚੁੱਕਾ ਹੈ ਪਰੇ ਹੱਟ ਜਾਂਦੀ ਹੈ ਇਹੋ ਹੀ ਦੁਨੀਆ ਦਾ ਵਰਤਾਰਾ ਬਣਿਆ ਹੋਇਆ ਹੈ ਕਿ ਜਿਸ ਨਾਲ ਪਿਆਰ ਪਾਇਆ ਹੋਇਆ ਉਹ ਕੋਈ ਵੀ ਮਦਦ ਨਹੀਂ ਕਰ ਸਕਦਾ।

**ਰਾਗ ਧਨਾਸਰੀ -4**

27. ਕਾਹੇ ਰੇ ਮਨ ਖੋਜਨ ਜਾਈ॥ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥1॥ਰਹਾਉ॥ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥1॥ਬਾਹਰਿ

ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨ ਬਤਾਈ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥2॥1॥

ਇਸ ਸ਼ਬਦ ਦੁਆਰਾ ਗੁਰੂ ਤੇਗ ਬਹਾਦਰ ਜੀ ਸੰਬੋਧਿਤ ਕਰਦੇ ਹਨ ਕਿ ਇਸ ਪ੍ਰਭੂ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿੱਚ ਕਿਉਂ ਭਟਕਦਾ ਫਿਰਦਾ ਹੈ। ਕਿਉਂਕਿ ਪਰਮਾਤਮਾ ਤਾਂ ਹਰ ਜਗ੍ਹਾਂ ਤੇ ਆਪਣੇ ਨਿਵਾਸ ਕਰਦਾ ਹੈ, ਭਾਵ ਕਿ ਹਰ ਪਾਸੇ ਹੀ ਪਰਮਾਤਮਾ ਦਾ ਵਾਸਾ ਹੈ ਉਹ ਹਰ ਸਮੇਂ ਆਪਣੇ ਮਨ ਵਿੱਚ ਅੰਗ ਸੰਗ ਸਹਾਈ ਹੁੰਦਾ ਹੈ।ਜੋ ਕਿ ਸਦਾ ਹੀ ਨਿਰਲੇਪ ਰਹਿੰਦਾ ਹੈ। ਉਹ ਸਦਾ ਹੀ ਤੇਰੇ ਨਾਲ ਵੱਸਦਾ ਹੈ। ਜਿਸ ਤਰ੍ਹਾਂ ਫ਼ੁੱਲ ਵਿੱਚ ਸੁਗੰਧੀ, ਜਿਵੇਂ ਸ਼ੀਸ਼ੇ ਵਿੱਚ ਅਕਸ ਵੱਸਦਾ ਹੈ ਉਸ ਤਰ੍ਹਾਂ ਹੀ ਪ੍ਰਭੂ ਵੀ ਸਭਨਾਂ ਦੇ ਅੰਦਰ ਵੱਸਦਾ ਹੈ ਆਪਣੇ ਹਿਰਦੇ ਵਿੱਚ ਹੀ ਲੱਭ ਗੁਰੂ ਜੀ ਦਾ ਉਪਦੇਸ਼ ਹੈ ਕਿ ਪ੍ਰਭੂ ਤਾ ਅੰਦਰ ਬਾਹਰ ਵੱਸਦਾ ਹੈ ਉਸ ਨੂੰ ਸਮਝੋ। ਹੇ ਦਾਸ ਨਾਨਕ ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾਂ ਭਟਕਣ ਦਾ ਜਾਲਾ ਦੂਰ ਨਹੀਂ ਹੋ ਸਕਦਾ।

28. ਸਾਧੋ ਇਹੁ ਜਗੁ ਭਰਮ ਭੁਲਾਨਾ॥ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥1॥ਰਹਾਉ॥ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥1॥ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ॥2॥2॥[26]

ਗੁਰੂ ਜੀ ਇਸ ਸ਼ਬਦ ਰਾਹੀਂ ਮਨੁੱਖ ਨੂੰ ਇਹ ਦੱਸਦੇ ਹਨ ਕਿ ਇਸ ਜਗਤ ਵਿੱਚ ਮਾਇਆ ਦੀ ਭਟਕਣ ਦੇ ਵਿੱਚ ਵੀ ਕੁਰਾਹੇ ਪਿਆ ਰਹਿੰਦਾ ਹੈ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਛੱਡੀ ਰੱਖਦਾ ਹੈ ਅਤੇ ਮਾਇਆ ਦੇ ਹੱਥ ਵਿੱਚ ਵਿਕਿਆ ਰਹਿੰਦਾ ਹੈ ਅਤੇ ਆਪਣਾ ਜੀਵਨ ਮਾਇਆ ਦੇ ਚੱਕਰ ਵਿੱਚ ਹੀ ਆਤਮਕ ਜੀਵਨ ਨੂੰ ਗੁਆ ਦਿੰਦਾ ਹੈ। ਮਨੁੱਖ ਮਾਤਾ, ਪਿਤਾ, ਭਰਾ, ਪੁੱਤਰ, ਇਸਤਰੀ ਇਹਨਾਂ ਦੇ ਮੋਹ ਵਿੱਚ ਫ਼ਸਿਆ ਰਹਿੰਦਾ ਹੈ। ਜਵਾਨੀ, ਧਨ, ਤਾਕਤ ਦੇ ਨਸ਼ੇ ਵਿੱਚ ਜਗਤ ਵਿੱਚ ਦਿਨ ਰਾਤ ਝੱਲਾ ਹੋਇਆ ਰਹਿੰਦਾ ਹੈ। ਜਿਹੜਾ ਪਰਮਾਤਮਾ ਦੀਨਾ ਉਤੇ ਦਇਆ ਕਰਨ ਵਾਲਾ ਹੈ ਜੋ ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ ਜਗਤ ਉਸ ਨਾਲ ਆਪਣਾ ਮਨ ਨਹੀਂ ਜੋੜਦਾ। ਕ੍ਰੋੜਾਂ ਵਿੱਚੋ ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਸ਼ਰਨ ਵਿੱਚ ਪੈ ਕੇ ਪਰਮਾਤਮਾ ਨਾਲ ਸਾਂਝ ਪਾਈ ਹੈ।

29. ਤਿਹ ਜੋਗੀ ਕਉ ਜੁਗਤਿ ਨ ਜਾਨਉ॥ਲੋਭ ਮੋਹ ਮਾਇਆ ਮਮਤਾ ਫੁਨਿ ਜਹ ਘਟਿ ਮਾਹਿ ਪਛਾਨਉ॥1॥ਰਹਾਉ॥ਪਰ ਨਿੰਦਾ ਉਸਤਿਤ ਨਹ ਜਾ ਕੈ ਕੰਚਨ ਲੋਹ ਸਮਾਨੋ॥ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ॥2॥3॥

ਇਸ ਸ਼ਬਦ ਦਾ ਮਨੋਰਥ ਇਹ ਕਿ ਜਿਸ ਵਿਅਕਤੀ ਦੇ ਅੰਦਰ ਦੇ ਹਿਰਦੇ ਵਿੱਚ ਜੋ ਵੀ ਮੋਹ ਮਾਇਆ ਦਾ ਲੋਭ ਹੈ ਜਿਸ ਦੇ ਅੰਦਰ ਮਮਤਾ ਦੀਆਂ ਲਹਿੰਰਾ ਦਾ ਉਛਾਲ ਅਜੇ ਤੱਕ ਵੀ ਹੈ। ਉਸ ਮਨੁੱਖ ਨੂੰ ਇਸ ਲਈ ਅਜੇ ਤੱਕ ਵੀ ਜੀਵਨ – ਜਾਂਚ ਨਹੀਂ ਆਈ ਹੈ। ਜਿਸ ਮਨੁੱਖ ਦੇ ਅੰਦਰ ਪਰਾਈ ਨਿੰਦਿਆ ਨਹੀ ਹੈ,ਭਾਵ ਕਿ ਖੁਸ਼ਾਮਦ ਨਹੀ ਹੈ ਜਿਸ ਨੂੰ ਸੋਨਾ

ਲੋਹਾ ਇਕੋ ਜਿਹੇ ਹੀ ਦਿਸਦੇ ਹਨ, ਜੋ ਮਨੁੱਖ ਖੁਸ਼ੀ ਤੇ ਗਮੀ ਤੋਂ ਨਿਰਲੇਪ ਰਹਿੰਦੀ ਹੈ ਉਸ ਨੂੰ ਹੀ ਜੋਗੀ ਆਂਖੋ ਭਾਵ ਕਿ ਇਹ ਮਨ ਜੋ ਚੰਚਲ ਹੈ ਦੌੜਦਾ ਫ਼ਿਰਦਾ ਹੈ ਜਿਸ ਨੂੰ ਮਨੁੱਖ ਨੇ ਅਡੋਲ ਕਰ ਕੇ ਟਿਕਾ ਲਿਆ ਹੈ ਜਿਹੜਾ ਮਨੁੱਖ ਇਸ ਕਿਸਮ ਦਾ ਹੈ, ਸਮਝ ਲਉ ਕਿ ਉਸ ਨੂੰ ਵਿਕਾਰਾਂ ਤੋਂ ਖਲਾਸੀ ਮਿਲ ਗਈ ਹੈ।

30. ਅਬ ਮੈਂ ਕਉਨੁ ਉਪਾਉ ਕਰਉ॥ ਜਿਹਿ ਬਿਧ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ॥1॥ ਰਹਾਉ॥ ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ॥ ਮਨ ਬਚ ਕ੍ਰੋਧ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ॥1॥ ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥ ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ॥2॥4॥

ਇਸ ਸ਼ਬਦ ਦਾ ਅਰਥ ਹੈ ਕਿ ਹੇ ਮਨੁੱਖ ਇਸ ਮਨ ਨੂੰ ਸਮਝਾਉਣ ਲਈ ਕਿਹੜਾ ਉਪਾਅ ਕਰਾਂ ਜਾਂ ਜਤਨ ਕਰਾਂ ਜਿਸ ਦੇ ਨਾਲ ਕਿ ਇਸ ਮਨ ਦੇ ਸਮਾਂ ਖਤਮ ਹੋ ਜਾਣ ਭਾਵ ਕਿ ਇਹ ਮਨ ਦਾ ਡਰ ਮੁੱਕ ਜਾਏ ਅਤੇ ਮੈਂ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਵਾ। ਕਿ ਮਨੁੱਖਾ ਜਨਮ ਪਾ ਕੇ ਕੋਈ ਭਲਾਈ ਨਹੀਂ ਕੀਤੀ ਹੈ ਇਸ ਲਈ ਮੈਨੂੰ ਬਹੁਤ ਡਰ ਲੱਗਦਾ ਹੈ ਮੇਰੀ ਜਿੰਦ ਵਿੱਚ ਹਰ ਸਮੇਂ ਇਹੀ ਚਿੰਤਾ ਰਹਿੰਦੀ ਹੈ ਕਿ ਮੈਂ ਆਪਣੇ ਮਨ ਨਾਲ ਬਚਨ ਨਾਲ ਕਰਮ ਨਾਲ ਕਦੇ ਵੀ ਪ੍ਰਭੂ ਦਾ ਗੁਣ ਨਹੀਂ ਗਾਇਆ ਹੈ ਗੁਰੂ ਦੀ ਮਤਿ ਸੁਣ ਕੇ ਮੇਰੇ ਅੰਦਰ ਆਤਮਕ ਜੀਵਨ ਦੀ ਕੋਈ ਵੀ ਸੂਝ ਨਹੀਂ ਪੈਦਾ ਹੋਈ ਮੈਂ ਪਸ਼ੂ ਵਾਂਗ ਹੀ ਆਪਣਾ ਢਿੱਡ ਭਰ ਲੈਂਦਾ ਹਾਂ।ਮੈਂ ਵਿਕਾਰੀ ਤਦੋਂ ਹੀ ਪਾਰ ਲੰਘ ਸਕਦਾ ਹਾਂ ਜੇ ਤੂੰ ਆਪਣਾ ਮੁਢ ਕਦੀਮ ਦਾ ਸੁਭਾਅ ਚੇਤੇ ਰੱਖੇ।

**ਰਾਗ ਜੈਤਸਰੀ -3**

31. ਭੂਲਿਓ ਮਨੁ ਮਾਇਆ ਉਰਝਾਇਓ॥ ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥1॥ ਰਹਾਉ॥ ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ॥ ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ॥1॥ ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ॥ ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ॥2॥1॥[27]

ਗੁਰੂ ਜੀ ਇਸ ਸ਼ਬਦ ਦੁਆਰਾ ਸਿੱਖਿਆ ਦਿੰਦੇ ਹਨ ਕਿ ਜੋ ਭੁੱਲਿਆ ਹੋਇਆ ਮਨ ਹੈ ਉਹ ਮਾਇਆ ਦੇ ਮਨ ਵਿੱਚ ਫਸਿਆ ਰਹਿੰਦਾ ਹੈ ਅਤੇ ਇਹ ਲਾਲਚ ਵਿੱਚ ਫਸ ਕੇ ਜਿਹੜਾ ਕੰਮ ਕਰਦਾ ਹੈ, ਉਹਨਾਂ ਦੀ ਰਾਹੀਂ ਆਪਣੇ ਆਪ ਨੂੰ ਹੋਰ ਵੀ ਇਸ ਵਿੱਚ ਫਸਾ ਲਿਆ ਹੈ।ਜਦੋਂ ਮਨੁੱਖ ਸਹੀ ਰਾਹ ਤੋਂ ਖੁੰਝ ਕੇ ਆਤਮਕ ਜੀਵਨ ਦੀ ਸੋਝੀ ਨਾ ਹੋ ਕੇ ਵਿਸ਼ਿਆ ਦੇ ਸੁਆਦ ਵਿੱਚ ਮਸਤ ਰਹਿੰਦਾ ਹੈ ਜਿਸ ਨਾਲ ਉਹ ਪ੍ਰਭੂ ਨੂੰ ਭੁੱਲ ਜਾਂਦਾ ਹੈ ਡੂੰਘੀ ਸਾਂਝ ਨਹੀਂ ਪਾਉਂਦਾ ਤੇ ਭਟਕਣਾ ਵਿੱਚ ਦੌੜਨ ਲੱਗਦਾ ਹੈ ਹੇ ਭਾਈ ਰਤਨ ਵਰਗਾ ਕੀਮਤੀ ਪ੍ਰਭੂ ਤੇਰੇ ਹਿਰਦੇ ਦੇ ਅੰਦਰ ਹੀ ਵੱਸਦਾ ਹੈ ਤੂੰ ਉਸ ਨਾਲ ਸਾਂਝ ਨਹੀਂ ਬਣਾਉਂਦਾ ਪਰਮਾਤਮਾ ਦੇ ਭਜਨ ਤੋਂ ਬਿਨਾਂ ਮਨੁੱਖ ਆਪਣਾ ਜੀਵਨ ਵਿਅਰਥ ਗੁਆ ਦਿੰਦਾ ਹੈ।

32. ਹਰਿ ਜੂ ਰਾਖਿ ਲੇਹੁ ਪਤਿ ਮੇਰੀ॥ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ॥1॥ਰਹਾਉ॥ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ॥ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ॥1॥ਕੀਏ ਉਪਾਵ ਮੁਕਿਤ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ॥ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ॥2॥ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨ ਕਰਮੁ ਅਬ ਕੀਜੈ॥ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ॥3॥2॥

ਇਸ ਸ਼ਬਦ ਦੁਆਰਾ ਗੁਰੂ ਜੀ ਮਨੁੱਖ ਨੂੰ ਉਸ ਦੀ ਦਸ਼ਾ ਦਾ ਬੋਧ ਕਰਾਇਆ ਹੈ ਕਿ ਹੇ ਪ੍ਰਭੂ ਮੇਰੀ ਲਾਜ ਰੱਖ ਲਵੋ ਕਿਉਂਕਿ ਮੇਰੇ ਹਿਰਦੇ ਵਿੱਚ ਮਨ ਵਿੱਚ ਮੌਤ ਦਾ ਡਰ ਵੱਸ ਰਿਹਾ ਹੈ ਜਿਸ ਤੋਂ ਸਿਰਫ ਪ੍ਰਭੂ ਦੀ ਸ਼ਰਨ ਵਿੱਚ ਆ ਕੇ ਹੀ ਵਸਿਆ ਜਾ ਸਕਦਾ ਹੈ ਤੇ ਮੈਂ ਤੇਰਾ ਆਸਰਾ ਲਿਆ ਹੋਇਆ ਹੈ ਕਿ ਇਸ ਵਿਕਾਰਾਂ ਤੋਂ ਬਚਾਅ ਕਰ।ਹੇ ਪ੍ਰਭੂ, ਮੈਂ ਅਜਿਹਾ ਵੱਡਾ ਵਿਕਾਰੀ ਹਾਂ, ਮੂਰਖ ਹਾਂ, ਲਾਲਚੀ ਵੀ ਹਾਂ, ਪਾਪ ਕਰਦਾ ਕਰਦਾ ਹੁਣ ਮੈਂ ਥੱਕ ਚੁੱਕਾ ਹਾਂ ਮੈਨੂੰ ਸਾੜਦਾ ਹੈ।ਮੌਤ ਦੇ ਇਸ ਡਰ ਤੋਂ ਮੈਂ ਖਲਾਸੀ ਹਾਸਲ ਕਰਨ ਲਈ ਅਨੇਕਾਂ ਹੀਲੇ ਕੀਤੇ ਹਨ ਦਸੀ ਪਾਸੇ ਉਠ-ਉਠ ਕੇ ਮੈਂ ਦੌੜਿਆ ਹਾਂ ਨਿਰਲੇਪ ਪਰਮਾਤਮਾ ਹਿਰਦੇ ਵਿੱਚ ਹੀ ਵੱਸਦਾ ਹੈ ਉਸ ਦਾ ਭੇਤ ਮੈਂ ਨਹੀਂ ਸਮਝਿਆ।ਕੋਈ ਵੀ ਮੈਂ ਜਪ ਤਪ ਨਹੀਂ ਕੀਤਾ ਹੁਣ ਕਿਹੜਾ ਕੰਮ ਕੀਤਾ ਜਾਏ ਹੇ ਪ੍ਰਭੂ ਹਾਰ ਕੇ ਮੈਂ ਤੇਰੀ ਸਰਨ ਆ ਪਿਆ ਹਾਂ, ਹੇ ਪ੍ਰਭੂ ਮੈਨੂੰ ਮੌਤ ਦੇ ਡਰ ਤੋਂ ਖਲਾਸੀ ਦਾ ਦਾਨ ਦੇਹ।

33. ਮਨ ਰੇ ਸਾਚਾ ਗਹੋ ਬਿਚਾਰਾ॥ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ॥1॥ਰਹਾਉ॥ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ॥ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ॥1॥ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ॥ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ॥2॥3॥

ਇਸ ਸ਼ਬਦ ਦੁਆਰਾ ਗੁਰੂ ਜੀ ਨੇ ਮਨ ਦੀ ਸ਼ੰਕਾ ਨੂੰ ਦਰਸਾਇਆ ਗਿਆ ਹੈ ਕਿ ਇਹ ਅਟਲ ਜੋ ਵਿੱਚਾਰ ਹੈ ਜੋ ਕਿ ਸਾਂਭ ਕੇ ਆਪਣੇ ਹਿਰਦੇ ਵਿੱਚ ਰੱਖ ਕਿ ਪਰਮਾਤਮਾ ਦੇ ਨਾਮ ਤੋਂ ਛੱਡ ਕੇ ਬਾਕੀ ਇਸ ਸਾਰੇ ਹੀ ਸੰਸਾਰ ਨੂੰ ਤੂੰ ਨਾਸਵੰਤ ਜਾਣ।ਹੇ ਮੇਰੇ ਮਨ! ਜੋ ਪਰਮਾਤਮਾ ਨੂੰ ਲੱਭਦੇ ਜੋਗੀ ਥੱਕ ਗਏ ਹਨ ਉਹਨਾਂ ਨੂੰ ਕੋਈ ਲੱਭ ਨਹੀਂ ਸਕਿਆ ਹੈ ਉਸ ਮਾਲਕ ਨੂੰ ਤੂੰ ਆਪਣੇ ਅੰਗ ਸੰਗ ਵੱਸਦਾ ਜਾਣ, ਪਰ ਉਸ ਦਾ ਕੋਈ ਰੂਪ ਉਸ ਦਾ ਕੋਈ ਚਿੰਨ੍ਹ ਦੱਸਿਆ ਨਹੀਂ ਜਾ ਸਕਦਾ।ਹੇ ਮੇਰੇ ਮਨ ਜਗਤ ਵਿੱਚ ਪਰਮਾਤਮਾ ਦਾ ਨਾਮ ਪਵਿੱਤਰ ਕਰਨ ਵਾਲਾ ਹੈ ਤੂੰ ਉਸ ਨਾਮ ਨੂੰ ਕਦੀ ਵੀ ਨਹੀਂ ਜਪਿਆ ਨਾ ਹੀ ਆਪਣੇ ਅੰਦਰ ਸਾਂਭ ਕੇ ਰੱਖਿਆ ਹੈ ਹੇ ਪ੍ਰਭੂ ਸਾਰੇ ਜਗ ਦੇ ਰਾਖਨਹਾਰੇ ਮੈਂ ਤੇਰੀ ਸਰਨ ਵਿੱਚ ਆਇਆ ਹਾਂ ਤੂੰ ਮੇਰੀ ਰੱਖਿਆ ਕਰ।

**ਰਾਗ ਟੋਡੀ** –1

34. ਕਹਉ ਕਹਾ ਅਪਨੀ ਅਧਮਾਈ॥ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥1॥ਰਹਾਉ॥ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰਚੁ ਉਪਜਾਈ॥ਦੀਨ ਬੰਧ ਸਿਮਰਿਓ ਨਹੀ

ਕਬਹੂ ਹੋਤ ਜੁ ਸੰਗਿ ਸਹਾਈ॥1॥ਮਗਨ ਰਹਿਓ ਮਾਇਆ ਮੈ ਨਿਸਿ ਦਿਨਿ ਛੁਟੀ ਨ ਮਨ ਕੀ ਕਾਈ॥ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ॥2॥1॥[28]

ਗੁਰੂ ਜੀ ਇਸ ਸ਼ਬਦ ਰਾਹੀਂ ਇਹ ਉਪਦੇਸ਼ ਦਿੰਦੇ ਹਨ ਕਿ ਮੈਂ ਆਪਣੀ ਨੀਚਤਾ ਕਿੰਨੀ ਕੁ ਬਿਆਨ ਕੀਤੀ ਜਾਵੇ ਕਿਉਂਕਿ ਮੈਂ ਕਦੇ ਵੀ ਪਰਮਾਤਮਾ ਦੀ ਸਿਫਤ ਸਲਾਹ ਨਹੀਂ ਕੀਤੀ ਹੈ ਤੇ ਮੇਰਾ ਮਨ ਸਦਾ ਹੀ ਧਨ-ਪਦਾਰਥ ਅਤੇ ਇਸਤਰੀ ਦੇ ਰਸਾਂ ਵਿੱਚ ਹੀ ਫਸਿਆ ਰਹਿੰਦਾ ਹੈ।ਹੇ ਮਨੁੱਖ ਇਸ ਨਾਸਵੰਤ ਸੰਸਾਰ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਕੇ ਮੈਂ ਇਸ ਸੰਸਾਰ ਨਾਲ ਹੀ ਪ੍ਰੀਤਿ ਬਣਾਈ ਹੋਈ ਹੈ।ਮੈਂ ਉਸ ਪਰਮਾਤਮਾ ਦਾ ਨਾਮ ਕਦੇ ਨਹੀਂ ਸਿਮਰਿਆ ਜੋ ਨਿਮਾਣਿਆ ਦਾ ਰਿਸ਼ਤੇਦਾਰ ਹੈ।ਹੇ ਭਾਈ ਮੈਂ ਰਾਤ ਦਿਨ ਮਾਇਆ ਵਿੱਚ ਮਸਤ ਰਿਹਾ ਹਾਂ, ਮਨ ਦੀ ਮੈਲ ਦੂਰ ਨਹੀਂ ਹੋ ਸਕੀ।ਪ੍ਰਭੂ ਦੀ ਸਰਣ ਪੈਣ ਤੋਂ ਬਿਨਾਂ ਕਿਸੇ ਵੀ ਹੋਰ ਥਾਂ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ।

**ਰਾਗ ਤਿਲੰਗ -3**

35. ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੇ ਘਟ ਜਿਉ ਪਾਨੀ॥1॥ਰਹਾਉ॥ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥2॥1॥

ਇਸ ਦੁਆਰਾ ਗੁਰੂ ਜੀ ਇਹ ਸਿੱਖਿਆ ਦਿੰਦੇ ਹਨ ਕਿ ਹੇ ਮਨੁੱਖ ਜੇ ਤੂੰ ਪਰਮਾਤਮਾ ਦਾ ਨਾਮ ਜਪਣਾ ਹੈ ਭਾਵ ਕਿ ਸਿਮਰਨ ਕਰਨਾ ਹੈ ਤਾਂ ਦਿਨ ਰਾਤ ਇਕ ਕਰ ਕੇ ਇਸ ਨੂੰ ਸਿਮਰਨਾ ਸ਼ੁਰੂ ਕਰ ਦੇ ਕਿਉਂਕਿ ਜਿਸ ਤਰ੍ਹਾਂ ਟੁੱਟੇ ਹੋਏ ਘੜੇ ਵਿੱਚੋਂ ਤੁਪਕਾ-ਤੁਪਕਾ ਪਾਣੀ ਡਿੱਗਦਾ ਹੈ ਉਸੇ ਤਰ੍ਹਾਂ ਹੀ ਇਕ ਇਕ ਛਿਨ ਕਰ ਕੇ ਉਮਰ ਵੀ ਘਟਦੀ ਜਾ ਰਹੀ ਹੈ।ਹੇ ਮੂਰਖ ਪ੍ਰਾਣੀ ਤੂੰ ਪਰਮਾਤਮਾ ਦੀ ਸਿਫ਼ਤ ਸਲਾਹ ਦੇ ਗੀਤ ਕਿਉਂ ਨਹੀਂ ਗਾਉਂਦਾ ਤੂੰ ਮਾਇਆ ਦੇ ਝੂਠੇ ਲਾਲਚ ਵਿੱਚ ਫਸ ਕੇ ਮੌਤ ਨੂੰ ਚੇਤੇ ਕਿਉਂ ਨਹੀਂ ਕਰਦਾ।ਤੂੰ ਪ੍ਰਭੂ ਦੇ ਗੁਣ ਗਾਉਦੇ ਸ਼ੁਰੂ ਕਰ ਦੇਵੇ ਤਾਂ ਫਿਰ ਵੀ ਤੇਰਾ ਕੋਈ ਨੁਕਸਾਨ ਨਾ ਹੋਵੇ।ਪਰਮਾਤਮਾ ਦੀ ਭਜਨ ਬੰਦਗੀ ਦੇ ਨਾਲ ਤੂੰ ਉਹ ਦਰਜਾ ਪ੍ਰਾਪਤ ਕਰ ਸਕਦਾ ਹੈ ਜਿੱਥੇ ਕਿ ਕੋਈ ਵੀ ਡਰ ਬੰਦੇ ਨੂੰ ਪੋਹ ਨਹੀਂ ਸਕਦਾ।

36. ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗੀ ਨ ਹੋਇਆ॥1॥ਰਹਾਉ॥ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥1॥ਜੀਵਤ ਲਉ ਬਿਉਹਾਰ ਹੈ ਜਗ ਕਉ ਤੁਮ ਜਾਨਉ॥ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥2॥2॥

ਗੁਰੂ ਜੀ ਇਸ ਸ਼ਬਦ ਦੁਆਰਾ ਸੰਬੋਧਿਤ ਕਰਦੇ ਹਨ ਕਿ ਜਿਸ ਵਿੱਚ ਹੇ ਮਨ! ਨੂੰ ਸਮਝਾ ਰਿਹਾ ਹੈ ਕਿ ਹੇ ਮਨ ਤੂੰ ਜਾਗ ਭਾਵ ਹੋਸ਼ ਕਰ ਤੂੰ ਕਿੱਥੇ ਸੁੱਤਾ ਪਿਆ ਹੈ ਬੇਪਰਵਾਹ ਹੋ ਕੇ ਸੋ ਰਿਹਾ ਹੈ।ਜਿਹੜਾ ਸਰੀਰ ਜੋ ਕਿ ਮਨੁੱਖ ਦੇ ਨਾਲ ਹੀ ਪੈਦਾ ਹੋਇਆ ਹੈ ਉਹ ਵੀ ਸਾਥ ਨਹੀਂ ਰਹਿੰਦਾ।ਮਨੁੱਖ ਦਾ ਜਿਹੜਾ ਵੀ ਰਿਸ਼ਤਾ ਹੈ ਚਾਹੇ ਉਹ ਮਾਂ, ਬਾਪ , ਭਾਈ, ਭਰਾ

ਸਾਰਿਆ ਦੇ ਨਾਲ ਪਿਆਰ ਹੈ।ਜਦੋਂ ਜਿੰਦ ਸਰੀਰ ਵਿੱਚੋ ਵੱਖ ਹੁੰਦਾ ਹੈ ਉਦੋਂ ਹੀ ਸਾਰੇ ਉਸ ਦੇ ਸਰੀਰ ਨੂੰ ਅੱਗ ਵਿੱਚ ਪਾ ਦਿੰਦੇ ਹਨ।ਹੇ ਨਾਨਕ ਇਸ ਜੀਵਨ ਨੂੰ ਸਿਰਫ ਉਦੋਂ ਤੱਕ ਹੀ ਤੂੰ ਸਮਝ ਜਿੱਥੇ ਕਿ ਜ਼ਿੰਦਗੀ ਤੱਕ ਹੀ ਵਰਤਣ ਵਿਹਾਰ ਰਹਿੰਦਾ ਹੈ, ਉਂਵ ਇਹ ਸਾਰਾ ਸੁਪਨੇ ਦੇ ਵਾਂਗ ਹੀ ਹੈ ਇਸ ਲਈ ਪਰਮਾਤਮਾ ਦੇ ਗੁਣ ਗਾਇਆ ਕਰ।

37. ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥1॥ਰਹਾਉ॥ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥1॥ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥ਪਾਪ ਕਰਤ ਸੁਕਚਿਓ ਨਹੀ ਨਹ ਗਰੁਬ ਨਿਵਾਰਿਓ॥2॥ਜਿਹਿ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥3॥3॥

ਮਨੁੱਖ ਦੀ ਦੁਨਿਆਵੀ ਅਵਸਥਾ ਨੂੰ ਗੁਰੂ ਜੀ ਨੇ ਬਿਆਨ ਕੀਤਾ ਹੈ ਕਿ ਹੇ ਮਨ ਤੂੰ ਪ੍ਰਭੂ ਦਾ ਨਾਮ ਜਪ ਲੈ ਭਾਵ ਕਿ ਰੱਬ ਦੇ ਗੀਤ ਗਾਇਆ ਕਰ ਪ੍ਰਭੂ ਦਾ ਨਾਮ ਜਪਿਆ ਕਰ ਕਿਉਂਕਿ ਇਹ ਸਿਫਤ ਸਲਾਹ ਹੀ ਤੇਰਾ ਅਸਲੀ ਸਾਥੀ ਹੈ।ਇਸ ਲਈ ਇਹ ਕਹਿਣਾ ਮੰਨ ਲੈ ਕੇ ਉਮਰ ਲੰਘਦੀ ਜਾ ਰਹੀ ਹੈ।ਮਨੁੱਖ ਦੁਨਿਆਵੀ ਧਨ, ਪਦਾਰਥ, ਰਥ, ਮਾਲ, ਰਾਜ ਨਾਲ ਜੋ ਵੀ ਬੜਾ ਮੋਹ ਪਿਆਰ ਕਰਦਾ ਹੈ ਪਰ ਜਦੋਂ ਮੌਤ ਦੀ ਫਾਹੀ ਗਲ ਪੈਂਦੀ ਹੈ ਤਾਂ ਹਰ ਇਕ ਚੀਜ਼ ਬੇਗਾਨੀ ਹੋ ਜਾਂਦੀ ਹੈ।ਸਾਰਾ ਕੁਝ ਜਾਣਦੇ ਹੋਏ ਵੀ ਮਨੁੱਖ ਆਪਣਾ ਕੰਮ ਵਿਗਾੜਦਾ ਹੈ, ਪਾਪ ਕਰਦਾ ਸੰਗਦਾ ਨਹੀਂ ਤੇ ਹੰਕਾਰ ਵੀ ਦੂਰ ਨਹੀ ਕਰਦਾ।ਹੇ ਭਾਈ ਗੁਰੂ ਜੀ ਨੇ ਆਖਿਆ ਹੈ ਕਿ ਉਹ ਸੁਣ ਲੈ ਜੋ ਪ੍ਰਭੂ ਦੀ ਸਰਨ ਵਿੱਚ ਪਿਆ ਰਹਿ ਭਾਵ ਪ੍ਰਭੂ ਦਾ ਨਾਮ ਜਪਿਆ ਕਰ।

**ਰਾਗ ਬਿਲਾਵਲੁ-3**

38. ਦੁਖ ਹਰਤਾ ਹਰਿ ਨਾਮੁ ਪਛਾਨੋ॥ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥1॥ਰਹਾਉ॥ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥1॥ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥2॥1॥[29]

ਇਸ ਸ਼ਬਦ ਦੇ ਰਾਹੀਂ ਗੁਰੂ ਜੀ ਇਹ ਸਿੱਖਿਆ ਦਿੰਦੇ ਹਨ ਕਿ ਹੇ ਮਨੁੱਖ ਤੂੰ ਪ੍ਰਭੂ ਦੇ ਨਾਮ ਨਾਲ ਹੀ ਆਪਣੀ ਸਾਂਝ ਪਾ ਲੈ ਕਿਉਂਕਿ ਪ੍ਰਭੂ ਹੀ ਸਾਰੇ ਦੁੱਖਾਂ ਨੂੰ ਹਰਨ ਵਾਲਾ ਹੈ ਨਾਸ ਕਰਨ ਵਾਲਾ ਹੈ।ਇਸ ਨਾਮ ਨੂੰ ਸਿਮਰਦਿਆ ਹੀ ਅਨੇਕਾਂ ਵਿਕਾਰਾਂ ਤੋਂ ਹੱਟ ਕੇ ਮੁਕਤੀ ਪ੍ਰਾਪਤ ਹੋ ਸਕਦੀ ਹੈ।ਇਸ ਲਈ ਆਪਣੇ ਹਿਰਦੇ ਵਿੱਚ ਹੀ ਤੂੰ ਆਪਣੇ ਹਰਿ ਨਾਮ ਨੂੰ ਨਾਲ ਜਾਣ ਪਛਾਣ ਬਣਾਈ ਰੱਖ।ਜਦੋਂ ਗਜ ਨੇ ਪਰਮਾਤਮਾ ਦਾ ਨਾਮ ਉਚਾਰਿਆ ਸੀ ਉਸਦੀ ਬਿਪਤਾ ਵੀ ਇਕ ਛਿਨ ਵਿੱਚ ਦੂਰ ਹੋ ਗਈ ਸੀ ਤੇ ਨਾਰਦ ਦਾ ਉਪਦੇਸ਼ ਸੁਣਦਿਆ ਹੀ ਬਾਲਕ ਧ੍ਰੂ ਵੀ ਪਰਮਾਤਮਾ ਦੇ ਭਜਨ ਵਿੱਚ ਮਸਤ ਹੋ ਗਿਆ ਸੀ ਉਸ ਨੇ ਅਜਿਹਾ ਆਤਮਕ ਦਰਜਾ ਪ੍ਰਾਪਤ ਕਰ ਲਿਆ ਸੀ।ਉਸ ਨੂੰ ਵੇਖ ਕੇ ਦੁਨੀਆ ਹੈਰਾਨ ਹੋ ਰਹੀ ਹੈ।ਨਾਨਕ ਭਾਈ ਤੂੰ ਵੀ ਉਹ ਪਰਮਾਤਮਾ ਆਪਣੇ ਭਗਤਾਂ ਦੀ ਰੱਖਿਆ ਕਰਨ ਵਾਲਾ ਹੈ।

39. ਹਰਿ ਕੇ ਨਾਮ ਬਿਨਾ ਦੁਖੁ ਪਾਵੈ॥ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥1॥ਰਹਾਉ॥ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ॥ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥1॥ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥2॥2॥

ਗੁਰੂ ਜੀ ਇਸ ਸ਼ਬਦ ਦੁਆਰਾ ਇਹ ਸਿੱਖਿਆ ਦਿੰਦੇ ਹਨ ਕਿ ਗੁਰੂ ਹੀ ਹਰਿ ਹੀ ਜੀਵਨ ਦੇ ਮਾਰਗ ਬਾਰੇ ਰਾਹ ਦੱਸਦਾ ਹੈ ਕਿ ਪਰਮਾਤਮਾ ਦੀ ਭਗਤਿ ਕਰਨ ਤੋਂ ਬਿਨਾਂ ਮਨੁੱਖ ਦਾ ਸਹਿਮ ਖਤਮ ਨਹੀਂ ਹੁੰਦਾ ਅਤੇ ਪਰਮਾਤਮਾ ਦਾ ਨਾਮ ਸਿਮਰਨ ਕਰਨ ਤੋਂ ਬਿਨਾਂ ਦੁੱਖ ਸਹਾਰਦਾ ਹੈ।ਜੇ ਮਨੁੱਖ ਤੂੰ ਪਰਮਾਤਮਾ ਦੀ ਸ਼ਰਨ ਵਿੱਚ ਨਹੀਂ ਪੈਦਾਂ ਤਾਂ ਤੇਰਾ ਤੀਰਥ ਯਾਤਰਾ ਕਰਨ ਦਾ ਵਰਤ ਰੱਖਣ ਦਾ ਕੋਈ ਫਾਇਦਾ ਨਹੀਂ ਜਿਹੜਾ ਮਨੁੱਖ ਪਰਮਾਤਮਾ ਦੀ ਸਿਫਤ ਸਲਾਹ ਨੂੰ ਭੁਲਾ ਦਿੰਦਾ ਹੈ ਉਹ ਵਿਅਰਥ ਹੈ।ਜਿਹੜਾ ਮਨੁੱਖ ਹੰਕਾਰ ਤੇ ਮਾਇਆ ਦਾ ਮੋਹ ਛੱਡ ਕੇ ਪਰਮਾਤਮਾ ਦੀ ਸਿਫਤ ਦੇ ਗੀਤ ਗਾਉਂਦਾ ਰਹਿੰਦਾ ਉਹ ਮੁਕਤ ਜੀਵਨ ਜਿਊਂਦਾ ਅਖਵਾਉਂਦਾ ਹੈ।

40. ਜਾ ਮੈ ਭਜਨੁ ਰਾਮ ਕੋ ਨਾਹੀ॥ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ॥1॥ਰਹਾਉ॥ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥1॥ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥ਤੈਸੇ ਹੀ ਤੁਮ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥2॥ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥ਕਹੁ ਨਾਨਕ ਸੋਈ ਨਰੁ ਗੁਰੂਆ ਜੋ ਪ੍ਰਭ ਕੇ ਗੁਨ ਗਾਵੈ॥3॥3॥

ਇਸ ਸ਼ਬਦ ਵਿੱਚ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਪ੍ਰਭੂ ਦਾ ਨਾਮ ਨਹੀਂ ਹੈ ਭਾਵ ਕਿ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਜਿਸ ਦੇ ਅੰਦਰ ਭਜਨ ਨਹੀਂ ਹੈ ਉਸ ਮਨੁੱਖ ਨੇ ਆਪਣੀ ਜ਼ਿੰਦਗੀ ਨੂੰ ਵਿਅਰਥ ਹੀ ਗਵਾ ਲਿਆ ਹੈ।ਜਿਸ ਮਨੁੱਖ ਦਾ ਮਨ ਆਪਣੇ ਵੱਸ ਵਿੱਚ ਨਹੀਂ ਹੈ ਉਹ ਤੀਰਥ ਇਸ਼ਨਾਨ ਕਰਦਾ, ਵਰਤ ਰੱਖਣ ਦਾ ਵੀ ਕੋਈ ਫਾਇਦਾ ਨਹੀਂ ਹੈ ਉਸ ਦਾ ਧਰਮ ਵਿਅਰਥ ਹੈ।ਜਿਸ ਤਰ੍ਹਾਂ ਪਾਣੀ ਵਿੱਚ ਰੱਖਿਆ ਹੋਇਆ ਪੱਥਰ ਪਾਣੀ ਨੂੰ ਵਿੰਨ ਨਹੀਂ ਸਕਦਾ ਉਸੇ ਤਰ੍ਹਾਂ ਹੀ ਇਹੋ ਜਿਹਾ ਹੀ ਉਹ ਮਨੁੱਖ ਨੂੰ ਸਮਝੋ ਜੋ ਪ੍ਰਭੂ ਭਗਤੀ ਤੋਂ ਵਾਂਝਾ ਰਹਿੰਦਾ ਹੈ।ਗੁਰੂ ਜੀ ਦੀ ਜ਼ਿੰਦਗੀ ਦਾ ਉਹ ਰਾਜ ਜੋ ਮਨੁੱਖੀ ਜੀਵਨ ਵਿੱਚ ਇਨਸਾਨ ਪਰਮਾਤਮਾ ਦੇ ਨਾਮ ਦੇ ਰਾਹੀਂ ਹੀ ਵਿਕਾਰਾਂ ਤੋਂ ਖਲਾਸੀ ਪ੍ਰਾਪਤ ਕਰ ਸਕਦਾ ਹੈ।ਉਹ ਮਨੁੱਖ ਹੀ ਆਦਰ ਜੋਗ ਹੈ ਜਿਹੜਾ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ।

**ਰਾਗ ਰਾਮਕਲੀ** –3

41. ਰੇ ਮਨ ਓਟ ਲੇਹੁ ਹਰਿ ਨਾਮਾ॥ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥1॥ ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ॥1॥ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥ਜਾ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ

ਪਾਈ॥2॥ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ॥ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ॥3॥1॥

ਇਸ ਸ਼ਬਦ ਬਾਣੀ ਦਾ ਅਰਥ ਹੈ ਕਿ ਜਿਸ ਮਨੁੱਖ ਨੇ ਪਰਮਾਤਮਾ ਦੇ ਨਾਮ ਦਾ ਆਸਰਾ ਲਿਆ ਹੈ ਭਾਵ ਜਿਸ ਦੇ ਨਾਮ ਨਾਲ ਮਾੜੀ ਬੁੱਧੀ ਭਾਵ ਖੋਟੀ ਮੱਤ ਵੀ ਨਾਸ ਹੋ ਜਾਂਦੀ ਹੈ ਤੇ ਉਹ ਆਤਮਕ ਦਰਜੇ ਹਾਸਲ ਕਰ ਲਵੇਗਾ ਜਿੱਥੇ ਕਿ ਕੋਈ ਵੀ ਮਾੜੀ ਵਾਸ਼ਨਾ ਉਸ ਨੂੰ ਪੋਹ ਨਹੀਂ ਸਕੇਗੀ।ਜੋ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ ਉਹ ਭਾਗਾਂ ਵਾਲਾ ਹੈ।ਉਹ ਸਾਰੇ ਪਾਪਾ ਤੋਂ ਦੂਰ ਅਨੇਕਾਂ ਜਨਮਾਂ ਦੇ ਪਾਪ ਦੂਰ ਕਰਕੇ ਫਿਰ ਬੈਕੁੰਠ ਵਿੱਚ ਜਾ ਪਹੁੰਚੀ ਹੈ।ਅਖੀਰ ਵੇਲੇ ਅਜਾਮਲ ਨੂੰ ਪਰਮਾਤਮਾ ਦੇ ਨਾਮ ਦੀ ਸੂਝ ਆ ਗਈ ਉਸ ਨੇ ਉਹ ਉੱਚੀ ਅਤਮਕ ਅਵਸਥਾ ਇਕ ਪਲਕ ਵਿੱਚ ਹਾਸਲ ਕਰ ਲਈ ਹੈ।ਜੋ ਵੱਡੇ-ਵੱਡੇ ਜੋਗੀ ਤਾਂਘ ਦੇ ਵਿੱਚ ਰਹਿ ਗਏ।ਜਿਸ ਰਾਜ ਨੇ ਬਿਨਾਂ ਕਿਸੇ ਸਿੱਖਿਆ ਤੋਂ ਗੁਣ ਤੋਂ ਬਿਨਾਂ ਹੀ ਪਰਮਾਤਮਾ ਨੇ ਨਿਰਭੈਤਾ ਦੀ ਪਦਵੀ ਬਖਸ਼ ਦਿੱਤੀ ਸੀ।

42. ਸਾਧੋ ਕਉਨ ਜੁਗਤਿ ਅਬ ਕੀਜੈ॥ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ॥1॥ਰਹਾਉ॥ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ॥ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ॥1॥ਭਏ ਦਇਆਲ ਕ੍ਰਿਪਾਲਾ ਸੰਤ ਜਨ ਤਬ ਇਹ ਬਾਤ ਬਤਾਈ॥ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥2॥ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ॥ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ॥3॥2॥

ਸ਼ਬਦ ਅਰਥ ਹੈ ਕਿ ਇਸ ਜਨਮ ਵਿੱਚ ਉਹ ਕਿਹੜੀ ਵਿਓਤ ਕੀਤੀ ਜਾਵੇ ਜਿਸ ਦੇ ਕਾਰਨ ਨਾਲ ਮਨੁੱਖ ਦੇ ਮਨ ਦੇ ਅੰਦਰ ਜੋ ਵੀ ਸਹੀ ਖੋਟੀ ਮੱਤ ਹੈ ਨਾਸ ਹੀ ਜਾਏ ਅਤੇ ਮਨ ਪਰਮਾਤਮਾ ਦੀ ਭਗਤਿ ਵਿੱਚ ਰਚ ਮਿਚ ਜਾਵੇ।ਹੇ ਮਨੁੱਖ ਦਾ ਮਨ ਮੋਹ ਮਾਇਆ ਵਿੱਚ ਉਲਝਿਆ ਰਹਿੰਦਾ ਹੈ ਮਨੁੱਖ ਰਤਾ ਭਰ ਵੀ ਸਿਆਣਪ ਦੀ ਇਹ ਗੱਲ ਨਹੀਂ ਵਿੱਚਾਰਦਾ ਕਿ ਉਹ ਕਿਹੜਾ ਨਾਮ ਹੈ ਜਿਸ ਦਾ ਸਿਮਰਨ ਕਰਨ ਨਾਲ ਜਗਤ ਵਾਸ਼ਨਾ ਰਹਿਤ ਆਤਮਕ ਅਵਸਥਾ ਨੂੰ ਹਾਸਲ ਕਰ ਲੈਂਦਾ ਹੈ।ਉਹ ਮਨੁੱਖ ਹੀ ਦਇਆਵਾਨ ਹੁੰਦੇ ਹਨ ਤੇ ਕਿਰਪਾਲ ਹੁੰਦੇ ਹਨ ਜੋ ਪ੍ਰਭੂ ਦਾ ਗੁਣ ਗਾ ਕੇ ਆਪਣੇ ਜੀਵਨ ਵਿੱਚ ਧਾਰਮਿਕ ਕੰਮ ਕਰਕੇ ਹਾਸਲ ਹੋ ਗਿਆ ਹੈ।ਜੇਕਰ ਮਨੁੱਖ ਦਿਨ ਰਾਤ ਵਿੱਚ ਅੱਖਾਂ ਦੇ ਇਕ ਫੇਰ ਲਈ ਵੀ ਪਰਮਾਤਮਾ ਨੂੰ ਹਿਰਦੇ ਵਿੱਚ ਵਸਾਉਂਦਾ ਹੈ ਉਹ ਆਪਣਾ ਜਨਮ ਸਫਲ ਕਰ ਲੈਂਦਾ ਹੈ।

43. ਪ੍ਰਾਨੀ ਨਾਰਾਇਨ ਸੁਧਿ ਲੇਹਿ॥ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ॥ਰਹਾਉ॥ਤਰਪਾਨੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ॥ਬਿਰਧਿ ਭਇਓ ਅਜਹੂ ਨਹੀਂ ਸਮਝੈ ਕਉਨੁ ਕੁਮਤਿ ਉਰਝਾਨਾ॥1॥ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ॥ਮੁਕਤੁ ਹੋਤ ਨਰ ਜਾ ਕੈ ਸਿਮਰੈ ਨਿਮਖ ਨ ਤਾ ਕਉ ਗਾਇਓ॥2॥ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ॥ਨਾਨਕ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ॥

ਸ਼ਬਦ ਦਾ ਅਰਥ ਹੈ ਕਿ ਪਰਮਾਤਮਾ ਦੀ ਯਾਦ ਨੂੰ ਹਿਰਦੇ ਵਿੱਚ ਵਸਾਈ ਭਾਵ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਇਹ ਮਨੁੱਖੀ ਸਰੀਰ ਵਿਅਰਥ ਹੀ ਹਾ ਰਿਹਾ ਹੈ ਅਤੇ ਇਹ ਦਿਨ ਰਾਤ ਇਕ ਛਿਨ ਕਰ ਕੇ ਹੀ ਤੇਰੀ ਉਮਰ ਘੱਟਦੀ ਜਾ ਰਹੀ ਹੈ।ਆਪਣੀ ਉਮਰ ਜਵਾਨੀ ਤੋਂ ਬੁਢਾਪੇ ਤੱਕ ਗਵਾ ਲਈ ਹੈ ਭਾਵ ਵਿਸ਼ੇ ਵਿਕਾਰਾਂ ਵਿੱਚ ਗਵਾ ਲਈ ਹੈ ਪਰ ਅਜੇ ਵੀ ਨਹੀਂ ਸਮਝਦਾ ਕਿਸੇ ਖੋਟੀ ਮਤਿ ਵਿੱਚ ਫਸਿਆ ਪਿਆ ਹੈ।ਜਿਸ ਪ੍ਰਭੂ ਨੇ ਠਾਕੁਰ ਨੇ ਇਹ ਮਨੁੱਖ ਜਨਮ ਦਿੱਤਾ ਹੈ ਤੂੰ ਅੱਖ ਝਪਕਣ ਜਿੰਨੀ ਵੀ ਉਸਦੀ ਬੰਦਗੀ ਨਹੀਂ ਕਰ ਸਕਦਾ।ਹੇ ਮਨੁੱਖ ਤੂੰ ਮਾਇਆ ਦਾ ਇੰਨਾ ਕਿਉਂ ਮੋਹ ਕਰਦਾ ਏ।ਇਹ ਕਿਸੇ ਦੇ ਵੀ ਨਾਲ ਵੀ ਨਹੀਂ ਜਾਂਦੀ ਨਾਨਕ ਆਖਦਾ ਹੈ ਹੇ ਭਾਈ ਪਰਮਾਤਮਾ ਦਾ ਸਿਮਰਨ ਕਰਦਾ ਰਹਿ ਅੰਤ ਵੇਲੇ ਉਹ ਤੇਰਾ ਮਦਦਗਾਰ ਹੋਵੇਗਾ।

**ਰਾਗ ਮਾਰੂ** –3

44. ਹਰਿ ਕੋ ਨਾਮੁ ਸਦਾ ਸੁਖਦਾਈ॥ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥1॥ਰਹਾਉ॥ਪੰਚਾਲੀ ਕਉ ਰਾਜ ਸਭਾ ਮਹਿ ਰਾਮ ਸੁਧਿ ਆਈ॥ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥1॥ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥2॥1॥

ਸ਼ਬਦ ਦਾ ਅਰਥ ਹੈ ਕਿ ਪਰਮਾਤਮਾ ਦਾ ਨਾਮ ਸਦਾ ਹੀ ਆਤਮਕ ਆਨੰਦ ਦੇਣ ਵਾਲਾ ਹੈ, ਜਿਸ ਨਾਮ ਨੂੰ ਸਿਮਰ ਕੇ ਅਜਾਮਲ ਤੇ ਹੋਰ ਵਿਕਾਰਾਂ ਤੋਂ ਬਚ ਗਿਆ ਸੀ, ਭਾਵ ਕਿ ਇਸ ਨਾਮ ਨੂੰ ਸਿਮਰ ਕੇ ਤਾਂ ਵੇਸਵਾ ਨੇ ਵੀ ਉਚੀ ਆਤਮਕ ਅਵਸਥਾ ਨੂੰ ਹਾਸਲ ਕਰ ਲਿਆ ਹੈ।ਹੇ ਭਾਈ ਜਿਸ ਤਰ੍ਹਾਂ ਦੁਰਯੋਜਨ ਦੇ ਰਾਜ ਦਰਬਾਰ ਵਿੱਚ ਦ੍ਰੋਪਦੀ ਨੇ ਪਰਮਾਤਮਾ ਦੇ ਨਾਮ ਦਾ ਧਿਆਨ ਕੀਤਾ ਸੀ ਤਾਂ ਉਸ ਦਾ ਦੁੱਖ ਦੂਰ ਹੋ ਗਿਆ ਸੀ। ਜਿਨ੍ਹਾਂ ਬੰਦਿਆ ਨੇ ਕਿਰਪਾ ਦੇ ਖਜ਼ਾਨੇ ਨਾਲ ਪ੍ਰਭੂ ਦੀ ਭਜਨ ਬੰਦਗੀ ਕੀਤੀ ਹੈ ਪਰਮਾਤਮਾ ਉਹਨਾਂ ਦੀ ਮਦਦ ਲਈ ਆਪ ਹੀ ਬਹੁੜਦਾ ਹੈ।ਮੈਂ ਵੀ ਇਸ ਭਰੋਸੇ ਹੀ ਪਰਮਾਤਮਾ ਦੀ ਸਰਨ ਲਈ ਹੈ।

45. ਅਬ ਮੈਂ ਕਹਾ ਕਰਉ ਰੀ ਮਾਈ॥ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨਾਈ॥1॥ਰਹਾਉ॥ਕਾਲੁ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ॥ਰਾਮ ਨਾਮੁ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ॥1॥ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ॥ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ॥2॥2॥

ਸ਼ਬਦ ਦਾ ਅਰਥ ਹੈ ਕਿ ਇਸ ਵੇਲੇ ਦੇ ਜਾਣ ਤੇ ਮਨੁੱਖ ਕੀ ਕਰ ਸਕਦਾ ਹੈ ਭਾਵ ਕਿ ਜਿਸ ਮਨੁੱਖ ਨੇ ਆਪਣੇ ਜੀਵਨ ਵਿੱਚ ਨਾਮ ਨਾ ਜਪਿਆ ਹੋਵੇ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਵਿਸ਼ੇ ਵਿਕਾਰਾਂ ਦੇ ਵਿੱਚ ਹੀ ਗਵਾ ਲਈ ਹੋਵੇ ਹੁਣ ਉਹ ਸਮਾਂ ਖੁੰਝ ਜਾਣ ਤੇ ਵੀ ਕਰ ਸਕਦਾ ਹੈ।ਜਦੋਂ ਯਮਰਾਜ ਮਨੁੱਖ ਦੇ ਗਲ ਵਿੱਚ ਮੌਤ ਦੀ ਫਾਹੀ ਪਾ ਦਿੰਦਾ ਹੈ ਤਾਂ ਉਹ ਉਸ ਦੀ ਸਾਰੀ ਸੁਧ ਬੁਧ ਭੁੱਲ ਜਾਂਦੀ ਹੈ ਉਸ ਦੀ ਬਿਪਤਾ ਵਿੱਚ ਪ੍ਰਭੂ ਦੇ ਨਾਮ ਤੋਂ ਬਿਨਾਂ ਹੋਰ ਕੋਈ ਮਦਦ ਨਹੀਂ ਕਰਦਾ। ਜਿਸ ਧਨ ਨੂੰ ਸੰਪਤੀ ਨੂੰ ਮਨੁੱਖ ਆਪਣਾ ਸਮਝਦਾ ਹੈ ਉਹ ਜਦੋਂ ਵੀ ਮੌਤ ਆਉਂਦੀ ਹੈ ਸਭ ਕੁਝ ਬਿਗਾਨਾ ਹੋ ਜਾਂਦਾ ਹੈ

ਉਸ ਵੇਲੇ ਮਨੁੱਖ ਦੇ ਮਨ ਵਿੱਚ ਇਹ ਪਛਤਾਵਾ ਰਹਿ ਜਾਂਦਾ ਹੈ ਕਿ ਪਰਮਾਤਮਾ ਦੀ ਸਿਫ਼ਤ ਸਲਾਹ ਕਦੇ ਵੀ ਨਹੀਂ ਕੀਤੀ।

46. ਮਾਈ ਮੈ ਮਨ ਕੋ ਮਾਨੁ ਨਿ ਤਿਆਗਿਓ॥ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ॥1॥ਰਹਾਉ॥ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ॥1॥ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ॥ਸੁਫਲੁ ਜਨਮੁ ਨਾਨਕ ਤਬੁ ਹੂਆ ਜਉ ਪ੍ਰਭ ਜਸ ਮਹਿ ਪਾਗਿਓ॥2॥3॥

ਸ਼ਬਦ ਦਾ ਅਰਥ ਹੈ ਕਿ ਹੇ ਮਾਂ ਜਦੋਂ ਦਾ ਮੈਂ ਗੁਰੂ ਦੇ ਚਰਨਾਂ ਦੇ ਵਿੱਚ ਪਿਆਰ ਪਾਇਆ ਹੈ ਉਸ ਸਮੇਂ ਤੋਂ ਹੀ ਮੈਨੂੰ ਇਹ ਪਛਤਾਵਾ ਹੈ ਕਿ ਮੈਂ ਆਪਣੇ ਮਨ ਦਾ ਅਹੰਕਾਰ ਨਾ ਛੱਡਿਆ ਭਾਵ ਕਿ ਮੈਂ ਆਪਣੀ ਸਾਰੀ ਉਮਰ ਮਾਇਆ ਦੇ ਨਸ਼ੇ ਵਿੱਚ ਹੀ ਗੁਜ਼ਾਰ ਦਿੱਤੀ ਹੈ ਅਤੇ ਪਰਮਾਤਮਾ ਦੇ ਭਜਨ ਵਿੱਚ ਮੈਂ ਕਦੇ ਵੀ ਆਪਣਾ ਸਮਾਂ ਨਾ ਬਤਾਇਆ।ਜਦੋਂ ਜਮਦੂਤ ਦਾ ਡੰਡਾ ਮਾਇਆ ਦੀ ਨੀਂਦ ਵਿੱਚ ਗਾਫਲ ਮਨੁੱਖ ਤੇ ਪੈਂਦਾ ਹੈ ਤਾਂ ਉਹ ਸੁੱਤਾ ਹੋਇਆ ਜਾਗਦਾ ਹੈ ਪਰ ਉਸ ਸਮੇਂ ਕੁਝ ਵੀ ਸੰਵਰਦਾ ਨਹੀਂ।ਜਦੋਂ ਮਨੁੱਖ ਗੁਰੂ ਦੇ ਚਰਨਾਂ ਵਿੱਚ ਪਿਆਰ ਪਾਂਦਾ ਹੈ ਤਦੋਂ ਉਸ ਦੇ ਹਿਰਦੇ ਵਿੱਚ ਇਹ ਫੁਰਨਾ ਉਠੱਦਾ ਹੈ ਕਿ ਪ੍ਰਭੂ ਦੀ ਭਗਤੀ ਤੋਂ ਬਿਨਾਂ ਉਮਰ ਵਿਅਰਥ ਹੈ।ਹੇ ਨਾਨਕ ਮਨੁੱਖ ਦੀ ਜ਼ਿੰਦਗੀ ਕਾਮਯਾਬ ਤਦੋਂ ਹੀ ਹੁੰਦੀ ਹੈ ਜਦੋਂ ਪਰਮਾਤਮਾ ਦੀ ਸਿਫਤਿ ਸਲਾਹ ਵਿੱਚ ਜੁੜਦਾ ।

**ਰਾਗ ਬਸੰਤ –5**

47. ਸਾਧੋ ਇਹੁ ਤਨੁ ਮਿਥਿਆ ਜਾਨਉ॥ਯਾ ਭੀਤਿਰ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥1॥ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ॥1॥ਉਸਤਿਤ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ॥ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥2॥1॥

ਸ਼ਬਦ ਦਾ ਅਰਥ ਹੈ ਕਿ ਇਸ ਸਰੀਰ ਨੂੰ ਨਾਸ਼ਵਾਨ ਸਮਝੋ ਭਾਵ ਕਿ ਇਹ ਸਰੀਰ ਨਾਸ਼ਵਾਨ ਹੈ ਜੋ ਰਚਿਆ ਹੈ ਇਸ ਸਰੀਰ ਵਿੱਚ ਜੋ ਵੀ ਪਦਾਰਥ ਵਸ ਰਿਹਾ ਹੈ ਉਸ ਨੂੰ ਸਦਾ ਹੀ ਕਾਇਮ ਰੱਖਣ ਵਾਲਾ ਜਾਣੋ।ਹੇ ਮਨੁੱਖ ਇਹ ਜਗਤ ਉਸ ਧਨ ਦੇ ਸਮਾਨ ਹੈ ਜਿਹੜਾ ਕਿ ਸੁਪਨੇ ਵਿੱਚ ਲੱਭਦਾ ਹੈ ਪਰ ਜਾਗਦੇ ਹੀ ਖਤਮ ਹੋ ਜਾਂਦਾ ਹੈ।ਇਸ ਲਈ ਇਸ ਨੂੰ ਦੇਖ ਕੇ ਕਿਉਂ ਅਹੰਕਾਰ ਕਰਦਾ ਹੈ।ਇੱਥੇ ਕੁਛ ਵੀ ਤੇਰੇ ਨਾਲ ਨਹੀਂ ਜਾਣਾ ਫਿਰ ਕਿਉਂ ਚੰਬੜਿਆ ਹੋਇਆ ਹੈ ਇਸ ਲਈ ਤੂੰ ਕਿਸੇ ਦੀ ਖੁਸ਼ਾਮਦ ਤੇ ਨਿੰਦਿਆ ਦੋਵੇਂ ਹੀ ਕਰਨੇ ਛੱਡ ਦੇ ਸਿਰਫ ਸਿਫਤਿ ਸਲਾਹ ਨੂੰ ਹੀ ਆਪਣੇ ਹਿਰਦੇ ਵਿੱਚ ਵਸਾਓ ਸਿਰਫ ਭਗਵਾਨ ਪੁਰਖ ਹੀ ਸਭ ਜੀਵਾਂ ਵਿੱਚ ਵਿਆਪਕ ਹੈ।

48. ਪਾਪੀ ਹੀਐ ਮੈ ਕਾਮੁ ਬਸਾਇ॥ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥1॥ਜੋਗੀ ਜੰਗਮ ਅਰੁ ਸੰਨਿਆਸ॥ ਸਭ ਹੀ ਪਰਿ ਡਾਰਿ ਇਹ ਫਾਸ॥1॥ਜਿਹਿ ਜਿਹਿ ਹਰਿ ਕੋ ਨਾਮੁ ਸਮਾਰਿ॥ਤੇ ਭਵ ਸਾਗਰ ਉਤਰੇ ਪਾਰਿ॥2॥ਜਨ ਨਾਨਕ ਹਰਿ ਕੀ ਸਰਨਾਇ॥ਦੀਜੈ ਨਾਮੁ ਰਹੈ ਗੁਨ ਗਾਇ॥3॥2॥[30]

ਸ਼ਬਦ ਦਾ ਅਰਥ ਹੈ ਕਿ ਮਨ ਦੇ ਵਿੱਚ ਵਸਣ ਵਾਲੀ ਕਾਮ ਭਾਵਨਾ ਹੀ ਪਾਪੀ ਨੂੰ ਪਾਲਦੀ ਹੈ।ਜਿਸ ਕਰਕੇ ਪਾਪਾਂ ਵਿੱਚ ਇਸ ਦੁਆਰਾ ਹੀ ਫਸਿਆ ਰਹਿੰਦਾ ਹੈ ਅਤੇ ਇਹ ਇਕ ਹਿਰਦੇ ਵਿੱਚ ਟਿਕੀ ਨਾ ਰਹਿੰਦੀ ਹੈ ਭਾਵ ਕਿ ਚੰਚਲਤਾ ਨਾਲ ਮਨ ਕਾਬੂ ਵਿੱਚ ਨਹੀਂ ਆ ਸਕਦਾ।ਜਿਹੜੇ ਜੋਗੀ ਜੰਗਮ ਤੇ ਸੰਨਿਆਸੀ ਹਨ ਉਹਨਾਂ ਨੇ ਆਪਣੇ ਵਲੋਂ ਮਾਇਆ ਦਾ ਤਿਆਗ ਕਰ ਕੇ ਵੀ ਇਹਨਾਂ ਸਭਨਾਂ ਤੇ ਮਾਇਆ ਨੇ ਕਾਮ ਵਾਸ਼ਨਾ ਦੀ ਇਹ ਫਾਹੀ ਸੁੱਟੀ ਹੋਈ ਹੈ ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਜਪਿਆ ਹੈ ਹਿਰਦੇ ਵਿੱਚ ਵਸਾਇਆ ਹੈ।ਉਹ ਸਾਰੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ਪ੍ਰਭੂ ਦਾ ਸੇਵਕ ਪਰਮਾਤਮਾ ਦੀ ਸਰਨ ਵਿੱਚ ਪਿਆ ਰਹਿੰਦਾ ਹੈ।ਪਰਮਾਤਮਾ ਦੇ ਦਰ ਤੇ ਅਰਜ਼ੋਈ ਕਰਦਾ ਹੈ ਕਿ ਹੇ ਪ੍ਰਭੂ ਤੂੰ ਆਪਣੇ ਨਾਮ ਨੂੰ ਦੇ ਮੈਂ ਗੁਣ ਗਾਉਂਦਾ ਰਵਾਂ।

49. ਮਾਈ ਮੈਂ ਧਨੁ ਪਾਇਓ ਹਰਿ ਨਾਮੁ॥ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥1॥ਰਹਾਉ॥ਮਾਇਆ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨੁ॥1॥ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥2॥ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥3॥3॥

ਸ਼ਬਦ ਦਾ ਅਰਥ ਹੈ ਕਿ ਜਿਸ ਵਿੱਚ ਮੈਂ ਗੁਰੂ ਦੀ ਸ਼ਰਨ ਵਿੱਚ ਪੈ ਕੇ ਗੁਰੂ ਦਾ ਨਾਮ ਜਪ ਲਿਆ ਹੈ ਭਾਵ ਨਾਮ ਧਨ ਹਾਸਲ ਕੀਤਾ ਹੈ ਤਾਂ ਉਸ ਸਮੇਂ ਦੀ ਦੌੜ ਭੱਜ ਕਰਨ ਤੋਂ ਮੇਰਾ ਮਨ ਬਚ ਗਿਆ ਹੈ ਤੇ ਇਹ ਆਪਣਾ ਨਾਮ ਟਿਕਾਣਾ ਬਣਾ ਕੇ ਬਹਿ ਗਿਆ ਹੈ।ਹੇ ਮੇਰੀ ਮਾਂ ਸ਼ੁੱਧ ਸਰੂਪ ਪਰਮਾਤਮਾ ਨਾਲ ਡੂੰਘੀ ਸਾਂਝ ਬਣ ਗਈ ਹੈ।ਜਿਸ ਨਾਲ ਮੇਰੇ ਸਰੀਰ ਵਿੱਚੋ ਮਾਇਆ ਜੋੜਨ ਦੀ ਲਾਲਸਾ ਦੂਰ ਹੋ ਚੁੱਕੀ ਹੈ ਲੋਭ ਅਤੇ ਮੋਹ ਮੇਰੇ ਉੱਤੇ ਆਪਣਾ ਜ਼ੋਰ ਨਹੀਂ ਪਾ ਸਕਦੇ।ਜਦੋਂ ਦਾ ਮੈਨੂੰ ਪ੍ਰਭੂ ਦਾ ਨਾਮ ਲੱਭ ਗਿਆ ਹੈ ਮੇਰਾ ਜਨਮਾ ਜਨਮਾਂਤਰਾ ਤੋਂ ਸਹਿਮ ਦੂਰ ਹੋ ਗਿਆ ਹੈ ਮੇਰੇ ਮਨ ਵਿੱਚੋਂ ਸਾਰੇ ਤ੍ਰਿਸ਼ਨਾ ਮੁੱਕ ਗਈ ਹੈ, ਤੇ ਮੈਂ ਉਸ ਆਨੰਦ ਵਿੱਚ ਟਿਕਿਆ ਰਹਿੰਦਾ ਹਾਂ ਜਿਹੜਾ ਸਦਾ ਮੇਰੇ ਨਾਲ ਟਿਕਿਆ ਰਹਿਣ ਵਾਲਾ ਹੈ।ਕਿਰਪਾ ਦਾ ਖਜ਼ਾਨਾ ਗੋਬਿੰਦ ਜਿਸ ਮਨੁੱਖ ਤੇ ਦਇਆਵਾਨ ਹੁੰਦਾ ਹੈ ਉਹ ਮਨੁੱਖ ਉਸ ਦੇ ਗੁਣ ਗਾਉਂਦਾ ਰਹਿੰਦਾ ਹੈ।

50. ਮਨ ਕਹਾ ਬਿਸਾਰਿਓ ਰਾਮ ਨਾਮੁ॥ਤਨੁ ਬਿਨਸੈ ਜਮ ਸਿਉ ਪਰੈ ਕਾਮੁ॥1॥ਰਹਾਉ॥ਇਹੁ ਜਗੁ ਧੂਏ ਕਾ ਪਹਾਰ ਤੈ ਸਾਚਾ ਮਾਨਿਆ ਕਿਹ ਬਿਚਾਰਿ॥1॥ਧਨੁ ਦਾਰਾ ਸੰਪਤਿ ਗ੍ਰੇਹ॥ਕਛੁ ਸੰਗਿ ਨ ਚਾਲੈ ਸਮਝ ਲੇਹ॥2॥ਇਕ ਭਗਤਿ ਨਾਰਾਇਨ ਹੋਇ ਸੰਗਿ॥ਕਹੁ ਨਾਨਕ ਭਜੁ ਤਿਹ ਏਕ ਰੰਗਿ॥3॥4॥

ਸ਼ਬਦ ਦਾ ਅਰਥ ਹੈ ਕਿ ਹੇ ਮਨ ਤੂੰ ਪਰਮਾਤਮਾ ਦਾ ਨਾਮ ਮਨੋਂ ਨਾ ਭੁਲਾ ਭਾਵ ਇਸ ਨੂੰ ਮਨੋਂ ਨਾ ਬਿਸਾਰ ਕਿਉਂਕਿ ਇਸ ਤੋਂ ਬਿਨਾਂ ਤਾਂ ਸਰੀਰ ਦਾ ਨਾਸ ਹੋ ਜਾਣ ਵਾਲਾ ਹੈ।ਭਾਵ ਜਮਾਂ ਦੇ ਨਾਲ ਵਾਹ ਪੈ ਜਾਂਦਾ ਹੈ।ਇਹ ਸੰਸਾਰ ਧੂਏਂ ਦਾ ਪਹਾੜ ਹੈ ਜਿਸ ਨੂੰ ਕਿ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ ਹੇ ਮਨ ਤੂੰ ਕੀ ਸਮਝਕੇ ਆਪਣੇ ਆਪ ਨੂੰ ਸਦਾ ਕਾਇਮ ਰਹਿਣ

ਵਾਲਾ ਮੰਨੀ ਬੈਠਾ ਹੈ ਕੋਈ ਵੀ ਚੀਜ਼ ਤੇਰੇ ਨਾਲ ਨਹੀ ਜਾਵੇਗੀ।ਸਿਰਫ ਪਰਮਾਤਮਾ ਦੇ ਪਿਆਰ ਵਿੱਚ ਉਸ ਦਾ ਭਜਨ ਕਰਿਆ ਕਰ।

51. ਕਹਾ ਭੂਲਿਓ ਰੇ ਝੂਠੇ ਲੋਭ ਲਾਗ॥ਕਛੁ ਬਿਗਰਿਓ ਨਾਹਿਨ ਅਜਹੁ ਜਾਗ॥1॥ਸਮ ਸੁਪਨੈ ਕੈ ਇਹੁ ਜਗੁ ਜਾਨੁ॥ ਬਿਨਸੈ ਛਿਨ ਮੈ ਸਾਚੀ ਮਾਨੁ॥1॥ਸੰਗਿ ਤੇਰੈ ਹਰਿ ਬਸਤ ਨੀਤ॥ਨਿਸ ਬਾਸੁਰ ਭਜੁ ਤਾਹਿ ਮੀਤ॥2॥ਬਾਰ ਅੰਤ ਕੀ ਹੋਇ ਸਹਾਇ॥ਕਹੁ ਨਾਨਕ ਗੁਨ ਤਾ ਕੇ ਗਾਇ॥3॥5॥

ਸ਼ਬਦ ਦਾ ਅਰਥ ਹੈ ਕਿ ਹੇ ਮਨੁੱਖ ਤੂੰ ਇਸ ਨਾਸ਼ਵਾਨ ਦੁਨੀਆ ਦੇ ਲੋਭ ਵਿੱਚ ਫਸ ਕੇ ਕਿਥੇ ਖੂੰਝਿਆ ਫਿਰਦਾ ਹੈ ਭਾਵ ਕਿ ਹੁਣ ਤੂੰ ਸਿਆਣਾ ਬਣ ਤਾਂ ਕਿ ਪਰਮਾਤਮਾ ਦਾ ਨਾਮ ਜਪ ਸਕੇ ਤਾਂ ਜੋ ਬਾਕੀ ਦੀ ਉਮਰ ਨੂੰ ਤੂੰ ਇਸ ਪ੍ਰਭੂ ਦਾ ਸਿਮਰਨ ਕਰਕੇ ਗੁਜ਼ਾਰੇ ਤਾਂ ਅਜੇ ਵੀ ਬਹੁਤਾ ਸਮਾਂ ਨਹੀਂ ਲੰਘਿਆ ਹੈ।ਇਸ ਜਗਤ ਨੂੰ ਤੂੰ ਸੁਪਨੇ ਦੇ ਬਰਾਬਰ ਸਮਝ ਭਾਵ ਕਿ ਇਹ ਪਲ ਵਿੱਚ ਹੀ ਨਾਸ ਹੋ ਜਾਵੇਗਾ ਪਰਮਾਤਮਾ ਸਦਾ ਤੇਰੇ ਨਾਲ ਵੱਸਦਾ ਹੈ ਤੂੰ ਦਿਨ ਰਾਤ ਉਸ ਦਾ ਭਜਨ ਕਰਿਆ ਕਰ ਭਾਵ ਅਖੀਰਲੇ ਸਮੇਂ ਪਰਮਾਤਮਾ ਹੀ ਤੇਰਾ ਮਦਦਗਾਰ ਹੈ।

**ਰਾਗ ਸਾਰੰਗ -4**

52. ਹਰਿ ਬਿਨੁ ਤੇਰੋ ਕੋ ਨ ਸਹਾਈ॥ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥1॥ਰਹਾਉ॥ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥1॥ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ॥ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥2॥1॥[31]

ਸ਼ਬਦ ਦਾ ਅਰਥ ਹੈ ਕਿ ਪ੍ਰਭੂ ਤੋਂ ਬਿਨਾਂ ਪਰਮਾਤਮਾ ਤੋਂ ਬਿਨਾਂ ਕੋਈ ਵੀ ਤੇਰੀ ਸਹਾਇਤਾ ਕਰਨ ਵਾਲਾ ਹੈ ਭਾਵ ਇੱਥੇ ਕੋਈ ਕਿਸੇ ਦਾ ਮਾਂ, ਬਾਪ ਹੈ ਅਤੇ ਕੌਣ ਕਿਸੇ ਦਾ ਪੁੱਤ ਜਾਂ ਵਹੁੱਟੀ, ਪਰ ਜਦੋਂ ਇਹ ਸਰੀਰ ਮੁੱਕ ਜਾਂਦਾ ਹੈ ਤਾਂ ਸਾਰਾ ਕੁਝ ਹੀ ਸਾਥ ਛੱਡ ਜਾਂਦਾ ਹੈ ਕੋਈ ਵੀ ਕਿਸੇ ਦਾ ਭਰਾ ਨਹੀਂ ਬਣਦਾ।ਹੇ ਮਨੁੱਖ ਇਹ ਧਨ, ਮਾਇਆ ਜਿਹੜੀ ਸੰਪਤੀ ਨੂੰ ਆਪਣਾ ਸਮਝੀ ਬੈਠਾ ਹੈ ਇਹ ਸਾਰਾ ਕੁਝ ਇਥੇ ਹੀ ਰਹਿ ਜਾਣਾ ਹੈ ਭਾਵ ਕੁਛ ਵੀ ਤੇਰੇ ਨਾਲ ਨਹੀਂ ਜਾਣਾ ਫਿਰ ਕਿਉਂ ਚੰਬੜਿਆ ਹੈ ਇਸ ਦੇ ਨਾਲ ਜਿਸ ਪ੍ਰਭੂ ਦੁਆਰਾ ਗਰੀਬਾ ਤੇ ਦਇਆ ਕਰਨ ਵਾਲਾ ਹੈ ਉਹ ਦੁੱਖਾਂ ਦਾ ਨਾਸ ਕਰਨ ਵਾਲਾ ਹੈ ਤੂੰ ਕਿਉਂ ਉਸ ਨਾਲ ਪਿਆਰ ਨਹੀਂ ਵਧਾਉਂਦਾ ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ ਤਿਵੇਂ ਹੀ ਸਾਰਾ ਜਗਤ ਨਾਸ਼ਵੰਤ ਹੈ।

53. ਕਹਾ ਮਨਿ ਬਿਖਿਆ ਸਉ ਲਪਟਾਈ॥ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹਿ॥1॥ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥1॥ ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ॥ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ॥2॥2॥

ਸ਼ਬਦ ਦਾ ਅਰਥ ਹੈ ਕਿ ਹੇ ਮਨ ਤੂੰ ਕਿਉਂ ਮਾਇਆ ਦੇ ਨਾਲ ਹੀ ਚਿੰਬੜਿਆ ਰਹਿੰਦਾ ਹੈ ਭਾਵ ਕਿ ਇਸ ਦੁਨੀਆ ਵਿੱਚ ਸਦਾ ਲਈ ਕੋਈ ਵੀ ਟਿਕਿਆ ਨਹੀਂ ਰਹਿ ਸਕਦਾ ਭਾਵ ਇੱਥੇ ਅਨੇਕਾਂ ਜੰਮਦੇ ਹਨ ਤੇ ਮਰਦੇ ਹਨ। ਇਸ ਲਈ ਪ੍ਰਭੂ ਦਾ ਸਿਮਰਨ ਕਰਿਆ ਕਰ। ਹੇ ਮਨ ਇੱਥੇ ਸਦਾ ਲਈ ਨਾ ਕਿਸੇ ਦਾ ਸਰੀਰ ਰਹਿੰਦਾ ਹੈ ਨਾ ਧਨ ਰਹਿੰਦਾ, ਨਾ ਮਾਇਆ ਰਹਿੰਦੀ ਹੈ ਤੂੰ ਕਿਸੇ ਨਾਲ ਪਿਆਰ ਬਣਾਈ ਬੈਠਾ ਹੈ ਜਿਵੇਂ ਬੱਦਲਾ ਦੀ ਛਾਂ ਹੈ ਉਸੇ ਤਰ੍ਹਾਂ ਹੀ ਸਾਰਾ ਕੁਛ ਨਾਸਵੰਤ ਹੈ। ਇਸ ਲਈ ਇਹ ਅਹੰਕਾਰ ਨੂੰ, ਮਾਣ ਨੂੰ ਤਿਆਗ ਕੇ ਪ੍ਰਭੂ ਦੀ ਸਰਨ ਵਿੱਚ ਆ ਤੂੰ ਇਕ ਪਲ ਵਿੱਚ ਸੁਤੰਤਰ ਹੋ ਜਾਵੇਗਾ ਪਰਮਾਤਮਾ ਦੇ ਭਜਨ ਤੋ ਬਿਨਾਂ ਕਦੇ ਸੁਪਨੇ ਵਿੱਚ ਵੀ ਸੁਖ ਨਹੀਂ ਮਿਲਦਾ।

54. ਕਹਾ ਨਰ ਅਪਨੋ ਜਨਮੁ ਗਵਾਵੈ॥ ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ॥1॥ ਰਹਾਉ॥ ਇਹ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥ ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥ ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ॥2॥3॥

ਸ਼ਬਦ ਦਾ ਅਰਥ ਹੈ ਕਿ ਪਤਾ ਨਹੀ ਅੱਜ ਮਨੁੱਖ ਆਪਣਾ ਜੀਵਨ ਕਿਉਂ ਇਸ ਤਰ੍ਹਾਂ ਬਰਬਾਦ ਕਰ ਰਿਹਾ ਹੈ ਭਾਵ ਕਿਉਂਕਿ ਮਾਇਆ ਦੀ ਮਸਤੀ ਵਿੱਚ ਤੇ ਮਾਇਆ ਦੇ ਸੁਆਦ ਦੇ ਵਿੱਚ ਹੀ ਰੁੱਝਾ ਰਹਿੰਦਾ ਹੈ ਅਤੇ ਪਰਮਾਤਮਾ ਦੀ ਸ਼ਰਨ ਨਹੀ ਪੈਦਾ ਹੈ। ਇਹ ਸਾਰਾ ਹੀ ਜਗਤ ਸੁਪਨੇ ਦੇ ਵਾਂਗ ਹੈ ਇਸ ਨੂੰ ਵੇਖ ਕੇ ਪਤਾ ਨਹੀਂ ਕਿਉ ਮਨੁੱਖ ਇਸ ਲੋਭ ਮੋਹ ਵਿੱਚ ਫਸਦਾ ਹੈ ਜੋ ਜੰਮਦਾ ਹੈ ਉਹ ਖਤਮ ਵੀ ਹੁੰਦਾ ਹੈ ਇਥੇ ਸਦਾ ਲਈ ਕੋਈ ਟਿਕ ਨਹੀਂ ਸਕਦਾ ਸਰੀਰ ਵੀ ਨਾਸਵੰਤ ਹੈ ਪਰ ਜੀਵ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਕੇ ਕਈ ਫਾਹੀਆ ਵਿੱਚ ਫਸਿਆ ਰਹਿੰਦਾ ਹੈ। ਉਹ ਮਨੁੱਖ ਮੋਹ ਦੇ ਬੰਧਨਾਂ ਤੋਂ ਸੁਤੰਤਰ ਰਹਿੰਦਾ ਹੈ ਜਿਹੜਾ ਪਰਮਾਤਮਾ ਦੇ ਭਜਨ ਵਿੱਚ ਆਪਣਾ ਚਿੱਤ ਜੋੜੀ ਰੱਖਦਾ ਹੈ।

55. ਮਨ ਕਰਿ ਕਬਹੂ ਨ ਹਰਿ ਗੁਨ ਗਾਇਓ॥ ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ॥1॥ ਰਹਾਉ॥ ਗੁਰ ਉਪਦੇਸੁ ਸੁਨਿਓ ਨਹਿ ਕਾਨਿਨ ਪਰ ਦਾਰਾ ਲਪਟਾਇਓ॥ ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ॥ ਕਹਾ ਕਹਉ ਮੈ ਅਪੁਨੀ ਕਰਨੀ ਜਿਹ ਕਰਨੀ ਜਿਹ ਬਿਧਿ ਜਨਮੁ ਗਵਾਇਓ॥ ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ॥2॥3॥[32]

ਸ਼ਬਦ ਦਾ ਅਰਥ ਹੈ ਕਿ ਹੇ ਪ੍ਰਭੂ ਮੈਂ ਕਦੀ ਵੀ ਆਪਣਾ ਮਨ ਲਾ ਕੇ ਕਦੇ ਵੀ ਤੇਰੇ ਗੁਣ ਨਹੀਂ ਗਾਏ ਹਨ। ਭਾਵ ਕਿ ਦਿਨ ਰਾਤ ਹੀ ਮਾਇਆ ਦੇ ਵਿੱਚ ਹੀ ਮਗਨ ਰਿਹਾ, ਉਹੀ ਕੁਝ ਕਰਦਾ ਰਿਹਾ ਜੋ ਕਿ ਮੈਨੂੰ ਆਪ ਨੂੰ ਚੰਗਾ ਲੱਗਦਾ। ਹੇ ਪ੍ਰਭੂ ਮੈ ਕੰਨਾ ਨਾਲ ਕਦੇ ਵੀ ਤੇਰੀ ਸਿੱਖਿਆ ਨਹੀਂ ਸੁਣੀ ਸਿਰਫ ਪਰਾਈ ਇਸਤਰੀ ਵਾਸਤੇ ਹੀ ਕਾਮ ਵਾਸਨਾ ਰੱਖਦਾ ਰਿਹਾ ਦੂਜਿਆ ਦੀ ਨਿੰਦਾ ਕਰਨ ਵਾਸਤੇ ਬਹੁਤ ਦੌੜ ਭੱਜ ਕਰਦਾ ਰਿਹਾ ਹੈ ਸਮਝਦਿਆ ਵੀ ਨਾ ਸਮਝਿਆ ਮੈਂ ਆਪਣਾ ਜੀਵਨ ਅਜਾਈ ਗਵਾ ਲਿਆ ਹੈ ਉਹ ਮੈਂ ਕਿੱਥੋ ਤੱਕ ਆਪਣੀ ਕਰਤੂਤ ਦੱਸਾ ਮੇਰੇ ਅੰਦਰ ਸਾਰੇ ਹੀ ਔਗੁਣ ਹਨ ਮੈਨੂੰ ਆਪਣੀ ਸਰਨ ਵਿੱਚ ਰੱਖ ਲੈ।

**ਰਾਗ ਜੈਜਾਵੰਤੀ –4**

56. ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥1॥ਰਹਾਉ॥ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ॥ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥1॥ਨਾਨਕੁ ਜਨੁ ਕਹਤੁ ਬਾਤੁ ਬਿਨਸਿ ਜੈਹੇ ਤੇਰੋ ਗਾਤੁ॥ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ॥2॥1॥[33]

ਸ਼ਬਦ ਦਾ ਅਰਥ ਹੈ ਕਿ ਹੇ ਮਨੁੱਖ ਤੂੰ ਪਰਮਾਤਮਾ ਦਾ ਨਾਮ ਜਪਿਆ ਕਰ ਭਾਵ ਸਿਮਰਿਆ ਕਰ ਭਾਵ ਕਿ ਇਹ ਸਿਮਰਨ ਨਾਮ ਹੀ ਤੇਰੇ ਕੰਮ ਆਉਣ ਵਾਲਾ ਹੈ। ਇਸ ਲਈ ਮੋਇਆ ਦਾ ਮੋਹ ਛੱਡ ਦੇ ਤੇ ਪਰਮਾਤਮਾ ਦੀ ਸ਼ਰਨ ਵਿੱਚ ਪਿਆ ਰਹਿ ਅਤੇ ਇਸ ਝੂਠੇ ਜਗਤ ਤੇ ਦੁਨੀਆ ਦੇ ਸੁੱਖਾਂ ਨੂੰ ਛੱਡ ਜਾਣ ਵਾਲਾ ਹੈ। ਹੇ ਮਨੁੱਖ ਤੂੰ ਧਨ ਨੂੰ ਸੁਪਨੇ ਵਾਂਗ ਹੀ ਸਮਝ ਕਿਉਂਕਿ ਨੀਂਦ ਦੇ ਖੁੱਲਦਿਆ ਹੀ ਇਹ ਅਲੋਪ ਹੋ ਜਾਂਦਾ ਹੈ ਤੂੰ ਕਾਹਦੇ ਤੇ ਅਹੰਕਾਰ ਕਰਦਾ ਏ ਧਰਤੀ ਦਾ ਰਾਜ ਵੀ ਰੇਤ ਦੀ ਕੰਧ ਵਰਗਾ ਹੈ ਹੇ ਭਾਈ ਤੇਰਾ ਸਰੀਰ ਵੀ ਨਾਸ ਹੋ ਜਾਏਗਾ ਛਿਨੁ ਛਿਨੁ ਕਰਕੇ ਬੀਤ ਜਾਵੇਗਾ ਤਿਵੇਂ ਹੀ ਅੱਜ ਲੰਘਦਾ ਜਾ ਰਿਹਾ ਹੈ।

57. ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤ ਹੈ॥ਕਹਉ ਕਹਾ ਬਾਰ ਬਾਰ ਸਮਝਤ ਨਹ ਕਿਓ ਗਵਾਰ॥ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ॥1॥ਰਹਾਉ॥ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ॥ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ॥1॥ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ॥ਨਾਨਕ ਜਨ ਕਹਿ ਪੁਕਾਰਿ ਅਉਸੁਰ ਬਿਹਾਤੁ ਹੈ॥

ਸ਼ਬਦ ਦਾ ਅਰਥ ਹੈ ਕਿ ਹੇ ਪਰਮਾਤਮਾ ਦਾ ਭਜਨ ਕਰਿਆ ਕਰ ਮਨੁੱਖ ਜਨਮ ਲੰਘਦਾ ਜਾ ਰਿਹਾ ਹੈ ਕਿ ਮੈਂ ਤੈਨੂੰ ਮੁੜ ਮੁੜ ਕੀ ਆਖਾ ਤੂੰ ਬਾਰ ਬਾਰ ਕਿਉਂ ਨਹੀਂ ਸਮਝਦਾ ਕਿਉਂਕਿ ਇਹ ਸਰੀਰ ਗੜੇ ਦੇ ਬਰਾਬਰ ਹੈ ਜਿਸ ਨੂੰ ਕਿ ਨਾਮ ਹੁੰਦਿਆ ਵੀ ਨਹੀਂ ਲੱਗਦਾ। ਇਹ ਸਾਰੀਆ ਭਟਕਣਾ ਛੱਡ ਕੇ ਤੂੰ ਪ੍ਰਭੂ ਦਾ ਨਾਮ ਲੈ ਜੋ ਕਿ ਅੰਤਲੇ ਸਮੇਂ ਵਿੱਚ ਤੇਰੇ ਕੰਮ ਆਉਣਾ ਹੈ ਮਾਇਆ ਜ਼ਹਿਰ ਦੇ ਵਾਂਗ ਹੀ ਭੁਲਾ ਦੇ ਪਰਮਾਤਮਾ ਨੂੰ ਹੀ ਹਿਰਦੇ ਵਿੱਚ ਵਸਾਈ ਰੱਖ ਹੇ ਦਾਸ ਤੈਨੂੰ ਇਹ ਗੱਲ ਕੂਕ- ਕੂਕ ਕੇ ਕਹੀ ਜਾ ਰਹੀ ਹੈ ਕਿ ਇਹ ਜਨਮ ਬੀਤਦਾ ਜਾ ਰਿਹਾ ਹੈ।

58. ਰੇ ਮਨ ਕਉਨ ਗਤਿ ਹੋਇ ਹੈ ਤੇਰੀ॥ਇਹ ਜਗ ਮਹਿ ਰਾਮੁ ਨਾਮੁ ਸੋ ਤਉ ਨਹੀ ਸੁਨਿਓ ਕਾਨਿ॥ਬਿਖਿਅਨਿ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ॥1॥ਰਹਾਉ॥ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ॥ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ॥1॥ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ॥ ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ॥2॥3॥[34]

ਸ਼ਬਦ ਦਾ ਅਰਥ ਹੈ ਕਿ ਤੇਰੀ ਕੀ ਦਸ਼ਾ ਜੋਵੇਗੀ ਤੂੰ ਕਦੇ ਸੋਚਿਆ ਹੀ ਨਹੀਂ ਹੈ ਇਸ ਜਗਤ ਵਿੱਚ ਪਰਮਾਤਮਾ ਦਾ ਨਾਮ ਹੈ, ਉਹ ਤੂੰ ਕਦੇ ਵੀ ਧਿਆਨ ਦੇ ਨਾਲ ਨਹੀਂ ਸੁਣਿਆ ਕਿਉਂਕਿ ਤੂੰ ਇਨ੍ਹਾਂ ਵਿਸ਼ਿਆਂ ਵਿਕਾਰਾਂ ਵਿੱਚ ਹੀ ਬਹੁਤ ਫਸਿਆ ਰਹਿੰਦਾ ਹੈ, ਤੂੰ ਸੁਰਤੀ ਇਨ੍ਹਾਂ ਵਲੋਂ ਕਦੇ ਵੀ ਨਹੀਂ ਪਰਾ ਹਟਾਉਦੇ। ਹੇ ਮਨੁੱਖ ਤੂੰ ਜਨਮ ਤਾਂ ਹਾਸਲ ਕੀਤਾ ਹੈ ਪਰ ਰਤਾ

ਵੀ ਪ੍ਰਭੂ ਦਾ ਸਿਮਰਨ ਨਹੀਂ ਕੀਤਾ ਤੂੰ ਸਦਾ ਹੀ ਇਸਤਰੀ ਦੇ ਸੁੱਖਾਂ ਦੇ ਹੀ ਅਧੀਨ ਹੋਇਆ ਰਹਿੰਦਾ ਹੈ ਤੇਰੇ ਪੈਰਾਂ ਵਿੱਚ ਬੇੜੇ ਪਈ ਰਹੀ ਹੈ ਹੇ ਦਾਸ ਇਹ ਜਗਤ ਦਾ ਖਿਲਾਰਾ ਤਾ ਸੁਪਨੇ ਵਾਂਗ ਹੈ ਇਹ ਮਾਇਆ ਜਿਸ ਦੀ ਦਾਸੀ ਹੈ ਤੂੰ ਉਸ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ।

59. ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ॥ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥ਕਾਲ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ॥1॥ਰਹਾਉ॥ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥1॥ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ॥ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ॥2॥4॥[35]

ਸ਼ਬਦ ਦਾ ਅਰਥ ਹੈ ਕਿ ਇਹ ਮਨੁੱਖੀ ਜੀਵਨ ਜਨਮ ਮਨੋਰਥ ਹਾਸਲ ਕਰਨ ਤੋਂ ਬਿਨਾਂ ਹੀ ਲੰਘਦਾ ਜਾ ਰਿਹਾ ਹੈ ਇਸ ਲਈ ਹੇ ਮੂਰਖ ਮਨ ਤੂੰ ਦਿਨ ਰਾਤ ਇਸ ਤਰ੍ਹਾਂ ਦੀਆਂ ਕਹਾਣੀਆ ਸੁਣ ਕੇ ਵੀ ਤੂੰ ਨਹੀਂ ਸਮਝਦਾ ਕਿ ਇਥੇ ਸਦਾ ਹੀ ਬੈਠੇ ਨਹੀਂ ਰਹਿਣਾ ਹੈ ਤੇ ਮੌਤ ਦੇ ਨੇੜੇ ਆ ਕੇ ਪਹੁੰਚਿਆ ਹੈ ਕਿ ਭੱਜ ਕੇ ਤੂੰ ਕਿੱਥੇ ਚਲੇ ਜਾਵੇਗਾ।ਹੇ ਮੂਰਖ ਬੇਸ਼ਰਮ ਮਨੁੱਖ ਜਿਸ ਸਰੀਰ ਨੂੰ ਤੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਬੈਠਾ ਹੈ ਉਹ ਇਕ ਦਿਨ ਸੁਆਹ ਹੋ ਜਾਵੇਗਾ ਤੂੰ ਕਿਉਂ ਨਹੀਂ ਪਰਮਾਤਮਾ ਦਾ ਨਾਮ ਜਪਦਾ ਇਹ ਗੱਲ ਹੀ ਆਖੀ ਹੈ ਕਿ ਤੂੰ ਅਹੰਕਾਰ ਛੱਡ ਕੇ ਪਰਮਾਤਮਾ ਦੀ ਭਗਤੀ ਹਿਰਦੇ ਵਿੱਚ ਵਸਾ ਲੈ ਇਹੋ ਹੀ ਸੁੱਚਜਾ ਜੀਵਨ ਜੀਉਣਾ ਹੈ।

**ਸੁਹਜ-ਸ਼ਾਸਤਰ:**

ਕਵਿਤਾ ਨੂੰ ਦਿਲ ਦੀ ਬੋਲੀ ਕਿਹਾ ਜਾਂਦਾ ਹੈ।ਇਹ ਇਕ ਅਜਿਹਾ ਰੂਪ ਹੈ ਜਿਹੜਾ ਕਿ ਕਾਲਪਨਿਕ ਰੂਪ ਸਿਰਜਦਾ ਹੈ।ਕਵਿਤਾ ਇਕ ਅਜਿਹਾ ਸੁਹਜਮਈ ਕਾਵਿ ਰੂਪ ਹੈ ਜਿਸ ਵਿੱਚ ਛੰਦ, ਰਸ, ਅਲੰਕਾਰ, ਬਿੰਬਾਂ ਆਦਿ ਹੋਰ ਸਾਰੇ ਤੱਤਾਂ ਦੇ ਸੁਮੇਲ ਤੋਂ ਬਣੇ ਕਾਵਿ ਰੂਪ ਦਾ ਪ੍ਰਗਟਾਵਾ ਹੈ।ਇਹ ਸਮੇਂ ਦੇ ਅਨੁਸਾਰ ਹੀ ਪਰਿਵਰਤਨਸ਼ੀਲ ਮਨੁੱਖੀ ਅਨੁਭਵਾਂ ਨੂੰ ਪੇਸ਼ ਕਰਦਾ ਹੈ।**ਮੈਥਿਊ ਆਰਨਲਡ** ਕਵਿਤਾ ਨੂੰ ਪਰਿਭਾਸ਼ਤ ਕਰਦਿਆ ਲਿਖਦਾ ਹੈ- " ਕਵਿਤਾ ਮਨੁੱਖ ਦੇ ਜੀਵਨ ਦੀ ਆਲੋਚਨਾ ਦਾ ਸਿਖਰ ਹੈ।" **ਐਡਗਰ ਐਲਨ ਪੋ** ਨੇ ਕਵਿਤਾ ਨੂੰ ਇਸ ਤਰ੍ਹਾਂ ਪਰਿਭਾਂਸਤ ਕੀਤਾ ਹੈ- "ਕਵਿਤਾ ਇਕ ਸੁੰਦਰਤਾ ਦੀ ਸੰਗੀਤਮਈ ਸਿਰਜਣਾ ਹੈ।" ਅੰਗਰੇਜ਼ੀ ਭਾਸ਼ਾ ਦਾ ਸੰਸਾਰ ਪ੍ਰਸਿੱਧ ਕਵੀ **ਵਰਡਜ਼ਵਰਥ** ਕਵਿਤਾ ਨੂੰ ਇਸ ਤਰ੍ਹਾਂ ਪਰਿਭਾਸ਼ਤ **ਕਰਦਾ ਹੈ**-"ਕਵਿਤਾ ਇਕ ਅਜਿਹਾ ਸੁਭਾਵਿਕ ਰੂਪ ਹੈ ਜਿਸ ਦੁਆਰਾ ਸ਼ਕਤੀਸ਼ਾਲੀ ਭਾਵਨਾਵਾਂ ਆਪਣਾ ਵੇਗ ਪੈਦਾ ਕਰਦੀਆ ਹਨ।" ਕਵਿਤਾ ਨੂੰ ਭਾਵਨਾ ਤੇ ਕਲਪਨਾ ਦੇ ਆਧਾਰ ਤੇ ਪਰਿਭਾਸ਼ਤ ਕੀਤਾ ਜਾਂਦਾ ਹੈ।ਭਾਵਨਾ ਦੀ ਉਤੇਜਨਾ ਦੇ ਜ਼ਜ਼ਬਾਤ ਦੇ ਹੜ੍ਹ ਤੋਂ ਬਿਨਾਂ ਕਵਿਤਾ ਨਹੀਂ ਹੋ ਸਕਦੀ।ਸਮੁੱਚੇ ਰੂਪ ਵਿੱਚ ਕਵਿਤਾ ਅਜਿਹੀ ਰਸਮਈ ਬਾਣੀ ਹੈ, ਜਿਸ ਵਿੱਚ ਗਿਆਨ ਤੇ ਮਨੋਭਾਵ ਬੁੱਧੀ ਤੇ ਕਲਪਨਾ, ਅਰਥ ਤੇ ਬਿੰਬ ਨਾਲ ਸੰਗਠਿਤ ਹੋਏ ਮਿਲਦੇ ਹਨ।

ਕਵਿਤਾ ਦੀ ਪ੍ਰਕਿਰਤੀ ਇਕ ਅਤਿ ਜਟਿਲ ਵਿਸ਼ਾ ਹੈ।ਕਵਿਤਾ ਆਪਣੇ ਸਮੇਂ ਦੀ ਭਾਵਨਾ ਤੇ ਪ੍ਰਸਥਿਤੀ ਨਾਲ ਸੰਬੰਧਤ ਹੁੰਦੀ ਹੈ ਅਤੇ ਸਮਕਾਲੀਨ ਪ੍ਰਭਾਵਾਂ ਹੇਠ ਰਚੀ ਜਾਂਦੀ ਹੈ।ਇਹ ਧੁਨੀਆਂ ਤੇ ਸ਼ਬਦਾਂ ਤੋਂ ਬਣਦੀ

ਹੈ ਪਰ ਇਹ ਸਿਰਫ਼ ਧੁਨੀਆਂ, ਚਰਣਾਂ ਜਾਂ ਮਿਸਰਿਆਂ ਦਾ ਹੀ ਸਮੂਹ ਨਹੀ ਸਗੋਂ ਅਰਥਾਂ, ਭਾਵਨਾਵਾਂ, ਵਿੱਚਾਰਾਂ, ਬਿੰਬਾਂ ਆਦਿ ਜ਼ਰੂਰੀ ਅੰਗਾਂ ਦਾ ਇਕ ਸੰਗਠਨ ਵੀ ਹੈ।

ਸ੍ਰਿਸ਼ਟੀ ਦੀ ਸਾਰੀ ਰਚਨਾ ਕੁਝ ਨਿਰਮਾਣਕਾਰੀ ਤੱਤਾਂ ਦੇ ਸੰਯੋਜਨ ਤੋਂ ਬਣੀ ਹੈ।ਇੱਥੋਂ ਤੱਕ ਕਿ ਮਨੁੱਖੀ ਸਰੀਰ ਵੀ ਪੰਜ ਭੂਤਕ ਭਾਵ ਪੰਜ ਤਰ੍ਹਾਂ ਦੇ ਸੰਯੋਗ ਤੋਂ ਹੋਂਦ ਵਿੱਚ ਆਉਦਾ ਹੈ।ਕਾਵਿ ਸਾਹਿਤ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਇਸ ਦੀ ਰਚਨਾ ਵਿੱਚ ਵੀ ਕੁਝ ਤੱਤ ਕਾਰਜਸ਼ੀਲ ਰਹਿੰਦੇ ਹਨ।ਇਸ ਵਿੱਚ ਇਸ ਦੇ ਤੱਤ ਇਸ ਨੂੰ ਇਕ ਸੰਗਠਿਤ ਰੂਪ ਵਿੱਚ ਹੀ ਮੌਜੂਦ ਹੁੰਦੇ ਹਨ।ਪੱਛਮੀ ਤੇ ਭਾਰਤੀ ਦੋਹਾਂ ਦ੍ਰਿਸ਼ਟੀਆਂ ਦੇ ਸੁਮੇਲ ਰਾਹੀਂ ਕਾਵਿ ਦੇ ਹੇਠ ਲਿਖੇ ਹਨ

ਗੁਰੂ ਤੇਗ ਬਹਾਦਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਰੇ ਕਈ ਲੋਕਾਂ ਦਾ ਸੰਕਲਪ ਇਹ ਹੈ ਕਿ ਇਸ ਵਿਚ ਮਨੁੱਖ ਨੂੰ ਯਥਾਰਥਕ ਜੀਵਨ ਤੋਂ ਉਦਾਸ ਕਰਨ ਦਾ ਦ੍ਰਿੜ ਯਤਨ ਹੈ। ਉਹ ਜਦ ਇਸ ਦੇ ਸਮੁੱਚੇ ਤੌਰ ਉਤੇ ਅਤਿਅੰਤ ਗੰਭੀਰ ਤੇ ਉਪਰਾਮਤਾ ਭਰੇ ਵਾਤਾਵਰਨ ਨੂੰ ਯਾਦ ਕਰਦੇ ਹਨ ਤਾਂ ਇਹ ਖਿਆਲ ਵੀ ਨਹੀਂ ਕਰ ਸਕਦੇ ਕਿ ਇਸ ਵਿਚੋਂ ਉਨ੍ਹਾਂ ਨੂੰ ਸੁਹਜ ਤ੍ਰਿਪਤੀ ਕਰਨ ਵਾਲਾ ਕੋਈ ਖੁਸ਼ਗਵਾਰ ਅੰਸ਼ ਵੀ ਪ੍ਰਾਪਤ ਹੋ ਸਕਦਾ ਹੈ। ਇਸ ਬਾਣੀ ਦਾ ਵੈਰਾਗਮਈ ਪ੍ਰਭਾਵ ਇਕ ਸੰਘਣੇ ਬੱਦਲ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਸ ਵਿਚੋਂ ਸੁਹਜ ਦੀ ਕਿਸੇ ਚਾਨਣੀ ਕਿਰਨ ਚਮਕਣ ਦੀ ਆਸ ਨਹੀਂ ਕੀਤੀ ਜਾ ਸਕਦੀ। ਇਹੋ ਜਿਹੇ ਪਾਠਕ ਜ਼ਰੂਰ ਹੈਰਾਨ ਹੋਣਗੇ ਜੇ ਉਨ੍ਹਾਂ ਦਾ ਧਿਆਨ ਇਸ ਬਾਣੀ ਵਿਚ ਚਮਕਦੇ ਕਾਵਿਕ ਮੋਤੀਆਂ ਵਲ ਦੁਆਇਆ ਜਾਏ, ਜਿਵੇਂ :

ਮਨ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ।
ਨਾਨਕ ਮੂਰਤਿ ਚਿਤ ਜਿਉ ਛਾਡਿਤ ਨਾਹਿਨ ਭੀਤ । (ਸਲੋਕ, 37)

ਮਾਇਆ ਦੇ ਜਾਲ ਵਿਚ ਬੁਰੀ ਤਰ੍ਹਾਂ ਫਸੇ ਮਨ ਨੂੰ ਕੰਧ ਉਤੇ ਜੜੀ ਹੋਈ ਅਹਿਲ ਤਸਵੀਰ ਨਾਲ ਉਹ ਲੇਖਕ ਹੀ ਤੁਲਨਾ ਦੇ ਸਕਦਾ ਹੈ ਜੋ ਕਲਾਕਾਰਾਂ ਵਰਗੀ ਸਿਰਜਨਾਤਮਕ ਕਲਪਨਾ ਦਾ ਸਵਾਮੀ ਹੈ। ਇਹੋ ਲੇਖਕ ਇਕ ਬਿਰਧ ਵਿਅਕਤੀ ਦੇ ਸਰੀਰ ਦਾ ਚਿੱਤਰ ਖਿਚਦੇ ਹੋਏ ਵੀ ਸੁੰਦਰ ਬਿੰਬਾਂ ਦੀ ਵਰਤੋਂ ਕਰਦਾ ਹੈ:

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ।
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸ ਲੀਨ। (ਸਲੋਕ, 47)

ਉਪਰੋਕਤ ਪਹਿਲੇ ਸਲੋਕ ਦੇ ਮੂਰਤ ਤੇ ਕੰਧ ਦੇ ਬਿੰਬ ਦ੍ਰਿਸ਼ਟਾਂਤ ਅਲੰਕਾਰ ਵਿਚ ਬੱਝ ਕੇ ਆਏ ਹਨ।ਦੂਜੇ ਸਲੋਕ ਦਾ ਕੰਬਦਾ ਸਿਰ, ਡਗਮਗਾਉਂਦੇ ਪੈਰ ਤੇ ਜੋਤਿ ਹੀਨ ਨੈਨ ਹਨ ਤਾਂ ਬਿੰਬ ਹੀ ਪਰ ਇਹ ਨ ਪ੍ਰਤੀਕ ਹਨ, ਨ ਕਿਸੇ ਉਪਮਾ, ਰੂਪਕ ਜਾਂ ਦ੍ਰਿਸ਼ਟਾਤ ਅਲੰਕਾਰ ਦਾ ਭਾਗ ਹਨ। ਇਨ੍ਹਾਂ ਰਾਹੀਂ ਕਵੀ ਨੇ ਕੇਵਲ ਦਿਸਦੇ ਬੁਢਾਪੇ ਦਾ ਕਲਮ - ਚਿਤਰ ਉਲੀਕਿਆ ਹੈ। ਕਿਸੇ ਸੂਖਮ ਵਿਸ਼ੇ ਨੂੰ ਸਥੂਲ ਬਿੰਬਾਂ ਰਾਹੀਂ ਵਿਅਕਤ ਕਰਨ ਦਾ ਜਤਨ ਨਹੀਂ ਕੀਤਾ।

ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਪ੍ਰਮੁਖ ਵਿਸ਼ੇ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰਦੇ ਹਨ ਤੇ ਦਿਸਦੇ ਸੰਸਾਰ ਪ੍ਰਤੀ ਵੈਰਾਗ ਭਾਵ ਜਗਾਉਣ ਵਿਚ ਸਫਲ ਹਨ। ਪਰ ਉਨ੍ਹਾਂ ਨੇ ਇਸ ਉਦਾਸੀ ਉਪਜਾਉਣ ਵਾਲੇ ਵਿਸ਼ੇ ਨੂੰ ਵੀ ਕਲਾ ਦੀ ਪੁੱਠ ਚਾੜ੍ਹੇ ਬਗੈਰ ਪੇਸ਼ ਨਹੀਂ ਕੀਤਾ। ਆਪਣੀ ਸੁਹਜ-ਪੂਰਤ ਬਿੰਬਾਵਲੀ ਦੇ ਜ਼ੋਰ

ਉਹ ਮਾਇਆ ਵਿਚ ਗ੍ਰਸੇ ਜੀਵ ਜਾਂ ਨਿਰਬਲਤਾ ਦੇ ਪੁੰਜ, ਬਿਰਧ ਦੇ ਵਰਣਨ ਵਿਚ ਇਕ ਕਲਾਤਮਕ ਰਸ ਭਰ ਦੇਂਦੇ ਹਨ ਤਾਂ ਕਿ ਵੈਰਾਗ ਦੇ ਮਨੋਭਾਵਾਂ ਨੂੰ ਗ੍ਰਹਿਣ ਕਰਨ ਵਾਲੇ ਪਾਠਕਾਂ ਦੀ ਸੁਹਜ ਭੁੱਖ ਦੀ ਤ੍ਰਿਪਤੀ ਵੀ ਹੋ ਸਕੇ। ਗੁਰੂ ਸਾਹਿਬ ਉਪਦੇਸ਼ਕ ਜ਼ਰੂਰ ਹਨ ਪਰ ਨੀਰਸ ਉਪਦੇਸ਼ ਨਹੀਂ; ਇਸ ਨੂੰ ਦੇਣ ਤੋਂ ਪਹਿਲੇ ਕਾਵਿਕ ਰਸ ਵਿਚ ਗਲੇਫ ਲੈਂਦੇ ਹਨ।

ਦ੍ਰਿਸ਼ਟਮਾਨ ਜਗਤ ਨੂੰ ਨਾਸ਼ਮਾਨ ਦਰਸਾਉਣਾ ਵੈਰਾਗ ਭਾਵ ਪੈਦਾ ਕਰਨ ਦੀ ਪ੍ਰਬੀਣ ਵਿਧੀ ਹੈ ਜਿਸ ਨੂੰ ਗ੍ਰੰਥ ਸਾਹਿਬ ਦੇ ਬਹੁਤ ਬਾਣੀਕਾਰਾਂ ਤੇ ਸੰਸਾਰ ਭਰ ਦੇ ਹੋਰ ਰਹੱਸ- ਵਾਦੀਆਂ ਨੇ ਬਹੁਤ ਵਾਰੀ ਪ੍ਰਯੋਗ ਵਿਚ ਲਿਆਂਦਾ ਹੈ। ਭਾਰਤ ਵਿਚ ਜਗਤ ਨੂੰ ਮਾਇਆ ਕਹਿਣ ਵੇਲੇ ਵੀ ਆਮ ਤੌਰ ਉਤੇ ਇਸ ਦੀ ਨਾਸ਼ਮਾਨਤਾ ਦਾ ਹੀ ਸੰਕੇਤ ਦਿੱਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ 'ਮਾਇਆ'[36] ਸ਼ਬਦ ਨੂੰ ਕਈ ਅਰਥਾਂ ਵਿਚ ਵਰਤਿਆ ਹੈ ਪਰ ਇਸ ਦੇ ਪਰਿਵਰਤਨਸ਼ੀਲ ਹੋਣ ਉਤੇ ਸਭ ਤੋਂ ਵੱਧ ਜ਼ੋਰ ਦਿੱਤਾ ਹੈ। ਭੌਤਿਕ ਜਗਤ ਨੂੰ ਪਰਿਵਰਤਨ ਦੇ ਨਿਯਮ ਵਿਚ ਬੱਧਾ ਤਾਂ ਵਿਗਿਆਨੀ ਵੀ ਮੰਨਦੇ ਹਨ। ਪਰ ਉਨ੍ਹਾਂ ਵਿਚੋਂ ਬਹੁਤੇ ਇਸ ਦੇ ਇਸ ਲੱਛਣ ਨੂੰ ਵੈਰਾਗ- ਭਾਵ ਜਗਾਉਣ ਦਾ ਆਧਾਰ ਨਹੀਂ ਬਣਾਉਂਦੇ। ਗੁਰੂ ਤੇਗ ਬਹਾਦਰ ਜੀ ਆਪਣੇ ਪਾਠਕਾਂ ਦੇ ਆਚਰਣ ਨੂੰ ਨਿਰਭੈਤਾ ਤੇ ਸਮਦ੍ਰਿਸ਼ਟੀ ਦੇ ਜਿਸ ਦੂਹਰੇ ਸੱਚੇ ਵਿਚ ਢਾਲਣਾ ਚਾਹੁੰਦੇ ਹਨ ਉਸ ਲਈ ਵੈਰਾਗ- ਭਾਵਾਂ ਦੀ ਉਪਜ ਬਹੁਤ ਸਹਾਈ ਹੈ ਤੇ ਇਸ ਮੰਤਵ ਲਈ ਵੇਦਾਂਤ ਦੇ ਮਸ਼ਹੂਰ ਕੀਤੇ ਮਾਇਆ ਦੇ ਸੰਕਲਪ ਦੀ ਅਧਿਕ ਸਾਰਥਕਤਾ ਹੈ।ਵੇਦਾਂਤੀ ਬ੍ਰਹਮ ਨੂੰ ਸਤਿ ਤੇ ਜਗਤ ਨੂੰ ਅਸਤਿ ਕਹਿੰਦੇ ਹਨ ਤੇ ਜਗਤ ਨੂੰ ਮਾਇਆ ਦਾ ਰੂਪ ਮੰਨਦੇ ਹਨ। ਗੁਰੂ ਤੇਗ ਬਹਾਦਰ ਜੀ ਨੇ ਜਗਤ ਦੇ ਸੰਬੰਧ ਵਿਚ "ਅਸਤਿ" ਸ਼ਬਦ ਦੀ ਵਰਤੋਂ ਤਾਂ ਨਹੀਂ ਕੀਤੀ ਪਰ ਇਸ ਨਾਲ ਮਿਲਦੇ ਜੁਲਦੇ ਵੇਦਾਂਤੀ ਪਦ "ਮਿਥਿਆ" ਨੂੰ ਵਰਤਿਆ ਹੈ ਜਾਂ ਇਸ ਦੇ ਪੰਜਾਬੀ ਅਨੁਵਾਦ "ਝੂਠਾ" ਨੂੰ:

(ੳ) ਨਾਨਕੁ ਕਹਤੁ ਜਗਤੁ ਸਭੁ ਮਿਥਿਆ ਜਿਉ ਸੁਪਨਾ ਰੈਨਾਈ (ਰਾਗ ਸਾਰੰਗ, 1)

(ਅ) ਮਨ ਰੇ ਸਾਚਾ ਗਹੋ ਬਿਚਾਰਾ।

ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ।( ਜੈਤਸਰੀ, 3)

(ੲ) ਜਗਤੁ ਸੁਖ ਮਾਨੁ ਮਿਥਿਆ ਝੂਠੋ ਸਭ ਸਾਜ ਹੈ। (ਜੈਜਾਵੰਤੀ, 1)

ਸੰਸਾਰ ਦੇ ਮਿੱਥਿਆਪਣ ਜਾਂ ਨਾਸ਼ਮਾਨਤਾ ਦਾ ਵਿਸ਼ਾ ਨੌਵੇਂ ਗੁਰੂ ਸਾਹਿਬ ਦੀ ਬਾਣੀ ਵਿਚ ਇੰਨੀ ਵਾਰੀ ਦੁਹਰਾਇਆ ਗਿਆ ਹੈ ਕਿ ਕਈ ਪਾਠਕ ਇਸ ਤੋਂ ਉਪਰਾਮਤਾ ਪ੍ਰਤੀਤ ਕਰਨ ਲੱਗ ਪੈਂਦੇ ਹਨ।ਪਰ ਜੇ ਉਹ ਕਲਾਤਮਕ ਦ੍ਰਿਸ਼ਟੀ ਤੋਂ ਇਹ ਦੇਖਣ ਦਾ ਜਤਨ ਕਰਨ ਕਿ ਇਕੋ ਵਿਸ਼ੇ ਨੂੰ ਕਿੰਨੇ ਵੰਨ-ਸੁਵੰਨੇ ਪ੍ਰਤੀਕਾਂ ਤੇ ਰੂਪਕਾਂ ਰਾਹੀਂ ਵਰਣਨ ਕੀਤਾ ਗਿਆ ਹੈ ਤਾਂ ਉਨ੍ਹਾਂ ਦੀ ਉਪਰਾਮਤਾ ਘਟਦੀ ਤੇ ਸਾਹਿਤਕ ਆਨੰਦ ਵਧਦਾ ਹੈ।ਜਗਤ ਦੇ ਅਸਤਿ ਹੋਣ ਦੇ ਲੱਛਣ ਨੂੰ "ਮਿਥਿਆ" ਜਾਂ "ਝੂਠੋ" ਕਹਿਣ ਵਿਚ ਤਾਂ ਕੋਈ ਬਿੰਬਾਤਮਕ ਪ੍ਰਯੋਗ ਨਹੀਂ ਪਰ ਜਦ ਜਗਤ ਨੂੰ ਬੁਲਬੁਲਾ, ਬੱਦਲ ਦੀ ਛਾਂ, ਧੂਏਂ ਦਾ ਪਹਾੜ, ਆਦਿਕ ਬਿੰਬਾਂ ਵਿਚ ਪ੍ਰੋਤਾ ਜਾਂਦਾ ਹੈ ਤਾਂ ਨਾਸ਼ਮਾਨਤਾ ਦਾ ਦਾਰਸ਼ਨਿਕ ਸੰਕਲਪ ਸਾਹਿਤਕ ਪੱਧਰ ਉਤੇ ਜਾ ਨਿਬੜਦਾ ਹੈ:

(ੳ) ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਕੀਤਾ।

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ। (ਸਲੋਕ, 25)

(ਅ) ਇਹੁ ਜਗੁ ਧੂਏ ਕਾ ਪਹਾਰ।

ਤੈ ਸਾਚਾ ਮਾਨਿਆ ਕਿਹ ਬਿਚਾਰਿ। (ਬਸੰਤ, 4)

(ੲ) ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ। (ਗਉੜੀ, 2)

(ਸ) ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹੁ ਦੇਖਹੁ ਰਿਦੈ ਵਿਚਾਰਿ। (ਦੇਵਗੰਧਾਰੀ, 2)

(ਹ) ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।

ਇਹ ਮਹਿ ਕਛੁ ਸਾਚੋ ਨਹੀਂ ਨਾਨਕ ਬਿਨੁ ਭਗਵਾਨ। (ਸਲੋਕ, 23)[37]

ਗੁਰੂ ਤੇਗ ਬਹਾਦਰ ਜੀ ਨੇ ਸਭ ਬਿੰਬਾਂ ਨਾਲੋਂ ਵੱਧ ਜਿਸ ਦਾ ਪ੍ਰਯੋਗ ਕੀਤਾ ਹੈ ਉਹ ਸੁਪਨੇ ਦਾ ਬਿੰਬ ਹੈ।ਜਗਤ ਨੂੰ ਸੁਪਨੇ ਨਾਲ ਤੁਲਨਾ ਦੇਣੀ ਕਈ ਪਾਠਕਾਂ ਨੂੰ ਰੜਕਦੀ ਹੈ।ਮਨੁੱਖ ਆਪਣੇ ਜਾਗਰਤ ਸਮੇਂ ਦੇ ਤਜਰਬੇ ਨੂੰ ਸੁਪਨੇ ਦੇ ਤਜਰਬੇ ਤੋਂ ਸਾਫ ਤੌਰ ਤੇ ਭਿੰਨ ਸਮਝਦਾ ਹੈ,ਸੁਪਨੇ ਅੰਦਰ ਜੇਬ ਵਿਚ ਪਾਏ ਰੁਪਏ ਨੂੰ ਜੇ ਜਾਗਣ ਬਾਅਦ ਉਥੋਂ ਢੂੰਡੋ ਤਾਂ ਉਹ ਲਭਦਾ ਨਹੀਂ। ਫਿਰ ਜਗਤ ਸੁਪਨੇ ਸਮਾਨ ਕਿਵੇਂ ਹੋਇਆ ? ਸ਼ਾਇਦ ਰਹੱਸਵਾਦੀ ਉਤਰ ਦੇਣ ਕਿ ਜਿਸ ਸੁਪਨੇ ਨੂੰ ਜਗਤ ਲਈ ਬਿੰਬ ਬਣਾ ਕੇ ਵਰਤਿਆ ਜਾਂਦਾ ਹੈ, ਉਹ ਮਨੁੱਖ ਦਾ ਸੁਪਨਾ ਨਹੀਂ, ਬ੍ਰਹਮ ਦਾ ਸੁਪਨਾ ਹੈ। ਜਗਤ ਬ੍ਰਹਮ ਦੇ ਮਨ ਦਾ ਇਕ ਫੁਰਨਾ ਮਾਤਰ ਹੈ। ਜਦੋਂ ਸਫਰ ਹੁੰਦਾ ਹੈ ਮਾਇਆ ਵਿਚ ਲਿਪਾਏਮਾਨ ਹੁੰਦਾ ਹੈ। ਜਗਤ ਨੂੰ ਬ੍ਰਹਮ ਦਾ ਫੁਰਨਾ ਕਹਿਣ ਜਾਂ ਉਸ ਦਾ ਸੁਪਨਾ ਕਹਿਣ ਦਾ ਅਰਥ ਇਕੋ ਹੈ।ਇਨ੍ਹਾਂ ਅਰਥਾਂ ਵਿਚ ਜਗਤ ਨੂੰ ਸੁਪਨਾ ਕਹਿਣ ਉਤੇ ਸ਼ਾਇਦ ਬਹੁਤੇ ਪਾਠਕਾਂ ਦਾ ਇਤਰਾਜ਼ ਘਟ ਜਾਵੇ। ਪਰ ਸਾਹਿਤਕ ਦ੍ਰਿਸ਼ਟੀਕੋਣ ਤੋਂ ਇਸ ਬਿੰਬ ਦੀ ਵਰਤੋਂ ਵਿਚ ਹੋਰਨਾਂ ਨਾਲੋਂ ਇਕ ਵਿਸ਼ੇਸ਼ਤਾ ਹੈ। ਬੁਲਬੁਲ੍ਹਾ, ਧੂਆਂ, ਬੱਦਲ, ਆਦਿਕ ਸਭ ਪ੍ਰਤੀਕ ਜਾਂ ਰੂਪਕ ਸਥੂਲ ਹੈ ਜਿਨ੍ਹਾਂ ਦੀ ਛਿਨ ਭੰਗਰਤਾ ਦਾ ਗੁਣ ਜਗਤ ਦੀ ਅਸਥਿਰਤਾ ਦਾ ਅਹਿਸਾਸ ਦੇਣ ਲਈ ਢੁਕਵਾਂ ਹੈ ਪਰ ਸੁਪਨਾ ਇਨ੍ਹਾਂ ਦੀ ਤਰ੍ਹਾਂ ਜਗਤ ਨਾਲੋਂ ਵੱਧ ਸਥੂਲ ਵਸਤ ਨਹੀਂ, ਘਟ ਸਥੂਲ ਹੈ। ਬਿੰਬ ਪ੍ਰਯੋਗ ਦਾ ਆਮ ਨਿਯਮ ਕਿ ਸੂਖਮ ਰੂਪ ਦਿੱਤਾ ਜਾਏ, ਇਥੇ ਭੰਗ ਹੋ ਗਿਆ ਲੱਗਦਾ ਹੈ। ਅਜਿਹੇ ਅਲੰਕਾਰ ਨੂੰ ਉਲਟ ਅਲੰਕਾਰ ਕਹਿਣਾ ਯੋਗ ਹੈ।

ਗੁਰੂ ਤੇਗ ਬਹਾਦਰ ਜੀ ਨੇ ਨਾਸ਼ਮਾਨਤਾ ਦੇ ਪ੍ਰਤਿਨਿਧ ਵਿਸ਼ੇ ਨੂੰ ਬਿੰਬ ਪ੍ਰਯੋਗ ਦੇ ਨਜ਼ਰੀਏ ਤੋਂ ਛੁਟ ਜੋ ਸਾਹਿਤਕ ਜੁਗਤੀਆਂ ਦੇ ਨਜ਼ਰੀਏ ਤੋਂ ਦੇਖੋ ਤਾਂ ਹੋਰ ਵੀ ਰਸ ਵੱਧਦਾ ਹੈ।ਮਨੁੱਖ ਦਾ ਸਰੀਰ ਵੀ ਦ੍ਰਿਸ਼ਟਮਾਨ ਜਗਤ ਦਾ ਹੀ ਭਾਗ ਹੈ, ਇਹ ਵੀ ਉਸ ਦੀ ਤਰ੍ਹਾਂ ਪਲ ਪਲ ਬਦਲਦਾ ਹੈ।ਅੱਜ ਸਰੀਰ ਵਿਗਿਆਨੀ ਮਨੁੱਖ ਸਰੀਰ ਦੇ ਲਹੂ, ਮਾਸ ਤੇ ਹੱਡੀਆਂ ਦੇ ਸੈਲਾਂ ਦੇ ਥੋਹੜੇ ਜਾਂ ਬਹੁਤੇ ਦਿਨਾਂ ਬਾਅਦ ਨਵੇਂ ਹੋ ਜਾਣ ਦੇ ਵਿਸਥਾਰ ਉਲੀਕਦੇ ਹਨ। ਜਦ ਸਰੀਰ ਦਾ ਪਰਿਵਰਤਨ ਸਾਧਾਰਨ ਤੋਂ ਵਧੇਰੇ ਤਿੱਖਾ ਹੋ ਜਾਏ ਤਾਂ ਮੌਤ ਹੋ ਜਾਂਦੀ ਹੈ। ਮੌਤ ਭੌਤਿਕ ਜਗਤ ਦੇ ਪਰਿਵਰਤਨ ਦੇ ਨਿਯਮ ਦਾ ਹੀ ਇਕ ਖਾਸ ਪ੍ਰਮਾਣ ਹੈ। ਗੁਰੂ ਤੇਗ ਬਹਾਦਰ ਜੀ ਨੇ ਜਿਸ ਤਰ੍ਹਾਂ ਜਗਤ ਨੂੰ ਨਾਸ਼ਵਾਨ ਦਰਸਾ ਕੇ ਵੈਰਾਗ ਭਾਵ ਉਪਜਾਏ ਹਨ, ਉਸੇ ਤਰ੍ਹਾਂ ਮਨੁੱਖੀ ਦੇਹ ਦੇ ਮੌਤ ਦਾ ਗ੍ਰਾਸ ਹੋਣ ਦਾ ਵਰਣਨ ਕਰਕੇ ਇਹੋ ਜਜ਼ਬੇ ਪੈਦਾ ਕੀਤੇ ਹਨ।ਪਰ ਉਨ੍ਹਾਂ ਦੇ ਮੌਤ ਦੇ ਬਿਆਨ ਵਿਚ ਜੋ ਨਾਟਕੀ ਅੰਸ਼ ਹੈ ਉਹ ਇਸ ਦਾ ਸੁਹਜ ਪੱਖ ਹੈ। ਹੇਠਲੀਆਂ ਤੁਕਾਂ ਨੂੰ ਜੇ ਜ਼ਰਾ ਮੌਤ ਦੇ ਭੈ ਤੋਂ ਉਪਰ ਉਠ ਕੇ ਪੜ੍ਹਨ ਦਾ ਜਤਨ ਕਰੀਏ ਤਾਂ ਇਨ੍ਹਾਂ ਦੀ ਕਲਾ ਦਾ ਆਨੰਦ ਸਹਿਜੇ ਮਾਣਿਆ ਜਾ ਸਕਦਾ ਹੈ:

(ੳ) ਮਨ ਕੀ ਮਨ ਹੀ ਮਾਹਿ ਰਹੀ।

ਨ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ। (ਸੋਰਠਿ, 2)

(ਅ) ਜਮ ਕੋ ਡੰਡ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ।

ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ। (ਮਾਰੂ, 3)

(ੲ) ਨਰ ਚਾਹਤ ਕਛੁ ਅਉਰ ਅਉਰੈ ਕੀ ਆਓਰੈ ਭਈ।

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ। (ਸਲੋਕ, 38)

(ਸ) ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।

ਅਜੁ ਕਾਲਿ ਫੁਨਿ ਤੋਹਿ ਗ੍ਰਸਿਹੈ ਸਮਝਿ ਰਾਖਹੁ ਚੀਤਿ। (ਸੋਰਠਿ, 1)[38]

ਇਨ੍ਹਾਂ ਸਤਰਾਂ ਨੂੰ ਪੜ੍ਹਦਿਆਂ ਗੁਰਬਾਣੀ ਦੇ ਸ਼ਰਧਾਵਾਨ ਪਾਠਕ ਵੈਰਾਗ ਭਾਵ ਪ੍ਰਤੀਤ ਕਰਨ ਤੋਂ ਛੁਟ ਕੁਝ ਸਾਹਿਤ ਰਸ ਵੀ ਮਾਣਦੇ ਹਨ, ਚਾਹੇ ਉਹ ਬਹੁਤਾ ਅਚੇਤ ਹੀ ਰਹਿੰਦਾ ਹੈ। ਜੇ ਇਸ ਰਸ ਦੇ ਸੋਮੇ ਨੂੰ ਸੁਚੇਤ ਤੌਰ ਉਤੇ ਸਮਝਣ ਦਾ ਜਤਨ ਕਰੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਪ੍ਰਮਾਣਾਂ ਵਿਚ ਮੌਤ ਨੂੰ ਇਕ ਜੀਉਂਦੀ ਜਾਗਦੀ ਹਸਤੀ ਬਣਾ ਦਿੱਤਾ ਹੈ ਜਿਸ ਦੇ ਤਿੰਨ ਗੁਣ ਹਨ: (ੳ) ਮੌਤ ਬਿਨਾਂ ਚਿਤਾਵਨੀ ਦਿੱਤੇ ਅਚਾਨਕ ਆ ਸਕਦੀ ਹੈ ਜਿਸ ਕਰਕੇ ਮਨੁੱਖ ਦੇ ਆਪਣੇ ਜੀਵਨ ਲਈ ਬਣਾਏ ਪ੍ਰੋਗਰਾਮ ਧਰੇ ਧਰਾਏ ਰਹਿ ਜਾਂਦੇ ਹਨ, (ਅ) ਮੌਤ ਦੇ ਆਉਣ ਨਿਸਚਿਤ ਚੀਜ਼ ਵੀ ਹੋਰ ਕੋਈ ਨਹੀਂ, (ੲ) ਜਦ ਮੌਤ ਆ ਜਾਏ ਤਾਂ ਇਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ, ਕਿਸੇ ਹੀਲੇ ਇਸ ਤੋਂ ਛੁਟਕਾਰਾ ਨਹੀਂ। ਇਨ੍ਹਾਂ ਤਿੰਨਾਂ ਲੱਛਣਾਂ ਨੂੰ ਕ੍ਰਮਵਾਰ ਮੌਤ ਦੀ ਚਾਨਚਕਤਾ, ਮੌਤ ਦੀ ਸ਼ਕਤੀਮਾਨਤਾ ਕਿਹਾ ਜਾ ਸਕਦਾ ਹੈ। ਨੌਵੇਂ ਮਹਲੇ ਦੀ ਬਾਣੀ ਮੌਤ ਦੀ ਕਲਾ-ਪੂਰਨ ਪਾਤਰ ਉਸਾਰੀ ਕਰਨ ਵਿਚ ਬਹੁਤ ਸਫਲ ਹੈ। ਇਸ ਪੱਖੋਂ ਇਹ ਫਰੀਦ-ਬਾਣੀ ਦੀ ਸੁਹਜ ਕਲਾ ਨਾਲ ਜਾ ਬਰ ਮੇਚਦੀ ਹੈ।

ਨਾਸ਼ਮਾਨਤਾ ਦੇ ਵਿਸ਼ੇ ਦੀ ਤੀਜੀ ਪਰਗਟਾ- ਵਿਧੀ ਬੁਢਾਪੇ ਦਾ ਕਾਰਣ ਹੈ ਜਿਸ ਦਾ ਇਕ ਪ੍ਰਮਾਣ ਇਸ ਲੇਖ ਦੇ ਸ਼ੁਰੂ ਵਿਚ ਆ ਚੁੱਕਾ ਹੈ। ਬੁਢਾਪਾ ਮੌਤ ਦਾ ਹੀ ਕਾਸਦ ਹੈ।ਜਿਸ ਵਿਸਥਾਰ ਨਾਲ ਬਾਬਾ ਫਰੀਦ ਜੀ ਨੇ ਬਿਰਧ ਸਰੀਰ ਦੇ ਇਕ ਇਕ ਅੰਗ ਦੀ ਨਿਤਾਣਦਾ ਨੂੰ ("ਫਰੀਦਾ ਇਨੀ ਨਿਕੀ ਜੰਘੀਐ" ਵਰਗੇ ਸ਼ਲੋਕਾਂ ਵਿਚ) ਵਰਣਨ ਕੀਤਾ ਹੈ।[39] ਉਸ ਤਰ੍ਹਾਂ ਤਾਂ ਗੁਰੂ ਤੇਗ ਬਹਾਦਰ ਜੀ ਨੇ ਨਹੀਂ ਕੀਤਾ, ਪਰ ਫਿਰ ਵੀ ਉਨ੍ਹਾਂ ਦੇ ਵਰਣਨ ਵਿਚ ਆਪਣਾ ਹੀ ਸੁਆਦ ਰਸ ਹੈ। ਉਹ ਉਮਰ ਦੇ ਦਿਨਾਂ ਦੇ ਕਾਹਲੀ ਨਾਲ ਨੱਸਦੇ ਜਾਣ ਤੇ ਇਸ ਦੇ ਇਕ ਭਾਗ ਦੇ ਦੂਜੇ ਨੂੰ ਥਾਂ ਦੇਂਦੇ ਜਾਣ ਨੂੰ ਧਿਆਨਗੋਚਰ ਕਰਾਉਂਦੇ ਹੋਏ ਟੁੰਬਵੀਂ ਸ਼ੈਲੀ ਵਰਤਦੇ ਹਨ:

(ੳ) ਬੀਤ ਜੈਹੇ ਬੀਤ ਜੈਹੇ ਜਨਮੁ ਅਕਾਜ ਰੇ ( ਜੈਜਾਵੰਤੀ, 4)

(ਅ) ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ। ( ਜੈਜਾਵੰਤੀ, 2)

(ੲ) ਛਿਨੁ ਛਿਨੁ ਅਉਧ ਬਿਹਾਤ ਹੈ ਫੂਟੈ ਘਟ ਜਿਉ ਪਾਨੀ। ( ਤਿਲੰਗ, 1)

(ਸ) ਤਰਨਾਪੋ ਬਿਖਿਅਨ ਸਿਉ ਖੋਇਓ, ਬਾਲਪਨੁ ਅਗਿਆਨਾ।

ਬਿਰਧਿ ਭਇਓ ਅਜਹੂ ਨਹ ਸਮਝੈ ਕਉਨੁ ਕੁਮਤਿ ਉਰਝਾਨਾ। (ਰਾਮਕਲੀ, 3)

(ਹ) ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ।

ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤ ਹੈ ਬੀਤਿ। (ਸਲੋਕ 3)

(ਕ) ਬਿਰਧਿ ਭਇਓ ਸੂਝੈ ਨਹੀਂ ਕਾਲੁ ਪਹੂਚਿਓ ਆਨਿ।

ਕਹੁ ਨਾਨਕ ਨਰ ਬਾਵਰੇ ਕਿਉ ਨ ਭਜਹਿ ਭਗਵਾਨੁ। (ਸਲੋਕ 4)[40]

ਕਾਲ ਨਾਮ ਮੌਤ ਦਾ ਵੀ ਹੈ ਤੇ ਸਮੇਂ ਦਾ ਵੀ ਸਮੇਂ ਦੇ ਤਿੱਖੇ ਵਹਿਣ ਦੀ ਸੂਚਨਾ ਦੇਣੀ ਮੌਤ ਦੇ ਨੇੜੇ ਢੁੱਕਣ ਦੀ ਚਿਤਾਵਨੀ ਦੇਣ ਦੇ ਹੀ ਬਰਾਬਰ ਹੈ। ਗੁਰੂ ਸਾਹਿਬ ਨੇ (ੳ), (ਅ) ਤੇ (ੲ) ਪ੍ਰਮਾਣਾਂ ਵਿਚ ਸ਼ਬਦਾਂ ਨੂੰ ਦੁਹਰਾ ਕੇ ਕਾਹਲੀ ਕਾਹਲੀ ਕਦਮ ਪੁੱਟ ਰਹੇ ਸਮੇਂ ਦੀ ਤੇਜ਼ ਰਫਤਾਰ ਦੀ ਚੇਤਨਾ ਉਪਜਾਈ ਹੈ ਤੇ (ਸ), (ਹ) ਤੇ (ਕ) ਪ੍ਰਮਾਣਾਂ ਵਿਚ ਮਨੁੱਖੀ ਆਯੂ ਦੇ ਵਟਦੇ ਦ੍ਰਿਸ਼ਾਂ ਦੀ ਸੋਝੀ ਵਧਾ ਕੇ ਮੌਤ ਤੋਂ ਸੁਚੇਤ ਕੀਤਾ ਹੈ। ਇਹ ਸਭ ਕੁਝ ਭਾਵੇਂ ਸਹਜ ਸੁਭਾ ਹੋਵੇ, ਗਿਣ ਮਿਥ ਕੇ ਅਜਿਹੀ ਟੁੰਬਵੀਂ ਸ਼ੈਲੀ ਨਾ ਅਪਣਾਈ ਗਈ ਹੋਵੇ, ਪਰ ਇਹ ਸੁਭਾਵਕਤਾ ਹੀ ਸੁਘੜ ਕਲਾਕਾਰ ਦੀ ਨਿਸ਼ਾਨੀ ਹੁੰਦੀ ਹੈ।

ਨਾਸ਼ਮਾਨਤਾ, ਮੌਤ ਤੇ ਬੁਢਾਪਾ ਦੇ ਵਰਣਨ ਦੀਆਂ ਵਿਧੀਆਂ ਰਾਹੀਂ ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਮਾਇਆਂ ਦੇ ਬੰਧਨਾਂ ਤੋਂ ਛੁਡਾਉਣ ਦਾ ਜਤਨ ਕਰਦੇ ਹਨ। ਇਹ ਤਿੰਨੇ ਉਪ ਵਿਸ਼ੇ ਮਾਇਆ ਦੇ ਮੁਖ ਵਿਸ਼ੇ ਦੇ ਹੀ ਅੰਗ ਹਨ। ਪਰ ਮਾਇਆ ਦਾ ਸਭ ਤੋਂ ਪਰਬਲ ਰੂਪ ਹਉਮੈ ਹੈ ਜੋ ਇਸ ਦਾ ਹਥਿਆਰ ਵੀ ਹੈ। ਹਉਮੈ ਦਾ ਕਾਮਾਦਿਕ ਪੰਜ ਵਿਕਾਰ ਹਨ। ਇਨ੍ਹਾਂ ਪੰਜਾਂ ਨੂੰ ਵਿਅਕਤ ਕਰਨ ਲਈ ਗੁਰੂ ਸਾਹਿਬ ਨੇ ਉਤਮ ਬਿੰਬ ਤੇ ਸੁੰਦਰ ਕਲਾ ਢੰਗ ਵਰਤੇ ਹਨ।ਮਾਇਆ ਮਨੁੱਖ ਨੂੰ ਲੋਭ ਗ੍ਰਸਤ ਕਰਕੇ ਕਿਵੇਂ ਭਟਕਾਉਂਦੀ ਤੇ ਖੁਆਰ ਕਰਦੀ ਹੈ ਇਸ ਦਾ ਅਤਿਅੰਤ ਪ੍ਰਭਾਵਸ਼ਾਲੀ ਵਰਣਨ ਹੇਠਲੇ ਸ਼ਬਦ ਵਿਚ ਹੈ:

ਬਿਰਥਾ ਕਹਉ ਕਉਨ ਸਿਉ ਮਨ ਕੀ।

ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।

ਸੁਖ ਕੈ ਹੇਤਿ ਬਹੁਤ ਦੁਖ ਪਾਵਤ ਸੇਵ ਕਰਤ ਜਨ ਕੀ।

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧਿ ਰਾਮ ਭਜਨ ਕੀ।1।

ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ।

ਨਾਨਕ ਹਰਿ ਜਸੁ ਕਿਉ ਨਹੀਂ ਗਾਵਤ ਕੁਮਤਿ ਬਿਨਾਸੈ ਤਨ ਕੀ।1। ( ਆਸਾ, 1)

ਮਨੁੱਖ ਨੂੰ ਮਾਇਆ ਆਪਣੇ ਜਾਦੂ ਨਾਲ ਜਿਸ ਤਰ੍ਹਾਂ ਭਰਮਾਉਂਦੀ ਹੈ ਉਸ ਨੂੰ ਅੰਤਲੀ ਸਤਰ ਵਿਚ ਤਨ ਦੀ ਕੁਮਤਿ ਦੇ ਰੂਪਕ ਵਿਚ ਢਾਲ ਲਿਆ ਹੈ ਤੇ ਇਸ ਜਾਦੂ ਹੇਠ ਉਹ ਜੋ ਨੀਚ ਕਰਮ ਕਰਦਾ ਹੈ ਉਨ੍ਹਾਂ ਨੂੰ ਕੁੱਤੇ ਦੇ ਦਰ ਦਰ ਫਿਰਨ ਨਾਲ ਤੁਲਨਾ ਦਿੱਤੀ ਹੈ। ਕੁੱਤੇ ਦੀ ਇਸ ਭਟਕਣਾ ਨਾਲ ਸਾਡੇ ਮਨਾ ਵਿਚ ਜੋ ਨਫਰਤ ਦੇ ਮਨੋਭਾਵ ਜੁੜੇ ਹੁੰਦੇ ਹਨ ਉਹ ਖੁਸ਼ਾਮਦੀ ਮਨੁੱਖ ਦੀ ਲੀਚੜਤਾ ਨਾਲ ਜਾ ਜੁੜਦੇ ਹਨ ਤੇ ਉਹ ਸਾਡੀ ਨਿਖੇਧੀ ਦਾ ਪਾਤਰ ਬਣਦਾ ਹੈ।ਵਿਸ਼ਾ ਚਾਹੇ ਮੌਤ ਦਾ ਹੋਵੇ, ਚਾਹੇ ਲੋਭ ਦਾ, ਗੁਰੂ ਤੇਗ ਬਹਾਦਰ ਆਪਣੀ ਕਾਵਿ ਕਲਾ ਦੀ ਕਿਸੇ ਨਾ ਕਿਸੇ ਜੁਗਤੀ ਦੁਆਰਾ ਉਸ ਨਾਲ ਡੂੰਘੇ ਭਾਵ ਜੋੜਨ ਵਿਚ ਸਫਲ ਹਨ।[41]

ਕੁੱਤੇ ਦਾ ਬਿੰਬ ਨੌਵੇਂ ਗੁਰੂ ਸਾਹਿਬ ਨੇ ਹੋਰਨਾਂ ਜਾਨਵਰਾਂ ਤੋਂ ਬਹੁਤ ਵੱਧ ਵਰਤਿਆ ਹੈ ਉਸ ਦੀ ਪੂਛ ਦੇ ਸਿੱਧੇ ਨਾ ਹੋਣ ਦਾ ਲੱਛਣ ਵੀ ਸਾਡੇ ਮਨਾਂ ਵਿਚ ਘਟੀਆਪਣ ਦੇ ਸੰਸਾਰਕ ਜਗਾਉਂਦਾ ਹੈ। ਇਸ ਲੱਛਣ ਨੂੰ ਲੋਭੀ ਮਨੁੱਖ ਦੀ ਭਰਪੂਰ ਨਿਖੇਧੀ ਕਰਨ ਲਈ ਇਉਂ ਵਰਤਿਆ ਹੈ:

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਨ ਉਚਰੈ।
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ।
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।
ਕਹੁ ਨਾਨਕ ਭਜੁ ਰਾਮ ਨਾਮੁ ਨਿਤ ਜਾਤੇ ਕਾਜੁ ਸਰੈ। (ਦੇਵਗੰਧਾਰੀ, 1)

ਜਿਸ ਕਿਸੇ ਸੁਧਾਰਵਾਦੀ ਜਾਂ ਕ੍ਰਾਂਤੀਕਾਰੀ ਨੇਤਾ ਨੇ ਲੋਭੀ ਜਾਗੀਰਦਾਰਾਂ, ਪੂੰਜੀਦਾਰਾਂ ਜਾਂ ਸਾਮਰਾਜੀਆਂ ਦੇ ਨਿਰਧਨਾਂ ਨੂੰ ਲੁੱਟਣ ਤੇ ਆਪਣੀਆਂ ਤਜੌਰੀਆਂ ਭਰਨ ਉਤੇ ਰੋਹ ਪ੍ਰਤੀਤ ਕੀਤਾ ਹੈ ਉਹ ਇਹਨਾਂ ਸਤਰਾਂ ਵਿਚਲੇ ਤੀਬਰ ਭਾਵੁਕ ਤਤ ਨੂੰ ਹੁੰਗਾਰਾ ਭਰੇਗਾ। ਗੁਰੂ ਸਾਹਿਬ ਘੋਰ ਮਾਇਆਧਾਰੀਆਂ ਦਾ ਪਾਜ ਉਘਾੜਨ ਵੇਲੇ ਕਠੋਰ ਪਰ ਢੁਕਵੇਂ ਸ਼ਬਦ ਵਰਤਣੇ ਸੰਕੋਚ ਨਹੀਂ ਕਰਦੇ। "ਸੁਆਨ ਪੂਛ", ਦੀ ਤਰ੍ਹਾਂ "ਕਰਿ ਪਰਪੰਚ", "ਜਗਤ ਕੋ ਡਹਕੈ", ਤੇ "ਅਪਨੋ ਉਦਰੁ ਭਰੈ" ਵਾਕੰਸ਼ਾਂ ਵਿਚ ਵੀ ਕਹਿਰਾਂ ਦੀ ਸ਼ਕਤੀ ਹੈ। "ਮਦਿ" ਤੇ "ਬਾਵਰਾ" ਸ਼ਬਦਾਂ ਨਾਲ ਨੀਚਤਾ ਦੀਆਂ ਪਰਸਥਿਤੀਆਂ ਜੁੜੀਆਂ ਹੋਈਆਂ ਹਨ। ਇਨ੍ਹਾਂ ਸਤਰਾਂ ਦੀ ਸ਼ਬਦਾਵਲੀ ਇਨ੍ਹਾਂ ਦੇ ਕੁੱਤੇ ਦੇ ਦ੍ਰਿਸ਼ਟਾਂਤ ਅਲੰਕਾਰ ਨੂੰ ਪੂਰੀ ਪ੍ਰੋੜਤਾ ਦੇਂਦੀ ਹੈ। ਇਹ ਸ਼ਬਦਾਵਲੀ ਬਲਵਾਨ ਵੀ ਹੈ ਤੇ ਉਚੇਰੇ ਸਾਹਿਤ ਦੇ ਅਨੁਕੂਲ ਵੀ। ਮਾਇਆ ਦੇ ਦੂਜ ਰੂਪ, ਮੋਹ, ਨੂੰ ਨਿਖੇਧਣ ਦਾ ਕਲਾ ਲੋਭ ਨੂੰ ਨਿਖੇਧਣ ਵਾਲੀ ਕਲਾ ਦੇ ਸਾਵੇਂ ਉਤਰਦੀ ਹੈ:

(ੳ) ਇਹ ਜਗਿ ਮੀਤੁ ਨ ਦੇਖਿਓ ਕੋਈ।
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮਹਿ ਸੰਗ ਨ ਹੋਈ।1। ਰਹਾਉ।
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ।
ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ਛਾਡਿ ਸਭਿ ਭਾਗੇ।1।
ਕਹਉ ਕਹਾ ਯਿ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਉ।
ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ।
ਸੁਆਨ ਪੂਛ ਜਿਉ ਭਇਓ ਨ ਸੂਧੋ ਬਹੁਤੁ ਜਤਨੁ ਮੈ ਕੀਨਉ।
ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤਿਹਾਰਉ ਲੀਨਉ। (ਸੋਰਠਿ, 9)

(ਅ) ਪ੍ਰੀਤਮ ਜਾਨਿ ਲੇਹੁ ਮਨ ਮਾਹੀ।
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਹੂ ਕੋ ਨਾਹੀ।
ਸੁਖ ਮਹਿ ਆਨਿ ਬਹੁਤੁ ਮਿਲਿ ਬੈਠਤ ਰਹਿਤ ਚਹੂੰ ਦਿਸਿ ਘੇਰੈ।
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗਿ ਲਾਗੀ।

ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ। (ਸੋਰਠਿ, 12)

ਇਨ੍ਹਾਂ ਦੋਹਾਂ ਪ੍ਰਮਾਣਾਂ ਵਿਚ ਪਹਿਲੇ ਜਗਤ ਦੇ ਸਵਾਰਥ ਦਾ ਸਾਧਾਰਨੀਕਰਣ ਕੀਤਾ ਹੈ ਤੇ ਫਿਰ ਇਸ ਨੂੰ ਸਾਕਾਂ ਸੰਬੰਧੀਆਂ ਉਤੇ ਘਟਾਇਆ ਹੈ। ਸਾਕਾਂ ਸੰਬੰਧੀਆਂ ਦੇ ਵਤੀਰੇ ਨੂੰ ਦੋ ਵਿਰੋਧੀ ਹਾਲਤਾਂ ਵਿਚ ਵਰਣਨ ਕਰਕੇ ਦੋਹਾਂ ਨੂੰ ਆਪਸ ਵਿਚ ਟਕਰਾ ਦਿੱਤਾ ਹੈ। ਇਸ ਟੱਕਰ ਵਿਚ ਇਕ ਸੂਖਮ ਜਿਹਾ ਵਿਅੰਗ ਵੀ ਅਨੁਮਾਨਿਆ ਜਾ ਸਕਦਾ ਹੈ। ਇਸ ਵਿਰੋਧ ਤੇ ਵਿਅੰਗ ਨੂੰ ਸਮਝਣ ਵੇਲੇ ਮਨ ਵਿਚ ਜਗਤ ਪ੍ਰਤਿ ਉਦਾਸੀ ਦੇ ਮਨੋਭਾਵ ਵੀ ਪੈਦਾ ਹੁੰਦੇ ਹਨ। (ੳ) ਪ੍ਰਮਾਣ ਵਿਚ ਇਹ ਉਦਾਸੀ ਅੱਗੇ ਵੱਧ ਕੇ ਆਪਣੇ ਮਨ ਉਤੇ ਅਫਸੋਸ ਵਿਚ ਵਟ ਜਾਂਦੀ ਹੈ ਪੰਜਵੀਂ ਤੇ ਛੇਵੀਂ ਦੋ ਸਤਰਾਂ ਵਿਚ ਇਹ ਅਫਸੋਸ ਜਾਰੀ ਰਹਿੰਦਾ ਹੈ ਪਰ ਇਨ੍ਹਾਂ ਵਿਚ ਵੀ ਤੀਜੀ ਤੇ ਚੌਥੀ ਸਤਰ ਦੀ ਤਰ੍ਹਾਂ ਆਪਸ ਵਿਚ ਟਕਰਾ ਹੈ। ਪੰਜਵੀਂ ਵਿਚ ਮਨ ਦੇ ਸਾਕਾ ਸੰਬੰਧੀਆਂ ਨਾਲ ਨੇਹ ਕਰਨ ਦਾ ਵਰਣਨ ਹੈ ਤੇ ਛੇਵੀਂ ਵਿਚ ਨਿਰੰਕਾਰ ਨੂੰ ਨੇਹ ਨ ਕਰਨ ਦਾ। ਸਤਵੀਂ ਸਤਰ ਵਿਚ ਇਸ ਅਫਸੋਸ ਨਾਲ ਝਾਤ ਝੰਭ ਵੀ ਆ ਸ਼ਾਮਿਲ ਹੋਈ ਹੈ। ਅਠਵੀਂ ਸਤਰ ਵਿਚ ਕਾਂਟਾ ਬਿਲਕੁਲ ਬਦਲ ਗਿਆ ਹੈ ਤੇ ਨਿਰੰਕਾਰ ਪਾਸੋਂ ਮਿਹਰ ਦੀ ਯਾਚਨਾ ਕੀਤੀ ਗਈ ਹੈ। ਇਸ ਸਤਰ ਵਿਚ ਸਾਰੇ ਸ਼ਬਦ ਦਾ ਅਸਲ ਵਿਸ਼ਾ ਹੈ ਪਰ ਇਸ ਤਕ ਪਹੁੰਚਣ ਲਈ ਜੋ ਤਿਆਰੀ ਬਾਕੀ ਸਤਰਾਂ ਵਿਚ ਕੀਤੀ ਗਈ ਹੈ ਉਹ ਸੁਚੱਜੀ ਹੈ। ਦੁਨੀਆਂ ਵਲੋਂ ਮਨ ਨੂੰ ਉਪਰਾਮ ਕਰਨ ਤੇ ਨਿਰੰਕਾਰ ਨਾਲ ਜੋੜਨ ਦੋਹਾਂ ਦਾ ਅਤਿਅੰਤ ਵਿਸ਼ਵਾਸ- ਉਪਜਾਊ ਆਧਾਰ ਪੈਦਾ ਕਰ ਲਿਆ ਗਿਆ ਹੈ। ਦੁਨੀਆਂ ਦਾ ਵਰਣਨ ਦੁਨੀਆਂ ਦਾ ਬਾਹਰਮੁਖੀ ਯਥਾਰਥਕ ਚਿਤਰ ਹੈ ਤੇ ਮਨ ਸਮਝੌਣੀ ਇਕ ਅੰਤਰਮੁਖੀ ਪ੍ਰਕਿਰਿਆ ਹੈ। ਇਹ ਇਕ ਦੂਜੇ ਨਾਲ ਅਜੋੜ ਪ੍ਰਤੀਤ ਹੁੰਦੇ ਸਾਰੇ ਤੱਤ ਇਕ ਵੱਡੀ ਇਕਾਈ ਵੈਰਾਗਭਾਵ ਦੇ ਵਿਸ਼ਾਲ ਚੌਖਟੇ ਵਿਚ ਜੋੜੇ ਜਾ ਕੇ ਅੰਤਲੀ ਸਤਰ ਤੱਕ ਪਹੁੰਚਦਿਆਂ ਪੂਰੀ ਤਰ੍ਹਾਂ ਇਕਸੁਰ ਤੇ ਬੱਝਵਾਂ ਹੋ ਕੇ ਪੈਣ ਵਾਲਾ ਹੈ। ਲੋਭ ਤੇ ਮੋਹ ਦੀ ਨਿਖੇਧੀ ਦੇ ਪ੍ਰਮਾਣਾਂ ਬਾਅਦ ਕਾਮ ਦੀ ਨਿਖੇਧੀ ਦਾ ਪ੍ਰਮਾਣ ਦੇਖੋ:

ਪਾਪੀ ਹੀਐ ਮੈ ਕਾਮੁ ਬਸਾਇ।

ਮਨੁ ਚੰਚਲੁ ਯਾਤਿ ਗਹਿਓ ਨ ਜਾਇ।1। ਰਹਾਉ।

ਜੋਗੀ ਜੰਗਮ ਅਰੁ ਸੰਨਿਆਸ।

ਸਭ ਹੀ ਪਰਿ ਡਾਰੀ ਇਹ ਫਾਸਾ।1।

ਜਿਹਿ ਜਿਹਿ ਹਰਿ ਕੋ ਨਾਮੁ ਸਮਾਰਿ।

ਤੇ ਭਵ ਸਾਗਰ ਉਤਰੇ ਪਾਰਿ।2।

ਜਨ ਨਾਨਕ ਹਰਿ ਕੀ ਸਰਨਾਇ।

ਦੀਜੈ ਨਾਮੁ ਰਹੇ ਗੁਨ ਗਾਇ।3। (ਬਸੰਤ, 2)

ਇਸ ਸ਼ਬਦ ਦੇ ਅੰਤ ਉਤੇ ਵੀ ਕਾਮ ਦੀ ਯਾਚਨਾ ਹੈ ਜੋ ਇਸ ਦਾ ਅਸਲ ਵਿਸ਼ਾ ਹੈ। ਇਸ ਯਾਚਨਾ ਤੋਂ ਪਹਿਲੋਂ ਪੰਜਵੀਂ ਤੇ ਛੇਵੀਂ ਸਤਰ ਵਿਚ ਕਾਮ ਬਾਰੇ ਇਕ ਸਾਧਾਰਨੀਕਰਣ ਹੈ ਜੋ ਯਾਚਨਾ ਦਾ ਬਲਵਾਨ ਪਿਛੋਕੜ ਤੇ ਆਧਾਰ ਬਣਦਾ ਹੈ। ਪਹਿਲੀ ਤੇ ਦੂਜੀ ਸਤਰ ਵਿਚ ਆਪਣੇ ਚੰਚਲ ਮਨ ਵਿਚ ਵਸਦੇ ਕਾਮ ਤੋਂ ਉਪਜੀ ਗਿਲਾਨੀ ਦੀ ਚੇਤਨਾ ਹੈ ਤੇ ਤਜੀ ਤੇ

ਚੌਥੀ ਵਿਚ ਇਸ ਦਸ਼ਾ ਦਾ ਪਾਸਾਰ ਆਪਣੇ ਮਨ ਤੋਂ ਅਗੇ ਵਧ ਕੇ ਸਭ ਜੋਗੀਆਂ ਜੰਗਮਾਂ ਤਕ ਫੈਲਿਆਂ ਹੋਇਆ ਦਰਸਾਇਆ ਹੈ। ਇਥੇ ਸਾਧਾਰਨੀਕਰਣ ਪਿਛੋਂ ਆਇਆ ਹੈ ਮੋਹ ਵਾਲੇ ਪ੍ਰਮਾਣ ਵਿਚ ਪਹਿਲੇ ਜੀਵਨ ਨੂੰ ਕੇਂਦਰ ਵਿਚ ਲਿਆਂਦਾ ਹੈ, ਦੂਜੇ ਪਾਸੇ ਵਿਸ਼ਾਲ ਜਗਤ ਨੂੰ। ਪਹਿਲੀਆਂ ਸਤਰਾਂ ਵਿਚ ਆਤਮ ਤੇ ਅਨਾਤਮ ਦਾ ਜੋ ਕ੍ਰਮ ਹੈ ਉਹ ਪਿਛਲੀਆਂ ਚਾਰ ਸਤਰਾਂ ਵਿਚ ਉਲਟ ਗਿਆ ਹੈ। ਇਕੋ ਨਮੂਨੇ ਨੂੰ ਦੁਹਰਾਉਣ ਲਗਿਆਂ ਉਸ ਵਿਚ ਪਲਟਾ ਲੈ ਆਂਦਾ ਹੈ।ਪਰ ਹੋਇਆ ਇਹ ਸਭ ਕੁਝ ਸੁਭਾਵਿਕ ਹੈ।

ਕ੍ਰੋਧ ਦੀ ਨਿਖੇਧੀ ਦੀ ਕਲਾ ਨਿਰਾਲੀ ਹੈ:

ਸਾਧੋ ਇਹੁ ਮਨੁ ਗਹਿਓ ਨਾ ਜਾਈ।
ਚੰਚਲ ਤ੍ਰਿਸਨਾ ਸੰਗਿ ਬਸਤ ਹੈ ਯਾ ਤੇ ਥਿਰੁ ਨ ਰਹਾਈ।1। ਰਹਉ।
ਕਠਨ ਕਰੋਧ ਘਟ ਹੀ ਭੀਤਰਿ ਜਿਹ ਸੁਧਿ ਸਭ ਬਿਸਰਾਈ।
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ।
ਜੋਗੀ ਜਤਨ ਕਰਤ ਸਭਿ ਹਾਰੇ ਮੁਨੀ ਰਹੇ ਗੁਨ ਗਾਈ।
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿਆਈ। (ਗਉੜੀ, 4)[42]

ਕ੍ਰੋਧ ਨੂੰ ਜਿਤਣ ਲਈ ਮਨੁੱਖ ਇਸ ਨਾਲ ਮੋਰਚੇ ਲਾਉਂਦਾ ਤੇ ਬਾਰ ਬਾਰ ਹਾਰਦਾ ਤੇ ਇਸ ਅੱਗੇ ਬੇਬਸ ਪ੍ਰਤੀਤ ਕਰਦਾ ਹੈ, ਉਸ ਦਸ਼ਾ ਦਾ ਬੜਾ ਸੁੰਦਰ ਵਰਣਨ ਇਨ੍ਹਾਂ ਸਤਰਾਂ ਵਿਚ ਹੈ। ਜਦ ਕ੍ਰੋਧ ਦੀਆਂ ਵਾਗਾ ਮਾਮੂਲੀ ਜਿਹਾ ਬਹਾਨਾ ਪਾ ਕੇ ਅੰਦਰੋਂ ਉਠਦੀਆਂ ਹਨ ਤਾਂ ਮਨ ਨੂੰ ਪਹਿਲਾਂ ਦਿੱਤੇ ਹੋਏ ਧੀਰਜ ਧਾਰਨ ਦੇ ਉਪਦੇਸ਼ ਤੇ ਕੀਤੀਆਂ ਹੋਈਆਂ ਵਿਚਾਰਾਂ ਸਭ ਇਨ੍ਹਾਂ ਕਾਂਗਾਂ ਵਿਚ ਰੁੜ ਜਾਂਦੀਆ ਹਨ। ਕ੍ਰੋਧ ਨਾਲ ਪਾਗਲ ਹੋਏ ਮਨੁੱਖ ਦਾ ਸੰਕੇਤ ਬੜੇ ਸੰਜਮ ਨਾਲ ਇਨ੍ਹਾਂ ਤੁਕਾਂ ਵਿਚ ਅੰਕਿਤ ਹੈ। ਇਸ ਵਿਰੁਧ ਸੰਘਰਸ਼ ਕਰਨ ਵੇਲੇ ਬੜੇ ਬੜੇ ਜੋਗੀ ਤੇ ਗੁਣੀ ਗਿਆਨੀ ਹਾਰਦੇ ਹਨ। ਅੰਤਲੀ ਸਤਰ ਵਿਚ ਜਦ ਅਜਿਹਾ ਮਹਾਂਬਲੀ ਕ੍ਰੋਧ ਦੈਵੀ ਦਇਆ ਦੁਆਰਾ ਵਸ ਵਿਚ ਆਉਂਦਾ ਦਸਿਆ ਹੇ ਤਾਂ ਮਨੁੱਖ ਦੇ ਅੰਦਰ ਆਸ਼ਾਵਾਦ ਪ੍ਰਵੇਸ਼ ਕਰਦਾ ਹੈ ਤੇ ਉਹ ਇਸ ਦਇਆ ਲਈ ਨਿਮਰਤਾ ਸਹਿਤ ਮੰਗ ਕਰਦਾ ਹੈ। ਕ੍ਰੋਧ ਨੂੰ ਮਹਾਂਬਲੀ ਦਰਸਾਉਣ ਦੀ ਕਲਾ ਜਿੰਨੀ ਸਫਲ ਹੈ ਉਨੀ ਡੂੰਘਾਈ ਵਿਚੋਂ ਦੈਵੀ ਸਹਾਇਤਾ ਦੀ ਹੂਕ ਉਠੇਗੀ। ਕ੍ਰੋਧ ਨੂੰ ਮਹਾਂਬਲੀ ਦਰਸਾਉਣ ਦੀ ਕਲਾ ਜਿੰਨੀ ਸਫਲ ਹੈ ਉਨੀ ਹੀ ਨਾਮ ਦੀ ਪ੍ਰੇਰਣਾ ਦੇਣ ਦੀ ਕਾਮਯਾਬ ਹੈ। ਦੋਵੇਂ ਪਲੜੇ ਸਾਵੇਂ ਕਰਨੇ ਇਸ ਸ਼ਬਦ ਦੀ ਸੁਚੱਜੀ ਵਿਉਂਤਕਾਰੀ ਹੈ।

ਹੇਠਲੇ ਪ੍ਰਮਾਣ ਵਿਚ ਹੰਕਾਰ ਦੀ ਨਿਖੇਧੀ ਲਈ ਇਕ ਅਤਿਅੰਤ ਸੰਖੇਪ ਦ੍ਰਿਸ਼ਟਾਂਤ ਦੇਣਾ ਹੀ ਕਾਫੀ ਹੈ:-

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ।
ਨਾਨਕ ਨਿਹਫਲ ਜਾਤੁ ਤਿਹਿ ਜਿਉ ਕੁੰਚਰ ਇਸਨਾਨਾ। (ਸਲੋਕ, 46)

ਗਧਾ ਪਾਣੀ ਨਾਲ ਨਹਾ ਕੇ ਫਿਰ ਖੇਹ ਵਿਚ ਲੇਟਦਾ ਹੈ।ਉਸ ਦੀ ਮੂਰਖਤਾ ਦਾ ਇਹ ਨਾਪ ਹੈ ਕਿ ਉਹ ਪਾਣੀ ਨਾਲ ਕੀਤੇ ਇਸ਼ਨਾਨ ਨਾਲੋਂ ਖੋਹ ਦੇ ਇਸ਼ਨਾਨ ਨੂੰ ਉਤਮ ਗਿਣਦਾ ਹੈ। ਹੰਕਾਰ ਕਰਨ ਵਾਲਾ ਮਨੁੱਖ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ ਪਰ ਉਸ ਦੀ ਵਡਿਆਈ ਦੀ ਅਸਲੀਅਤ ਗਧੇ ਦੀ ਅਕਲ ਤੋਂ ਵੱਧ ਨਹੀਂ।ਕਈ ਆਤਮਿਕ ਪਾਂਧੀ ਪਹਿਲੇ

ਵਿਕਾਰਾਂ ਨੂੰ ਫਤਹ ਕਰਕੇ ਮਨ ਨੂੰ ਪੱਵਿਤਰ ਬਣਾ ਲੈਂਦੇ ਹਨ ਪਰ ਫਿਰ ਖੁਸ਼ ਹੁੰਦੇ ਤੇ ਆਪਣੇ ਆਪ ਨੂੰ ਥਾਪੜਾਂ ਦਿੰਦੇ ਹਨ ਕਿ ਅਸੀਂ ਬਹੁਤ ਹਿੰਮਤ ਧਾਰ ਕੇ ਮਨ ਨਿਰਮਲ ਕੀਤਾ ਹੈ। ਆਤਮਿਕ ਵਿਕਾਸ ਦੀ ਇਹ ਮੰਗ ਹੈ ਕਿ ਜੋ ਪ੍ਰਾਪਤੀ ਵੀ ਹੋਵੇ ਸਾਧਕ ਉਸ ਨੂੰ ਆਪਣੀ ਘਾਲ ਦਾ ਫਲ ਨਹੀਂ, ਦੈਵੀ ਮਿਹਰ ਦਾ ਕੌਤਕ ਮੰਨੇ। ਜਿਹੜਾ ਪਾਂਧੀ ਆਪਣੀ ਪਵਿਤ੍ਰਤਾ ਨੂੰ ਦੈਵੀ ਮਿਹਰ ਦੀ ਬਜਾਏ ਆਪਣੇ ਜਤਨ ਨਾਲ ਸੰਬੰਧਿਤ ਕਰਦਾ ਹੈ। ਉਸ ਦੇ ਅੰਦਰ ਹੰਕਾਰ ਦੀ ਸੂਖਮ ਜਿਹੀ ਲੇਸ਼ ਆ ਪਰਵੇਸ਼ ਕਰਦੀ ਹੈ ਤੇ ਉਹ ਦੈਵੀ ਮਹਿਲ ਦੀਆਂ ਦਲ੍ਹੀਜ਼ਾਂ ਤਕ ਪਹੁੰਚਾ ਹੋਇਆ ਹੰਕਾਰ ਦੀ ਲੋ ਮਾਰਨ ਕਰ ਕੇ ਪਿੱਛੇ ਧਿਕ ਦਿੱਤਾ ਜਾਂਦਾ ਹੈ।ਜਿਸ ਹਉਮੈਂ ਨੂੰ ਜਤਨ ਨਾਲ ਮਨ ਦੇ ਮੂਹਰਲੇ ਦਰਵਾਜ਼ੇ ਤੋਂ ਬਾਹਰ ਕੱਢਿਆਂ ਸੀ ਉਹ ਹੰਕਾਰ ਦੇ ਰੂਪ ਵਿਚ ਪਿਛਲੇ ਰਾਹੀਂ ਅੰਦਰ ਆ ਵੜਦੀ ਹੈ। ਅਜਿਹੇ ਉਕਾਈ ਖਾਂਦੇ ਸਾਧਕ ਦੀ ਦਸ਼ਾ ਨੂੰ ਪਾਣੀ ਨਾਲ ਨਹਾਉਣ ਬਾਅਦ ਖੇਹ ਵਿਚ ਲੇਟਦੇ ਗਧੇ ਨਾਲ ਤੁਲਨਾ ਦੇਣੀ ਅਤਿਅੰਤ ਢੁਕਵਾਂ ਤੇ ਖੂਬਸੂਰਤ ਦ੍ਰਿਸ਼ਟਾਂਤ ਹੈ। ਇਸ ਸਲੋਕ ਵਿਚ "ਤੀਰਥ ਬਰਤ ਅਰੁ ਦਾਨ" ਮਨ ਨੂੰ ਪਵਿਤ੍ਰ ਬਣਾਉਣ ਦੇ ਸਾਧਨ ਵਜੋਂ ਆਏ ਹਨ।

ਜਗਤ ਦੀ ਨਾਸ਼ਮਾਨਤਾ, ਮੌਤ, ਬੁਢਾਪਾ ਤੇ ਮਨ ਦੇ ਪੰਜ ਵਿਕਾਰਾਂ ਦਾ ਵਰਣਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮਨਫੀ ਅਰਥਾਤ ਨਾਂਹ ਵਾਚੀ ਪੱਖ ਹੈ ਇਨ੍ਹਾਂ ਸਭ ਦੇ ਵਰਣਨ ਦਾ ਅਸਲ ਨਿਸ਼ਾਨਾ ਮਨੁੱਖ ਨੂੰ ਨਿਰੰਕਾਰ ਦੇ ਲੜ ਲਾਉਣਾ ਹੈ, ਜਿਹਾ ਕਿ ਅਸੀਂ ਹੁਣੇ ਕੁਝ ਪ੍ਰਮਾਣਾਂ ਵਿਚ ਦੇਖਿਆ ਹੈ, ਨਿਰੰਕਾਰ ਨਾਲ ਮਨੁੱਖ ਦਾ ਪ੍ਰੇਮ ਇਸ ਬਾਣੀ ਦਾ ਹਾਂ ਵਾਚੀ ਪੱਖ ਹੈ। ਇਸ ਪ੍ਰੇਮ ਨੂੰ ਉਤਪਨ ਕਰਨ ਤੇ ਪਾਲਣ ਦੀ ਵਿਧੀ ਨਾਮ ਹੈ। ਨਾਮ ਦਾ ਵਿਸ਼ਾ ਜਿਨ੍ਹਾਂ ਵਿਭਿੰਨ ਜੁਗਤੀਆਂ ਰਾਹੀਂ ਪੇਸ਼ ਕੀਤਾ ਗਿਆ ਹੈ ਉਨ੍ਹਾਂ ਦਾ ਅਧਿਐਨ ਵੀ ਬਹੁਤ ਰੌਚਕ ਹੈ।

(1) ਕਿਤੇ ਕਿਤੇ ਤਾਂ ਨਾਮ ਜਪਣ ਦਾ ਸਿੱਧਾ ਉਪਦੇਸ਼ ਹੈ:-

(ੳ) ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੇ ਕਾਜਿ ਹੈ। (ਜੈਜਾਵੰਤੀ)

(ਅ) ਕਹੁ ਨਾਨਕ ਭਜੁ ਰਾਮ ਨਾਮੁ ਨਿਤ ਜਾ ਤੇ ਕਾਜੁ ਸਰੈ। (ਦੇਵਗੰਧਾਰੀ, 1)

(2) ਪਰ ਆਮ ਤੌਰ ਉਤੇ ਨਾਮ ਜਪਣ ਦੀ ਪ੍ਰੇਰਣਾ ਦੇਣ ਵੇਲੇ ਇਸ ਦਾ ਕੋਈ ਵਿਸ਼ੇਸ਼ ਆਧਾਰ ਕਾਇਮ ਕਰ ਲਿਆ ਗਿਆ ਹੈ। ਹੇਠਲੀਆਂ ਤੁਕਾਂ ਵਿਚ ਇਹ ਆਧਾਰ ਨਾਮ ਜਪਣ ਦੇ ਲਾਭ ਗਿਣਾਉਣ ਦਾ ਰੂਪ ਧਾਰਦਾ ਹੈ:-

(ੳ) ਨਾਨਕ ਭਉਜਲ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ। (ਦੇਵਗੰਧਾਰੀ 3)

(ਅ) ਅਜਹੂ ਕਛੂ ਬਿਗਰਿਓ ਨਹੀਂ ਜਉ ਪ੍ਰਭ ਗੁਨ ਗਾਵੈ।
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ। (ਤਿਲੰਗ, 1)

(ੲ) ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ।
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ। (ਸਲੋਕ, 40)

(3) ਇਸੇ ਵਿਧੀ ਦਾ ਜ਼ਰਾ ਬਦਲਵਾਂ ਰੂਪ ਉਹ ਹੈ ਜਿੱਥੇ ਨਾਮ ਜਪਣ ਨੂੰ ਕ੍ਰਿਤਗਿਅਤਾ ਦਾ ਧਰਮ ਪਾਲਣ ਦੀ ਮੰਗ ਦਰਸਾਇਆ ਹੈ-

(ੳ) ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹ ਨ ਕੀਨ।
ਕਹੁ ਨਾਨਕ ਨਰ ਬਾਵਰੈ ਅਬ ਕਿਉ ਡੋਲਤ ਦੀਨ। (ਸਲੋਕ, 7)

(ਅ) ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ।
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮ। (ਸਲੋਕ, 8)

(4) ਪਰ ਜਿਹੜੇ ਕ੍ਰਿਤਗਿਅਤਾ ਦਾ ਫਰਜ਼ ਭੁਲਾ ਕੇ ਨਾਮ ਵਿਸਾਰੀ ਬੈਠੇ ਹਨ ਤੇ ਉਨ੍ਹਾਂ ਅਕ੍ਰਿਤਘਨਾਂ ਦੀ ਨਿਖੇਧੀ ਤੇ ਤਾੜਨਾ ਵੀ ਕਰਾਰੀ ਹੈ,

(ੳ) ਪ੍ਰਾਨੀ ਕਛੂ ਨਾ ਚੇਤਈ ਮਦਿ ਮਾਇਐ ਕੇ ਅੰਧੁ।
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ। (ਸਲੋਕ, 26)

(ਅ) ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨ। (ਸਲੋਕ, 26)

(5) ਨਾਮ ਵਿਸਰਨ ਦਾ ਸਦਕਾ ਜੋ ਝਾੜ ਕੀਤੀ ਗਈ ਹੈ ਉਸ ਦਾ ਪਾਤਰ ਅਨੇਕਾਂ ਵਾਰੀ ਆਪਣੇ ਮਨ ਨੂੰ ਬਣਾਇਆ ਹੈ:-

(ੳ) ਮਨ ਕਹਾ ਬਿਸਾਰਿਓ ਰਾਮ ਨਾਮਾ
ਤਨ ਬਿਨਸੈ ਜਮ ਸਿਉ ਪਰੇ ਕਾਮਾ (ਬਸੰਤ, 4)

(ਅ) ਰੇ ਮਨ ਕਉਨ ਗਤਿ ਹੁਇ ਹੈ ਤੇਰੀ।
ਇਹ ਜਗ ਮਹਿ ਰਾਮ ਨਾਮ ਤਾ ਕਉ ਨਹੀਂ ਸੁਨਿ ਕਾਨਿ।
ਬਿਖਿਆਨ ਸਿਉ ਅਤਿ ਲੁਭਨਿ ਮਤਿ ਨਾਹਨਿ ਫੇਰੀ। (ਜੈਜਾਵੰਤੀ, 3)

(ੲ) ਮਨ ਰੇ ਕਉਨ ਕੁਮਤਿ ਤੈ ਲੀਨੀ।
ਪਰ ਦਾਰਾ ਨਿੰਦਾ ਰਸਿ ਰਚਿਓ ਰਾਮੁ ਭਗਤਿ ਨਹਿ ਕੀਨੀ। (ਸੋਰਠਿ, 3)

(6) ਕਈ ਵਾਰੀ ਆਪਣੇ ਮਨ ਦੀ ਗਫਲਤ ਦੀ ਸ਼ਕਾਇਤ ਜਾਂ ਇਸ ਦਾ ਅਫਸੋਸ ਆਪਣੀ ਮਾਂ ਨਾਲ ਕੀਤਾ ਹੈ:-

(ੳ) ਮਾਈ ਮੈ ਮਨ ਕਾ ਮਾਨੁ ਤਿਆਗਿਓ।
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨ ਨਹ ਲਾਗਿਓ। (ਮਾਰੂ, 3)

(ਅ) ਅਬ ਮੈ ਕਹਾ ਕਰਉ ਰੀ ਮਾਈ।
ਸ਼ਗਲ ਜਨਮੁ ਬਿਖਿਆਨੁ ਸਿਉ ਖੋਇਆ ਸਿਮਰਿਓ ਨਾਹਿ ਕਨਾਹੀ। (ਮਾਰੂ, 3)

(ੲ) ਕੋਈ ਮਾਈ ਭੂਲਿਓ ਮਨੁ ਸਮਝਾਵੈ।
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ। (ਗਉੜੀ, 6)

(7) ਮਾਂ ਦਾ ਜ਼ਿਕਰ ਆਇਆ ਉਸ ਨਾਲ ਜੁੜੇ ਨਿਘੇ ਸੰਸਕਾਰ ਇਨ੍ਹਾਂ ਤੁਕਾਂ ਵਿਚ ਪ੍ਰਵੇਸ਼ ਕਰਦੇ ਹਨ ਤੇ ਨਾਮ ਵਿਸਰਨ ਦੇ ਦੁੱਖ ਨੂੰ ਸੱਚਾ ਤੇ ਡੂੰਘਾ ਪ੍ਰਤੀਤ ਕਰਾਉਂਦੇ ਹਨ। ਉਂਜ ਹੈ ਇਹ ਵੀ ਪਾਠਕਾਂ ਨੂੰ ਨਾਮ ਦਾ ਉਪਦੇਸ਼ ਦੇਣ ਦੀ ਇਕ ਟੇਢੀ ਵਿਧੀ ਸੀ। ਕੁਝ ਹੋਰ ਸ਼ਬਦਾਂ ਵਿਚ ਸਿੱਧਾ ਉਪਦੇਸ਼ ਦੇਣ ਵੇਲੇ ਮਨ ਜਾਂ ਮਾਂ ਦੀ ਬਜਾਏ ਸਾਧਾਂ ਨੂੰ ਸੰਬੋਧਨ ਕੀਤਾ ਹੈ:-

(ੳ) ਸਾਧੋ ਗੋਬਿੰਦ ਕੇ ਗੁਨ ਗਾਵਉ।

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹੇ ਗਵਾਵਉ। (ਗਉੜੀ, 5)

(ਅ) ਸਾਧੋ ਰਾਮ ਸਰਨਿ ਬਿਸਰਾਮਾ।

ਬੇਦ ਪੁਰਾਨ ਪੜੇ ਕੋ ਇਹ, ਗੁਨ ਸਿਮਰੇ ਹਰਿ ਕੋ ਨਾਮਾ। (ਗਉੜੀ, 7)[43]

(8) ਜਦ ਉਪਦੇਸ਼ ਨੂੰ ਬਹੁਤ ਹੀ ਮਿੱਠਾ ਬਣਾਉਣਾ ਹੋਵੇ ਤਾਂ 'ਸਾਧੋ' ਦੀ ਬਜਾਏ 'ਪ੍ਰੀਤਮ' ਜਾਂ 'ਮੀਤ' ਵਰਗੇ ਸ਼ਬਦ ਵਰਤੇ ਹਨ:-

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ।

ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ। (ਸਲੋਕ, 10)

(9) ਇਸ ਸਲੋਕ ਦੀ ਦੂਜੀ ਸਤਰ ਵਿਚ ਜੋ ਦੋ ਸ਼ਬਦ 'ਰੇ ਮਨਾ' ਆਏ ਹਨ, ਇਨ੍ਹਾਂ ਦੀ ਗੂਜ ਹੋਰ ਅਨੇਕਾਂ ਸਲੋਕਾਂ ਵਿਚ ਸੁਣੀਂ ਦੀ ਹੈ ਪਰ ਉਪਦੇਸ਼ ਦੇ ਪਾਤਰ ਨੂੰ ਗੁਰੂ ਸਾਹਿਬ ਬੜੀ ਫੁਰਤੀ ਨਾਲ ਬਦਲਦੇ ਵੀ ਹਨ। ਕਿਧਰੇ 'ਸਾਧੋ' ਕਿਧਰੇ 'ਪ੍ਰਾਨੀ', ਕਿਧਰੇ 'ਨਰ' ਤੇ ਕਿਧਰੇ 'ਚਤੁਰੁ ਸੁਜਾਨ' ਕਹਿ ਕੇ ਪਾਤਰਾਂ ਨੂੰ ਝੂਣਿਆਂ ਗਿਆ ਹੈ। ਕਦੀ ਕਦੀ ਤਾਂ ਉਨ੍ਹਾਂ ਨੂੰ 'ਬਾਵਰੇ' ਵੀ ਕਹਿ ਦਿੱਤਾ ਹੈ:

(ੳ) ਕਹੁ ਨਾਨਕ ਨਰ ਬਾਵਰੇ ਕਿਉ ਨ ਭਜਹਿ ਭਗਵਾਨ। (ਸਲੋਕ, 4)

(ਅ) ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ। (ਸਲੋਕ, 7)

(10) ਸਿੱਧੇ ਉਪਦੇਸ਼ ਦੇਣ ਤੋਂ ਕਾਫੀ ਭਿੰਨ ਨਾਮ ਦਾ ਵਿਸ਼ਾ ਪ੍ਰਤਿਪਾਦਕ ਕਰਨ ਦੀ ਇਕ ਹੋਰ ਵਧੀਆ ਵਿਧੀ ਪ੍ਰਸ਼ਨੋਤ੍ਰੀ ਦੀ ਹੈ ਪਹਿਲੇ ਇਕ ਜਾਂ ਵਧੀਕ ਪ੍ਰਸ਼ਨ ਖੜੇ ਕੀਤੇ ਜਾਂਦੇ ਹਨ, ਫਿਰ ਉਨ੍ਹਾਂ ਦਾ ਉਤਰ ਨਾਮ ਜਪਣ ਦੇ ਸਿਧਾਂਤ ਦੇ ਰੂਪ ਵਿਚ ਦਿੱਤਾ ਜਾਂਦਾ ਹੈ:

ਕਉਨ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ।

ਕਉਨ ਨਾਮ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ।

ਕਲਿ ਮਹਿ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ।

ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦੁ ਬਤਾਵੈ। (ਸੋਰਠਿ, 5)

ਗੁਰੂ ਤੇਗ ਬਹਾਦਰ ਜੀ ਦੇ ਮਨ ਵਿਚ ਆਪਣੇ ਪਾਠਕਾਂ ਲਈ ਡੂੰਘੀ ਦਇਆ ਹੈ। ਉਹ ਦੇਖਦੇ ਹਨ ਕਿ ਏਕ ਨਾਮ ਨੂੰ ਵਿਸਾਰ ਕੇ ਅਨੇਕਾਂ ਦੁੱਖ ਭੋਗ ਰਹੇ ਹਨ।ਇਸ ਦੁੱਖ ਤੋਂ ਪਸੀਜ ਕੇ ਉਹ ਉਨ੍ਹਾਂ ਨੂੰ ਨਾਮ ਵੱਲ ਖਿੱਚਣਾ ਚਾਹੁੰਦੇ ਹਨ। ਉਨ੍ਹਾਂ ਦੇ ਨਾਮ ਉਪਦੇਸ਼ ਦੀ ਤਹਿ ਵਿਚ ਡੂੰਘੀ ਹਮਦਰਦੀ ਹੈ। ਇਹ ਹੀ ਉਨ੍ਹਾਂ ਨੂੰ ਕਦੀ ਤਾਕੀਦ, ਕਦੀ ਪ੍ਰੇਰਣਾ, ਕਦੀ ਕਦੀ ਝਾੜ ਝੰਭ ਤੇ ਕਦੀ ਮਨ- ਸਮਝੋਣੀਆਂ ਦੀਆਂ ਵਿਭਿੰਨ ਜੁਗਤੀਆਂ ਆਪਣਾ ਕੇ ਸੁਖ ਦੇ ਰਾਹ ਪਾਉਣ ਦਾ ਉਪਰਾਲਾ ਕਰਦੀ ਹੈ। ਜਿੱਥੇ ਡੂੰਘੀ ਹਮਦਰਦੀ ਹੋਵੇ ਉਥੇ ਉਹ ਸਭ ਜੁਗਤੀਆਂ ਸੁਭਾਵਿਕ ਆਉਂਦੀਆਂ ਹਨ। ਜੀਵਨ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ, ਗੁਰੂ ਤੇਗ ਬਹਾਦਰ ਜੀ ਦੀ ਉਪਦੇਸ਼ਾਤਮਕ ਸ਼ੈਲੀ ਜੀਵਨ ਦੇ ਨਮੂਨੇ ਉੱਤੇ ਢਲੀ ਹੋਈ ਹੈ, ਇਸ ਕਰਕੇ ਇਸ ਵਿਚ ਤਾਜ਼ੇ ਫੁਲਾਂ ਦੀ ਖੁਸ਼ਬੂ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਭਾਸ਼ਾ ਪੰਜਾਬੀ ਨਹੀਂ, ਸ਼ਾਇਦ ਇਹ ਹਿੰਦੀ ਬੋਲਦੇ ਇਲਾਕੇ ਵਿਚ ਬੈਠ ਕੇ ਰਚੀ ਗਈ ਹੈ।ਇਸ ਵਿਚ ਇਕੋ ਵਿਸ਼ੇ ਦੇ ਸ਼ਬਦ ਤੇ ਸਲੋਕ ਮੁੜ ਮੁੜ ਆਉਣ ਦੇ ਦੋ ਕਾਰਨ ਹੋ ਸਕਦੇ ਹਨ। ਗੁਰੂ ਸਾਹਿਬ ਹਿੰਦੀ - ਭਾਸ਼ੀ ਇਲਾਕੇ ਵਿਚ ਥਾਂ ਥਾਂ ਫਿਰਦੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਹਨ। ਸੰਗਤ ਬਦਲ ਜਾਣ ਕਰਕੇ ਇਕੋ ਵਿਸ਼ਾ ਦੁਹਰਾਉਣਾ ਜਾਇਜ਼ ਹੈ ਜਾਂ ਇਕੋ ਸੰਗਤ ਨੂੰ ਉਹ ਰੋਜ਼-ਰੋਜ਼ ਆਪਣਾ ਉਪਦੇਸ਼ ਦੋਹਰਾਉਂਦੇ ਹਨ ਤਾਂ ਕਿ ਇਹ ਉਨ੍ਹਾਂ ਦੇ ਅੰਦਰ ਡੂੰਘਾ ਵ ਸਕੇ ਉਨ੍ਹਾਂ ਦੇ ਆਚਰਣ ਨੂੰ ਬਦਲ ਸਕੇ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੀਵਨ ਸਾਹਿਤ ਹੈ। ਇਸ ਦਾ ਸੌਂਦਰਯ ਵਿਸ਼ੇ ਦੇ ਅਧੀਨ ਹੈ, ਇਸ ਤੋਂ ਸੁਤੰਤਰਤਾ ਨਹੀਂ।

**ਕਾਵਿ ਜੁਗਤਾਂ :**

ਗੁਰੂ ਤੇਗ ਬਹਾਦਰ ਜੀ ਨੇ ਕੁਲ 59 ਸ਼ਬਦ ਅਤੇ 57 ਸਲੋਕ ਰਚੇ ਹਨ। ਸ਼ਬਦ 16 ਰਾਗਾਂ ਵਿਚ ਉਚਾਰੇ ਗਏ ਹਨ ਅਤੇ ਸਲੋਕ ਦੋਹਰੇ ਦੇ ਰੂਪ ਵਿਚ ਲਿਖੇ ਗਏ ਹਨ। ਕੁਝ ਸੀਖਿਆਕਾਰਾਂ ਨੇ ਗੁਰੂ ਜੀ ਦੀ ਬਾਣੀ ਵਿਚਲੇ ਰਾਗਾਂ ਦੀ ਗਿਣਤੀ 16 ਦੀ ਥਾਂ 15 ਕੀਤੀ ਹੈ ਤੇ ਕੁਝ ਹੋਰਨਾਂ ਨੇ ਰਾਗਾਂ ਦੀ ਇਹ ਸੰਖਿਆ 17 ਦੱਸੀ ਹੈ। ਅਸਲ ਗਲ ਇਹ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 'ਬਸੰਤ' ਅਤੇ 'ਬਸੰਤੁ ਹਿੰਡੋਲ' ਵੱਖਰੇ ਵੱਖਰੇ ਸਿਰਲੇਖ ਦਿੱਤੇ ਹੋਏ ਹਨ। ਜੇਕਰ ਇਨ੍ਹਾਂ ਨੂੰ ਇਕੋ ਰਾਗ ਮੰਨ ਲਿਆ ਜਾਵੇ ਤਾਂ ਇਹ ਗਿਣਤੀ 15 ਹੋ ਜਾਂਦੀ ਹੈ। ਇਸੇ ਤਰ੍ਹਾਂ ਤਿਲੰਗ ਰਾਗੁ ਦੇ ਤਿੰਨਾਂ ਸ਼ਬਦਾਂ ਵਿਚੋਂ ਪਹਿਲੇ ਦੇ ਉਤੇ ਤਿਲੰਗ ਦੇ ਨਾਲ 'ਕਾਫੀ' ਸ਼ਬਦ ਲਿਖਿਆ ਹੋਇਆ।ਕਈ ਵਿਦਵਾਨਾਂ ਦਾ ਵਿਚਾਰ ਹੈ ਕਿ 'ਕਾਫੀ' ਇਕ ਰਾਗੁ ਦਾ ਨਾਂ ਹੈ ਅਤੇ ਇਹ ਪਹਿਲਾਂ ਸ਼ਬਦ ਤਿਲੰਗ ਤੇ ਕਾਫੀ ਨੂੰ ਰਲਾ ਮਿਲਾ ਕੇ ਗਾਇਆ ਗਿਆ ਹੈ। ਇਸ ਤਰ੍ਹਾਂ ਜੇ 'ਕਾਫੀ' ਨੂੰ ਤੇ 'ਬਸੰਤੁ ਹਿੰਢੋਲ' ਨੂੰ ਵੱਖਰੇ ਵੱਖਰੇ ਰਾਗੁ ਮੰਨ ਲਿਆ ਜਾਵੇ ਤਾਂ ਇਹ ਗਿਣਤੀ 17 ਹੋ ਜਾਂਦੀ ਹੈ ਅਤੇ ਜੇ ਦੋਹਾਂ ਨੂੰ ਦੂਜੇ ਸਾਥੀ ਰਾਗਾਂ ਦੇ ਨਾਲ ਜੋੜ ਦਿੱਤਾ ਜਾਵੇ ਤਾਂ ਇਹ ਗਿਣਤੀ 15 ਰਹਿ ਜਾਵੇਗੀ। ਆਦਿ ਗ੍ਰੰਥ ਵਿਚ ਸੰਕਲਿਤ ਬਾਣੀ ਵਿਚ 'ਰਾਗੁ ਜੈਜਾਵੰਤੀ' ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਵਰਤਿਆ ਹੈ।[44] ਬਾਕੀ ਗੁਰੂ ਸਾਹਿਬਾਨ ਨੇ ਇਸ ਰਾਗੁ ਦੀ ਵਰਤੋਂ ਨਹੀਂ ਕੀਤੀ। ਰਾਗਾਂ ਦੀ ਇਸ ਵਿਸ਼ਾਲ ਵਰਤੋਂ ਨਾਲ ਉਨ੍ਹਾਂ ਦੀ ਸਾਰੀ ਰਚਨਾ ਸੰਗੀਤਮਈ ਬਣ ਗਈ ਹੈ। ਇਹ ਬਾਣੀ ਜਦੋਂ ਰਾਗ ਵਿਚ ਗਾਈ ਜਾਂਦੀ ਹੈ ਤਾਂ ਸਰੋਤਿਆਂ/ ਪਾਠਕਾਂ ਉਤੇ ਡੂੰਘਾ ਪ੍ਰਭਾਵ ਪੈਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਆਦਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ 59 ਸ਼ਬਦਾਂ ਵਿਚੋਂ , 50 ਸ਼ਬਦ ਦੋ ਸ਼ਬਦ ਤਿੰਨ ਪਦਾਂ ਵਾਲੇ ਹਨ ਅਤੇ 19 ਸ਼ਬਦ ਤਿੰਨਾਂ ਪਦਾਂ ਵਾਲੇ ਹਨ। ਸਲੋਕ ਦੋਹਰੇ ਦੇ ਰੂਪ ਵਿਚ ਲਿਖੇ ਗਏ ਹਨ। ਇਥੇ ਸਲੋਕ ਦੇ ਸਿਰਲੇਖ ਹੇਠਾਂ 52 ਸਲੋਕ ਹਨ ਅਤੇ ਪੰਜ ਦੋਹਰੇ ਹਨ, ਪਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਇਨ੍ਹਾਂ ਦੀ ਗਿਣਤੀ ਸਲੋਕਾਂ ਦੇ ਨਾਲ ਹੀ ਕੀਤੀ ਗਈ ਹੈ। ਇਸ ਕਰਕੇ ਸਲੋਕਾਂ ਦੀ ਕੁਲ ਸੰਖਿਆ 57 ਹੋ ਗਈ ਹੈ।[45]

**ਸ਼ੈਲੀ :-**

ਆਪ ਦੀ ਸ਼ੈਲੀ ਵਿਚ ਵਿਚਾਰਾਂ ਦੀ ਸਪਸ਼ਟਤਾ, ਬਿਆਨ ਵਿਚ ਸੰਖੇਪਤਾ ਅਤੇ ਪ੍ਰਭਾਵਸ਼ਾਲੀ ਪ੍ਰਗਟਾ ਹੈ।ਰਚਨਾ ਵਿਚ ਬੇਅੰਤ ਮਿਠਾਸ ਅਤੇ ਬੇਰੋਕ ਰਵਾਨਗੀ ਹੈ। ਬਾਣੀ ਵਿਚੋਂ ਗੁਰੂ ਸਾਹਿਬ ਦੀ ਸੁਹਿਰਦ ਤਬੀਅਤ ਤੇ ਵਿਸ਼ਾਲ ਬੁੱਧੀ ਦੇ ਪ੍ਰੱਤਖ ਪ੍ਰਮਾਣ ਮਿਲਦੇ ਹਨ।ਹਰ ਸ਼ਬਦ ਦਾ ਪਹਿਲਾਂ ਵਾਕ ਸੰਖੇਪ ਤੇ ਵਧੇਰੇ ਭਾਵਪੂਰਤ ਹੁੰਦਾ ਹੈ। ਇਸ ਦੀ ਚਾਲ ਚੁਸਤ ਹੁਮਦਿ ਹੈ। ਇਹ ਵਾਕ ਆਮ ਤੌਰ ਤੇ ਸੰਬੋਧਨੀ ਹੁੰਦਾ ਹੈ। ਕਿਤੇ ਕਿਤੇ ਇਹ ਵਾਕ ਪ੍ਰਸ਼ਨ ਵਾਚਕ ਵੀ ਦਿੱਤਾ ਗਿਆ ਹੈ।

ਸਾਰੀ ਰਚਨਾ ਦੇ ਇਨ੍ਹਾਂ ਆਰੰਭਕ ਵਾਕਾਂ ਵਿਚ ਥਾਂ ਥਾਂ ਸਾਧ, ਨਰ, ਪ੍ਰਾਣੀ, ਮਨ, ਮਾਈ, ਪ੍ਰੀਤਮ ਆਦਿ ਨੂੰ ਸੰਬੋਧਨ ਕੀਤਾ ਹੋਇਆ ਮਿਲਦਾ ਹੈ:

**ਸਾਧ**

ਸਾਧੋ ਇਹੁ ਮਨੁ ਗਹਿਓ ਨ ਜਾਈ॥ (ਗਉੜੀ, 219)

ਸਾਧੋ ਮਨ ਕਾ ਮਾਨੁ ਤਿਅਗਾਉ॥ (ਗਉੜੀ, 219)

ਸਾਧੋ ਰਚਨਾ ਰਾਮਿ ਬਨਾਈ ॥ (ਗਉੜੀ, 219)

ਸਾਧੋ ਗੋਬਿੰਦ ਕੇ ਗੁਨ ਗਾਵਉ ॥ (ਗਉੜੀ, 219)

ਸਾਧੋ ਇਹੁ ਜਗੁ ਭਰਮਿ ਭੁਲਾਨਾ ॥ (ਧਨਾਸਰੀ, 684)

**ਨਰ**

ਨਰ ਅਚੇਤ ਪਾਪ ਤੇ ਡਰੁ ਰੇ ॥ (ਗਉੜੀ, 220)

ਰੇ ਨਰ ਇਹ ਸਾਚੀ ਜੀਅ ਧਾਰਿ॥ (ਸੋਰਠਿ, 632)

**ਪ੍ਰਾਨੀ**

ਮਨ ਰੇ ਗਹਿਓ ਨ ਗੁਰ ਉਪਦੇਸੁ ॥ (ਸੋਰਠਿ, 633)

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ (ਸੋਰਠਿ, 631)

ਮਨ ਰੇ ਕਹਾ ਭਇਓ ਤੈ ਬਉਰਾ ॥ (ਗਉੜੀ, 220)

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ (ਸੋਰਠਿ, 632)

ਮਨ ਰੇ ਕਉਨ ਕੁਮਤਿ ਤੈ ਲੀਨੀ ॥ (ਸੋਰਠਿ, 632)

ਮਨ ਰੇ ਸਾਚਾ ਗਹੋ ਬਿਚਾਰਾ ॥ (ਜੈਤਸਰੀ, 703)

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥ ( ਤਿਲੰਗ, 727)

**ਮਾਈ**

ਮਾਈ ਮੈ ਕਿਹ ਬਿਧਿ ਲਖਉ ਗੁਸਾਈ ॥ (ਸੋਰਠਿ, 632)

ਕੋਊ ਮਾਈ ਭੂਲਿਓ ਮਨੁ ਸਮਝਾਵੈ ॥ ( ਗਉੜੀ, 220)

ਮਾਈ ਮਨੁ ਮੇਰੋ ਬਸਿ ਨਾਹੀ ॥ (ਸੋਰਠਿ, 632)

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ॥ (ਮਾਰੂ, 1008)

ਮਾਈ ਮੈ ਧਨੁ ਪਾਇਓ ਹਰਿ ਨਾਮੁ ॥ (ਬਸੰਤੁ, 1146)

**ਪ੍ਰੀਤਮ**

ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥ (ਸੋਰਠਿ, 634)[46]

ਇਨ੍ਹਾਂ ਸੰਬੋਧਨੀ ਤੁਕਾਂ ਵਿਚੋਂ ਕੁਛ ਪ੍ਰਸ਼ਨ ਵਾਚਕ ਵਾਕਾਂ ਦੀਆਂ ਮਿਸਾਲਾਂ ਹੇਠਾਂ ਦਿੰਦੇ ਹਾਂ। ਸੰਬੋਧਨੀ ਵਾਕਾਂ ਤੋਂ ਵੀ ਕੁਝ ਪ੍ਰਸ਼ਨ-ਵਾਚਕ ਤੁਕਾਂ ਮਿਲ ਜਾਂਦੀਆਂ ਹਨ।ਗੁਰੂ ਸਾਹਿਬ ਨੇ ਇਨ੍ਹਾਂ ਤੁਕਾਂ ਵਿਚ ਵਧੇਰੇ ਆਪਣੇ ਮਨ ਨਾਲ ਹੀ ਪ੍ਰਸ਼ਨ ਉਤਰ ਕੀਤੇ ਹਨ। ਕਈ ਥਾਵਾਂ ਉੱਤੇ ਦੂਜੇ ਨੂੰ ਵੀ ਸਵਾਲ ਕੀਤੇ ਹਨ ਅਤੇ ਉਨ੍ਹਾਂ ਦੇ ਉੱਤਰ ਮਿਲਦੇ ਹਨ:

**ਕਾਹੇ ਰੇ ਬਨਿ ਖੋਜਨਿ ਜਾਈ ॥** (ਧਨਾਸਰੀ, 684)

**ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥** (ਤਿਲੰਗ, 726)

**ਪ੍ਰਾਨੀ ਕਉਨੁ ਉਪਾਉ ਕਰੈ ॥** (ਸੋਰਠਿ, 632)

**ਰੇ ਮਨ ਕਉਨ ਗਤਿ ਹੋਇ ਹੈ ਤੇਰੀ ॥** (ਜੈਜਾਵੰਤੀ, 1352)

**ਬਿਰਥਾ ਕਹਉ ਕਉਨ ਸਿਉ ਮਨ ਕੀ ॥** (ਆਸਾ, 411)

**ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ ॥** (ਤਿਲੰਗ, 726)

ਗੁਰੂ ਸਾਹਿਬ ਦੀ ਬਾਣੀ ਵਿਚ ਕੁਝ ਅਜਿਹੇ ਭਾਵ ਪੂਰਵ ਵਾਕ ਵੀ ਹਨ ਜਿਨ੍ਹਾਂ ਵਿਚ ਅਖਾਣ ਬਣ ਜਾਣ ਦੀ ਸ਼ਕਤੀ ਹੈ। ਉਨ੍ਹਾਂ ਵਿਚੋਂ ਕੁਝ ਤਾਂ ਅਖਾਣ ਹੀ ਜਾਪਦੇ ਹਨ:

**ਬਿਪਤਿ ਪਰੀ ਸਭ ਹੀ ਸੰਗੁ ਛਾਡਤ ਕੋਊ ਨ ਆਵਤ ਨੇਰੈ ॥** (ਸੋਰਠਿ, 634)

**ਇਹੁ ਜਗਿ ਮੀਤੁ ਨ ਦੇਖਿਓ ਕੋਈ ॥** (ਸੋਰਠਿ, 633)

**ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ ॥** (ਸਲੋਕ, 1427)

**ਨਰ ਚਾਹਤ ਕਛੁ ਅਉਰ ਅਉਰੈ ਭਈ ॥** (ਸਲੋਕ, 1428)

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤ ਪਛਾਨਾ ॥1॥** (ਗਉੜੀ, 219)

**ਜਨ ਨਾਨਕ ਸੋਊ ਜਗਿ ਮੁਕਤਾ ਰਾਮ ਭਜਨਿ ਚਿਤੁ ਲਾਵੈ ॥** (ਸਾਰੰਗ, 1231)

ਗੁਰੂ ਤੇਗ ਬਹਾਦਰ ਬਾਣੀ ਦੀ ਸ਼ੈਲੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਹਰ ਸ਼ਬਦ ਦਾ ਪਹਿਲਾ ਪਦ ਹੀ "ਰਹਾਉ" ਦਾ ਪਦ ਹੈ।'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਬਾਣੀ ਵਿਚ ਆਮ ਤੌਰ ਤੇ ਸ਼ਬਦ ਦਾ ਦੂਜਾ ਪਦ "ਰਹਾਉ" ਦਾ ਪਦ ਹੈ। ਇਸ ਨਾਲ ਆਰੰਭ ਵਿਚ ਹੀ ਸ਼ਬਦ ਦੇ ਵਿਸ਼ੇ ਦਾ ਪਤਾ ਲੱਗ ਜਾਂਦਾ ਹੈ।

**ਬੋਲੀ:**

ਸਤਾਰ੍ਹਵੀਂ ਸਦੀ ਦੇ ਗੁਰੂ ਸਾਹਿਬਾਨ ਦੀ ਸਾਹਿਤਕ ਭਾਸ਼ਾ ਦਾ ਝੁਕਾਅ ਵਧੇਰੇ ਬ੍ਰਿਜ ਭਾਸ਼ਾ ਵੱਲ ਰਿਹਾ ਹੈ।ਭਾਵੇਂ ਉਸ ਵਿਚ ਹਿੰਦੀ ਤੇ ਪੰਜਾਬੀ ਦੇ ਕਾਫੀ ਸ਼ਬਦ ਮਿਲਦੇ ਹਨ। ਉਨ੍ਹਾਂ ਨੇ ਲਗ ਭਗ ਸਾਰੇ ਉੱਤਰੀ ਭਾਰਤ ਵਿਚ ਸਮਝੀ ਜਾਣ ਵਾਲੀ ਬੋਲੀ ਦੀ ਵਰਤੋਂ ਕੀਤੀ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਕਾਵਿ ਭਾਸ਼ਾ ਵੀ ਹਿੰਦਵੀ ਅਤੇ ਬ੍ਰਿਜ ਭਾਸ਼ਾ ਦਾ ਮਿਸ਼੍ਰਣ ਹੈ।ਫਾਰਸੀ ਅਰਬੀ ਸ਼ਬਦਾਵਲੀ ਦੀ ਵਰਤੋਂ ਨਾ ਮਾਤਰ ਹੈ। ਪੰਜਾਬ ਵਿਚ ਆਮ ਬੋਲੇ ਜਾਂਦੇ ਪੰਜਾਬੀ ਸ਼ਬਦ ਵੀ ਕਾਫੀ ਮਿਲਦੇ ਹਨ।ਉਨ੍ਹਾਂ ਦੀ ਬਾਣੀ ਵਿਚ ਇਸ ਮਿਸ਼੍ਰਣ ਦਾ ਇਕ ਕਾਰਣ ਉਨ੍ਹਾਂ ਦੇ ਸਾਰੇ ਉਤੱਰੀ ਪੂਰਬੀ ਭਾਰਤ ਦਾ ਰਟਣ ਕਰਨਾ ਅਤੇ ਥਾਂ ਥਾਂ ਦੀਆਂ ਸਥਾਨਕ ਬੋਲੀਆਂ ਦਾ ਉਨ੍ਹਾਂ ਦੀ ਬੋਲੀ ਉੱਤੇ ਪ੍ਰਭਾਵ ਪੈਣਾ ਹੈ। ਗੁਰੂ ਸਾਹਿਬ ਦਾ ਮਨੋਰਥ ਆਪਣੀ ਬਾਣੀ ਰਾਹੀਂ ਆਪਣਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਉਣ ਦਾ ਸੀ।

**ਸਮਾਸ:**

ਕਾਵਿ ਵਿਚ ਬਿਆਨ ਦੀ ਸੰਖੇਪਤਾ ਲਈ ਸਮਾਸਾਂ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਵੀ ਕੁਝ ਪਰੰਪਰਾਗਤ ਸਮਾਸਾਂ ਦਾ ਪ੍ਰਯੋਗ ਕੀਤਾ ਹੈ:

ਰਾਮ-ਸਰਨ, ਮਹਾ-ਸੰਕਟ, ਜਗਤ-ਸੁਖ, ਨਾਮ- ਰਤਨ, ਰਾਮ- ਸਰਨਾਈ, ਹਰਿ- ਜਸੁ, ਭੈ-ਹਰਨ, ਪਤਿਤ- ਉਧਾਰਨ, ਸੁਖ-ਦਾਤਾ, ਭੈ-ਨਾਸਨ, ਬ੍ਰਹਮ-ਨਿਵਾਸ, ਦੁਰਮਤਿ-ਹਰਨ, ਜਗ-ਰਚਨਾ, ਮੋਹ-ਬਸ, ਮਾਨਸ-ਦੇਹ, ਬਹੁਰੰਗੀ, ਦੀਨ-ਦਇਆਲ, ਅਭੈ-ਦਾਨ, ਜਗ-ਬੰਦਨ, ਕਾਲ- ਫਾਸ, ਜੀਵਨ-ਮੁਕਤ, ਰਾਮ-ਭਜਨ, ਗੋਬਿੰਦ-ਗੁਨ, ਮਾਨਸ-ਜਨਮ, ਗੁਰੂ-ਉਪਦੇਸ਼ ਆਦਿ।[47]

**ਪ੍ਰਭੂ ਲਈ ਵੱਖ-ਵੱਖ ਨਾਂ:**

ਪ੍ਰਭੂ ਦੇ ਵੱਖ-ਵੱਖ ਨਾਂ ਅਤੇ ਵਿਸ਼ੇਸ਼ਣ ਵੈਸ਼ਣਵ ਭਗਤਾਂ ਨੇ ਕਾਫੀ ਮਾਤਰਾ ਵਿਚ ਪ੍ਰਚਲਿਤ ਕੀਤੇ ਹਨ। ਗੁਰੂ ਤੇਗ ਬਹਾਦਰ ਜੀ ਨੇ ਵੀ ਆਪਣੀ ਬਾਣੀ ਵਿਚ ਪ੍ਰਭੂ ਲਈ ਭਿੰਨ- ਭਿੰਨ ਨਾਵਾਂ ਦੀ ਵਰਤੋਂ ਕੀਤੀ ਹੈ:

ਰਾਮ, ਹਰਿ ਜੀ, ਹਰਿਜੂ, ਪ੍ਰਭੂ, ਗੋਬਿੰਦ, ਭਗਵਾਨ, ਨਾਰਾਇਨ, ਨਿਰੰਜਨ, ਭਗਵੰਤ, ਗੁਸਾਈਂ, ਸੁਆਮੀ, ਬ੍ਰਹਮ, ਰਾਮਨਾਥ, ਮੁਰਾਰਿ, ਕਨ੍ਹਈ, ਦੀਨਬੰਧ, ਕਰੁਨਾਮੈ, ਪਤਿਤ ਉਧਾਰਨ, ਨਿਰਭੈ, ਭੈ ਨਾਸਨ, ਦੁਰਮਤਿ ਹਰਨ, ਚਿੰਤਾਮਨਿ, ਕ੍ਰਿਪਾਨਿਧਿ, ਨਿਰਲੇਪੀ, ਭੈ ਭੰਜਨ, ਜਗਬੰਦਨ, ਸਰਬ ਨਿਵਾਸੀ, ਏਕ ਪੁਰਖ, ਦੁਖ ਭੰਜਨ ਆਦਿ।

**ਬਿੰਬ-ਵਿਧਾਨ ਤੇ ਅਲੰਕਾਰ:**

ਅਲੰਕਾਰ ਕਾਵਿ ਦਾ ਗਹਿਣਾ ਹੁੰਦੇ ਹਨ, ਇਹ ਕਿਸੇ ਕਵੀ ਦੇ ਮਨੋਭਾਵਾਂ ਜਾਂ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਮਹੱਤਵਪੂਰਨ ਮਾਧਿਅਮ ਹਨ।"ਕਲਾ ਦੇ ਪੱਖ ਤੋਂ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਦਾ ਮਹੱਤਵ ਪੂਰਨ ਪੱਖ ਇਸ ਦੀ ਅਲੰਕਾਰ ਜਾਂ ਬਿੰਬ-ਯੋਜਨਾ ਹੈ। ਆਪ ਨੇ ਆਪਣੇ ਵਿਚਾਰਾਂ ਦਾ ਚਿਤ੍ਰਣ ਬੜੇ ਢੁਕਵੇਂ ਅਤੇ ਕਈ ਮੌਲਿਕ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਕੀਤਾ ਹੈ, ਜਿਸ ਦਾ ਪ੍ਰਭਾਵ ਪਾਠਕ ਦੇ ਮਨ ਉੱਤੇ ਡੂੰਘਾ ਪੈਂਦਾ ਹੈ। ਇਸ ਬਾਣੀ ਵਿਚ ਸਮੇਂ ਦੀ ਸਥਿਤੀ, ਵਿਸ਼ੇਸ਼ ਕਰਕੇ ਮਾਨਵ ਮਨ ਦੀ ਦਸ਼ਾ, ਉਸ ਦਾ ਪ੍ਰਤੀਕਰਮ ਅਤ ਲਕਸ਼ ਦੀ ਦ੍ਰਿੜਤਾ ਨੂੰ ਵਿਅਕਤ ਕਰਨ ਲਈ ਕਈ ਪ੍ਰਕਾਰ ਦੇ ਬਿੰਬਾਂ ਦਾ ਨਿਰਮਾਣ ਹੋਇਆ ਹੈ"।

**ਰੂਪ ਬਿੰਬ:**

ਆਪ ਦੀ ਬਾਣੀ ਵਿਚ ਵਧੇਰੇ ਦ੍ਰਿਸ਼- ਬਿੰਬ ਜਾਂ ਰੂਪ ਬਿੰਬ ਸਿਰਜੇ ਹੋਏ ਮਿਲਦੇ ਹਨ:

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥ (ਸਲੋਕ, 1428)
ਕਾਲੁ ਬਿਆਲ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥1॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਹੁ ਚੀਤਿ॥(ਸੋਰਠਿ, 631)

**ਰਸ:**

ਵਿਦਵਾਨਾਂ ਨੇ ਸਾਹਿਤ ਵਿਚ ਨੌਂ ਰਸਾਂ ਦੀ ਹੋਂਦ ਮੰਨੀ ਹੈ। ਗੁਰੂ ਜੀ ਨੇ ਵੀ ਆਪਣੀ ਬਾਣੀ ਵਿਚ ਇਨ੍ਹਾਂ ਰਸਾਂ ਦੀ ਵਰਤੋਂ ਕੀਤੀ ਹੈ। ਸੱਤਾਂ ਰਸਾਂ ਦੇ ਝਲਕਾਰੇ ਇਸ ਬਾਣੀ ਵਿਚੋਂ ਮਿਲ ਜਾਂਦੇ ਹਨ।ਇਹ ਗੱਲ ਹੈਰਾਨੀ ਵਾਲੀ ਹੈ ਕਿ ਬਿਰਹੋਂ ਤੇ ਮਿਲਾਪ ਦੀਆਂ ਅਵਸਥਾਵਾਂ ਨੂੰ ਪ੍ਰਗਟ ਕਰਨ ਵਾਲਾ ਸ਼ਿੰਗਾਰ ਰਸ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੈ ਇਸ ਵਿਚ ਨਹੀਂ ਹੈ। ਆਪ ਦੀ ਬਾਣੀ ਵਿਚ ਹਾਸ, ਭਿਆਨਕ, ਕਰੁਣਾ, ਅਦਭੁਦ, ਬੀਰ, ਸ਼ਾਂਤ, ਬੀਭਤਸ ਆਦਿ ਰਸ ਵਿਦਮਾਨ ਹਨ।[48]

**ਸ਼ਬਦ ਅਲੰਕਾਰ:**

ਕਵੀ ਆਪਣੀ ਰਚਨਾ ਵਿਚ ਵਿਸ਼ੇਸ਼ ਸ਼ਬਦਾਂ ਦੀ ਵਰਤੋਂ ਕਰ ਕੇ ਸ਼ਬਦ ਅਲੰਕਾਰ ਸਿਰਜਦਾ ਹੈ ਜੋ ਇਕ ਖਾਸ ਭਾਂਤ ਦਾ ਚਮਤਕਾਰ ਪੈਦਾ ਕਰਦੇ ਹਨ। ਜੇ ਕਰ ਉਨ੍ਹਾਂ ਸ਼ਬਦਾਂ ਦੀ ਥਾਂ ਸਮਾਨ ਅਰਥਾਂ ਵਾਲੇ ਹੋਰ ਸ਼ਬਦ ਪਾ ਦਿੱਤੇ ਜਾਣ ਤਾਂ ਉਹ ਚਮਤਕਾਰ ਖਤਮ ਹੋ ਜਾਵੇਗਾ। ਇਸ ਲਈ ਸ਼ਬਦ ਅਲੰਕਾਰਾਂ ਦਾ ਚਮਤਕਾਰ ਸ਼ਬਦਾਂ ਦੀ ਵਿਸ਼ੇਸ਼ ਵਿਓਤਬੰਦੀ ਉੱਤੇ ਨਿਰਭਰ ਕਰਦਾ ਹੈ। ਗੁਰੁ ਜੀ ਦੁਆਰਾ ਇਹ ਯੋਜਨਾਬੰਦੀ ਕਰਕੇ ਅਨੁਪ੍ਰਾਸ ਅਲੰਕਾਰ ਦੀ ਸਿਰਜਣਾ ਕੀਤੀ ਗਈ ਹੈ।ਜਿਵੇਂ:

**ਪਾਵਨੁ ਨਾਮੁ ਜਗਤ ਮਹਿ ਹਰਿ ਕੋ**
**ਸਿਮਰਿ ਸਿਮਰਿ ਕਸਮਲ ਸਭਿ ਹਰੁ ਰੇ॥9॥** (ਗਉੜੀ, 220)
**ਅਗਨਤ ਅਪਾਰੁ ਅਲਖੁ ਨਿਰੰਜਨ**
**ਜਿਹ ਸਭੁ ਜਗੁ ਭਰਮਾਇਓ॥1॥** (ਬਿਹਾਗੜਾ, 537)
**ਬਿਖਿਆ ਬਿਖੁ ਜਿਉ ਬਿਸਾਰਿ**
**ਪ੍ਰਭ ਕੋ ਜਸੁ ਹੀਏ ਧਾਰਿ॥** (ਜੈਜਾਵੰਤੀ, 1352)
**ਛਿਨੁ ਛਿਨੁ ਕਰਿ ਗਇਓ**
**ਕਾਲੁ ਤੈਸੇ ਜਾਤੁ ਆਜੁ ਹੈ॥1॥** (ਜੈਜਾਵੰਤੀ, 1352)

ਗੁਰੂ ਸਾਹਿਬ ਨੇ ਪ੍ਰਚਲਿਤ ਕਲਾਸਕੀ ਪ੍ਰਤੀਕਾਂ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ। ਜਮਫਾਸ, ਭਵਸਾਗਰ, ਸੁਆਨ, ਪੂਛ ਆਦਿ ਪ੍ਰਤੀਕ ਪ੍ਰਯੋਗ ਕੀਤਾ ਗਿਆ ਹੈ:

**ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥1॥**

ਸੁਹਜ-ਸ਼ਾਸਤਰ ਦੀ ਸਥਾਪਨਾ ਵੀਹਵੀਂ ਸਦੀ ਵਿੱਚ ਇਕ ਗਿਆਨ ਅਨੁਸ਼ਾਸਨ ਵਜੋਂ ਹੋਈ।ਸੁਹਜ ਸ਼ਾਸਤਰ ਮਨੁੱਖੀ ਸੁਹਜ ਸੰਵੇਦਨਾ ਦੇ ਨਾਲ ਸੰਬੰਧਤ ਰਿਹਾ ਹੈ।**ਯੂਰੀ ਬਾਰੇਵ** ਦਾ ਵਿੱਚਾਰ ਹੈ- " ਆਪਣੇ ਵਿਕਾਸ ਦੌਰਾਨ ਕੇਵਲ ਸੁਹਜਾਤਮਕ ਵਿੱਚਾਰ ਹੀ ਨਹੀਂ ਬਦਲੇ ਸਗੋਂ ਸੁਹਜ ਸ਼ਾਸਤਰ ਦੇ ਖੇਤਰ, ਵਿਸ਼ੇ, ਮੰਤਵ ਅਤੇ ਧਾਰਨਾਵਾਂ ਵੀ ਬਦਲਦੀਆਂ ਰਹੀਆਂ ਹਨ।" ਕਵਿਤਾ ਦੇ ਸੁਹਜ-ਸਾਸ਼ਤਰ ਬਾਰੇ **ਵਾਮਨ** ਲਿਖਦਾ ਹੈ-" ਕਾਵਿ ਦਾ ਸਾਰ ਤੱਤ ਹੈ, ਅਲੰਕਾਰ ਅਤੇ ਅਲੰਕਾਰ ਦਾ ਅਰਥ ਹੈ ਸੌਂਦਰਯ: ਅਰਥਾਤ ਕਾਵਿ ਦਾ ਪ੍ਰਮਾਣ ਹੈ।"

ਸੁਹਜ ਸ਼ਾਸਤਰ ਸੰਬੰਧੀ ਵਧੇਰੇ ਚਰਚਾ ਕਾਵਿ-ਸ਼ਾਸਤਰ ਦੇ ਪ੍ਰਸੰਗ ਵਿੱਚ ਹੁੰਦੀ ਰਹੀ ਹੈ ਭਾਵੇਂ ਕਿ ਅੱਜ ਕਾਵਿ-ਸ਼ਾਸਤਰ ਸੁਤੰਤਰ ਗਿਆਨ ਅਨੁਸ਼ਾਸਨ ਸਵੀਕਾਰ ਕੀਤੇ ਜਾ ਚੁੱਕੇ ਹਨ। ਕਾਵਿ ਸੁਹਜ ਦਾ ਸਹੀ ਨਿਰਨਾ ਕਾਵਿ ਦੇ ਰੂਪ ਅਤੇ ਵਸਤੂ ਦੀ ਏਕਤਾ ਨੂੰ ਸਵੀਕਾਰ ਕਰਨ ਉਪਰੰਤ ਹੀ ਹੋ ਸਕਦਾ ਹੈ। ਕਵਿਤਾ ਦਾ ਸੁਹਜਮਈ ਰੂਪ ਉਹ ਹੈ ਜਿਸ ਵਿੱਚ ਬਿੰਬਾਂ, ਅਲੰਕਾਰਾਂ, ਪ੍ਰਤੀਕਾਂ ਰਾਹੀਂ ਕਵੀ ਸੁਹਜ ਪੈਦਾ ਕਰਦਾ ਹੈ ਪਰ ਇਹ ਬਿੰਬ, ਅਲੰਕਾਰ, ਪ੍ਰਤੀਕ ਆਦਿ ਕਵੀ ਦੇ ਅਨੁਭਵ ਅਤੇ ਕਲਪਨਾ ਸ਼ਕਤੀ ਦੇ ਰਾਹੀਂ ਆਪਣਾ ਰੂਪ ਧਾਰਦੇ ਹਨ। ਕਵਿਤਾ ਵਿੱਚ ਸੁਹਜ ਉਪਜਾਉਣ ਲਈ ਅਲੰਕਾਰ, ਪ੍ਰਤੀਕ ਅਤੇ ਸ਼ਬਦ-ਚੋਣ ਵਿਸ਼ੇਸਤਾ ਰੱਖਦੇ ਹਨ।ਸਾਧਾਰਣ ਬੋਲਚਾਲ ਦੀ ਭਾਸ਼ਾ ਵਿੱਚ ਛੰਦ ਨੂੰ ਵਧੇਰੇ ਲਚਕੀਲੇ ਢੰਗ ਨਾਲ ਅਪਣਾਇਆ ਜਾ ਰਿਹਾ ਹੈ।ਕਵਿਤਾ ਦਾ ਸੁਹਜ ਸ਼ਾਸਤਰੀ ਅਧਿਐਨ ਰੂਪ ਅਤੇ ਵਸਤੂ ਦੀ ਏਕਤਾ ਨੂੰ ਸਵੀਕਾਰ ਕਰਕੇ ਹੀ ਕੀਤਾ ਜਾ ਸਕਦਾ ਹੈ ਕਵਿਤਾ ਦਾ ਸੁਹਜ ਸ਼ਾਸਤਰੀ ਅਧਿਐਨ ਕਵਿਤਾ ਵਿੱਚ ਵਰਤੇ ਗਏ ਮਾਧਿਅਮ ਅਤੇ ਜੁਗਤਾਂ ਦਾ ਨਿਰਜਿੰਦ ਅਤੇ ਮਕਾਨਕੀ ਅਧਿਐਨ ਨਹੀਂ ਸਗੋਂ ਇਹ ਕਵਿਤਾ ਨੂੰ ਇਕ ਜੀਵੰਤ ਵਰਤਾਰੇ ਵਜੋਂ ਗ੍ਰਹਿਣ ਕਰਦਾ ਹੈ।ਜਦੋਂ ਕੋਈ ਕਵੀ ਆਪਣੀ ਕਵਿਤਾ ਵਿੱਚ ਬਿੰਬ ,ਪ੍ਰਤੀਕ, ਅਲੰਕਾਰ ਅਤੇ ਚਿੰਨ੍ਹ ਵਰਤਦਾ ਹੈ ਤਾਂ ਇਨ੍ਹਾਂ ਦਾ ਸੰਬੰਧ ਉਸ ਦੀ ਕਲਪਨਾ ਸ਼ਕਤੀ, ਅਨੁਭਵ ਅਤੇ ਚਿੰਤਨ ਨਾਲ ਹੁੰਦਾ ਹੈ। ਇਸ ਲਈ ਬਿੰਬਾਂ, ਅਲੰਕਾਰਾਂ ਅਤੇ ਪ੍ਰਤੀਕਾਂ ਦਾ ਅਧਿਐਨ ਕਵਿਤਾ ਦੇ ਅਰਥਾਂ ਦੇ ਪ੍ਰਸੰਗ ਵਿੱਚ ਹੁੰਦਾ ਹੈ।ਹਰ ਕਵੀ ਵਿੱਚ ਇਕ ਸਮਾਜਕ ਪ੍ਰਾਣੀ ਦੇ ਤੌਰ ਤੇ ਵਸਤੂ-ਜਗਤ ਦੇ ਯਥਾਰਥ ਵਿੱਚ ਵਿਚਰਦਾ ਹੈ।ਇਸ ਜਗਤ ਵਿਚਲੀਆਂ ਘਟਨਾਵਾਂ ਉਸਦੇ ਤਣਾਉ, ਭਾਵਾਂ, ਜਜ਼ਬਾਤਾਂ ਅਤੇ ਸੰਵੇਦਨਾਵਾਂ ਤੇ ਪ੍ਰਭਾਵ ਪਾਉਦੀਆਂ ਹਨ।

ਕਾਵਿ-ਭਾਸ਼ਾ ਨਾਲ ਕਾਵਿ ਦਾ ਸਾਰਾ ਸੰਗਠਨ ਹੀ ਸੰਬੰਧਤ ਹੈ।ਕਾਵਿ-ਭਾਸ਼ਾ ਦਾ ਅਧਿਐਨ ਅਸਲ ਵਿੱਚ ਕਾਵਿ ਦਾ ਹੀ ਅਧਿਐਨ ਹੈ। ਕਵਿਤਾ ਦੀ ਪਰਖ ਕਰਨ ਸਮੇਂ ਇਸ ਦੀ ਭਾਸ਼ਾ ਦਾ ਅਧਿਐਨ ਬਹੁਤ ਜ਼ਰੂਰੀ ਹੈ ਕਵਿਤਾ ਇਕ ਕਲਾਤਮਕ ਰਚਨਾ ਹੈ, ਜਿਸ ਦਾ ਪਾਠ ਆਨੰਦ ਤੇ ਸੁਹਜ ਸੁਆਦ ਦਿੰਦਾ ਹੈ।ਕਵਿਤਾ ਨੂੰ ਇਕ ਸੰਪੂਰਣ ਸਮੁੱਚ ਦੇ ਰੂਪ ਵਿੱਚ ਲੈਣਾ ਚਾਹੀਦਾ ਹੈ।ਕਵਿਤਾ ਵਿੱਚ ਦੋ ਭਾਂਤ ਦਾ ਅਨੁਭਵ ਹੁੰਦਾ ਹੈ।ਇਕ ਪਾਸੇ ਵਸਤਾਂ ਸੰਬੰਧੀ ਕਥਾ, ਚਿੰਤਨ, ਤਰਕ, ਵਿੱਚਾਰ ਆਦਿ ਇਸ ਦੇ ਵਿਸ਼ੈਗਤ ਪੱਖ ਹਨ, ਭਾਵ ਜੋ ਵੀ ਸੋਚਿਆ, ਵਿਚਾਰਿਆ ਤੇ ਸੰਕਲਪਿਤ ਕੀਤਾ ਗਿਆ ਹੈ। ਦੂਜੇ ਪਾਸੇ ਕਵਿਤਾ ਦੀ ਸ਼ਬਦ ਕਲਾ ਦਾ ਸੰਬੰਧ ਵਸਤੂ ਦੀ ਪਛਾਣ ਕਰਾਉਣ ਨਾਲ ਵੀ ਹੈ ਅਤੇ ਇਸ ਚੇਤਨਾ ਨਾਲ ਵੀ ਕਿ ਸ਼ਬਦਾਂ ਨੇ ਇਸ ਦੇ ਵਿਸ਼ਾ-ਵਸਤੂ ਨੂੰ ਪ੍ਰਗਟਾਇਆ ਹੈ। ਕਵਿਤਾ ਵਿੱਚ ਜੋ ਵੀ ਕਲਪਿਆ, ਵਿਚਾਰਿਆ ਅਤੇ ਸੰਕਲਪਿਤ ਕੀਤਾ ਗਿਆ ਹੈ ਉਹ ਇਨ੍ਹਾਂ ਸ਼ਬਦਾਂ ਰਾਹੀਂ ਪੂਰੀ ਤਰ੍ਹਾਂ ਅਭਿਵਿਅਕਤ ਵੀ ਹੋਇਆ ਹੈ ਜਾਂ ਨਹੀਂ।

ਕਿਸੇ ਕਵਿਤਾ ਦੇ ਸੁਹਜ-ਸ਼ਾਸਤਰ ਬਾਰੇ ਚਰਚਾ ਕਰਨ ਤੋਂ ਭਾਵ ਹੈ ਵਸਤੂ ਅਤੇ ਕਾਵਿ ਨਿਰਮਾਣ ਦੇ ਹਰ ਪੱਖ ਬਾਰੇ ਗੰਭੀਰ ਵਿਚਾਰ ਹੈ।ਮੁਲਾਂਕਣ ਇਕ ਜਟਿਲ ਕਾਰਜ ਹੈ ਜਿੱਥੇ ਸਾਡੀਆਂ ਸੁਰਤੀਆਂ- ਬਿਰਤੀਆਂ ਕਾਵਿ ਕਿਰਤ ਦੇ ਸੰਪੂਰਨ ਪੱਖਾ ਬਾਰੇ ਇਕਾਗਰ ਚਿੱਤ ਹੋ ਕੇ ਕੰਮ ਕਰਦੀਆਂ ਹਨ।ਇਸ ਵਿੱਚ ਕਵੀ ਦੀ ਦ੍ਰਿਸ਼ਟੀ ਤੇ ਅਨੁਭਵ ਦੀਆ ਸਾਰੀਆਂ ਸੰਭਾਵਨਾਵਾਂ ਨੂੰ ਪਛਾਣਿਆ ਜਾਂਦਾ ਹੈ।ਹਰ ਕਵਿਤਾ ਦੀ ਕੋਈ ਨਾ ਕੋਈ ਪਿੱਠ ਭੂਮੀ ਹੁੰਦੀ ਹੈ ਉਹ ਕਿਸੇ ਧਾਰਾ, ਵਿਰਸੇ ਤੇ ਪਰੰਪਰਾ ਦੇ ਨਾਲ ਸੰਬੰਧਤ ਹੁੰਦੀ ਹੈ ਉਸ ਦਾ ਸੰਬੰਧ ਕਿਸੇ ਸਾਹਿਤਕ, ਧਾਰਮਕ ਤੇ ਆਧੁਨਿਕ ਪਰਿਪੇਖ ਨਾਲ ਹੁੰਦਾ ਹੈ। ਜਿਸ ਰਚਨਾ ਦੇ ਬਾਰੇ ਅਧਿਐਨ ਕਰਨਾ ਹੁੰਦਾ ਹੈ ਉਸ ਦੇ ਪਿਛੋਕੜ ਤੇ ਪਰਿਪੇਖ ਬਾਰੇ ਚਰਚਾ ਕੀਤੀ ਜਾਂਦੀ ਹੈ।

ਹਰ ਕਾਵਿ ਰੂਪ ਜਾਂ ਕਵਿਤਾ ਦਾ ਕੋਈ ਨਾ ਕੋਈ ਪ੍ਰਯੋਜਨ ਹੁੰਦਾ ਹੈ ਜੋ ਉਸ ਦੇ ਅਰਥਾਂ ਦੀ ਵਿਸ਼ੇਸ਼ਤਾ ਨੂੰ ਪ੍ਰਗਟ ਕਰਨ ਦਾ ਹੁੰਦਾ ਹੈ ਕਾਵਿ ਦੇ ਸ਼ਬਦ ਅਤੇ ਅਰਥ ਵੀ ਸਮਾਨ ਹੀ ਹੁੰਦੇ ਹਨ ਤੇ ਵਿਸ਼ੇਸ਼ ਵੀ ਇਹ ਹੀ ਕਾਵਿ ਦੀ ਵਿਸ਼ੇਸ਼ ਅਰਥ ਸਿਰਜਨਾ ਦੀ ਪ੍ਰਕ੍ਰਿਆ ਨੂੰ ਪੇਸ਼ ਕਰਦੇ ਹਨ। ਇਸ ਵਿੱਚ ਸੰਚਾਰ ਦਾ ਪੱਖ ਬਹੁਤ ਹੀ ਅਹਿਮ ਰੂਪ ਵਿੱਚ ਸਾਹਮਣੇ ਆਉਂਦਾ ਹੈ ਜਿਸ ਦੇ ਆਧਾਰ ਤੇ ਹੀ ਸਾਰਾ ਕਾਰਜ ਚਲਦਾ ਹੈ।ਹਰ ਰਚਨਾ ਦਾ ਕੋਈ ਨਾ ਕੋਈ ਮਨੋਰਥ ਹੁੰਦਾ ਹੈ। ਕਿਸੇ ਵੀ ਉਦੇਸ਼ਹੀਨ ਚੀਜ਼ ਨੂੰ ਨਾ ਜ਼ਿੰਦਗੀ ਵਿੱਚ ਪ੍ਰਵਾਨ ਕੀਤਾ ਜਾ ਸਕਦਾ ਹੈ ਅਤੇ ਨਾ ਸਾਹਿਤ ਵਿੱਚ। ਇਸ ਲਈ ਇਥੇ ਰਚਨਾ ਦਾ ਮੰਤਵ ਤੇ ਮਨੋਰਥ ਦਾ ਪੱਖ ਵੀ ਅਹਿਮ ਬਣਦਾ ਹੈ।ਉਸ ਦੀ ਸਾਰਥਕਤਾ ਦੇ ਪੱਖਾਂ ਦਾ ਖਾਸ ਤੌਰ ਤੇ ਵਿਵੇਚਨ ਕੀਤਾ ਜਾਂਦਾ ਹੈ।ਸਾਰਥਕਤਾ ਦੇ ਕਈ ਪੱਖ ਹਨ: ਕਵਿਤਾ ਦੀ ਆਪਣੇ ਆਪ ਵਿੱਚ ਸਾਰਥਕਤਾ, ਜੀਵਨ ਵਿੱਚ ਉਸ ਦਾ ਮਹੱਤਵ, ਉਸ ਦੀ ਤਤਕਾਲੀਨ ਸਾਰਥਕਤਾ ਆਦਿ। ਕਵਿਤਾ ਦੀ ਸਾਰਥਕਤਾ ਤੇ ਪ੍ਰਯੋਜਨ ਨੂੰ ਭਰਪੂਰ ਸਾਹਿਤਕ ਤੇ ਸਭਿਆਚਾਰਕ ਪਰਿਪੇਖ ਵਿੱਚ ਉਘਾੜਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਸ਼ਬਦਾਂ ਅਤੇ ਸਲੋਕਾਂ ਦੇ ਰੂਪ ਵਿਚ ਬਾਣੀ ਰਚੀ ਹੈ।ਉਨ੍ਹਾਂ ਦੀ ਬਾਣੀ ਬਿੰਬਾਂ, ਪ੍ਰਤੀਕਾਂ ਰਾਹੀਂ ਸੰਪੂਰਨ ਚਿੰਤਨ, ਮਾਨਵ-ਉਧਾਰ, ਮਾਨਵ ਕਲਿਆਣ ਲਈ ਪ੍ਰਤੀਬੱਧ ਹੈ।

**ਹਵਾਲੇ ਅਤੇ ਟਿੱਪਣੀਆ :**


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ. 1426
2. ਉਹੀ ਪੰਨਾ ਨੰ. 1426
3. ਉਹੀ ਪੰਨਾ ਨੰ. 1426
4. ਉਹੀ ਪੰਨਾ ਨੰ. 1427
5. ਉਹੀ ਪੰਨਾ ਨੰ. 1427
6. ਉਹੀ ਪੰਨਾ ਨੰ. 1428
7. ਉਹੀ ਪੰਨਾ ਨੰ. 1428
8. ਉਹੀ ਪੰਨਾ ਨੰ. 1429
9. ਉਹੀ ਪੰਨਾ ਨੰ. 1429
10. ਉਹੀ ਪੰਨਾ ਨੰ. 1429
11. ਉਹੀ ਪੰਨਾ ਨੰ. 1429
12. ਉਹੀ ਪੰਨਾ ਨੰ. 1429
13. ਉਹੀ ਪੰਨਾ ਨੰ. 1429
14. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ. 219
15. ਉਹੀ ਪੰਨਾ ਨੰ. 219
16. ਉਹੀ ਪੰਨਾ ਨੰ. 219

17. ਉਹੀ ਪੰਨਾ ਨੰ. 219
18. ਉਹੀ ਪੰਨਾ ਨੰ. 220
19. ਉਹੀ ਪੰਨਾ ਨੰ. 411
20. ਉਹੀ ਪੰਨਾ ਨੰ. 537
21. ਉਹੀ ਪੰਨਾ ਨੰ. 536
22. ਉਹੀ ਪੰਨਾ ਨੰ. 631
23. ਉਹੀ ਪੰਨਾ ਨੰ. 632
24. ਉਹੀ ਪੰਨਾ ਨੰ. 633
25. ਉਹੀ ਪੰਨਾ ਨੰ. 634
26. ਉਹੀ ਪੰਨਾ ਨੰ. 684
27. ਉਹੀ ਪੰਨਾ ਨੰ. 702
28. ਉਹੀ ਪੰਨਾ ਨੰ. 702
29. ਉਹੀ ਪੰਨਾ ਨੰ. 718
30. ਉਹੀ ਪੰਨਾ ਨੰ. 830
31. ਉਹੀ ਪੰਨਾ ਨੰ. 1186
32. ਉਹੀ ਪੰਨਾ ਨੰ. 1231
33. ਉਹੀ ਪੰਨਾ ਨੰ. 1231
34. ਉਹੀ ਪੰਨਾ ਨੰ. 1352
35. ਉਹੀ ਪੰਨਾ ਨੰ. 1352
36. ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ, ਤਾਰਨ ਸਿੰਘ. ਪੰਨਾ ਨੰ. 146
37. ਉਹੀ ਪੰਨਾ ਨੰ. 146
38. ਉਹੀ ਪੰਨਾ ਨੰ. 147
39. ਉਹੀ ਪੰਨਾ ਨੰ. 148
40. ਉਹੀ ਪੰਨਾ ਨੰ. 148
41. ਉਹੀ ਪੰਨਾ ਨੰ. 149
42. ਉਹੀ ਪੰਨਾ ਨੰ. 151
43. ਉਹੀ ਪੰਨਾ ਨੰ. 154
44. ਗੁਰੂ ਤੇਗ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ ਪੰਨਾ ਨੰ. 79

45. ਉਹੀ ਪੰਨਾ ਨੰ. 79
46. ਉਹੀ ਪੰਨਾ ਨੰ. 81
47. ਉਹੀ ਪੰਨਾ ਨੰ. 82
48. ਉਹੀ ਪੰਨਾ ਨੰ. 83

# ਅਧਿਆਇ-ਤੀਜਾ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਵਿੱਚ ਵੈਰਾਗ ਅਤੇ ਭਗਤੀ

ਵੈਰਾਗ ਤੋਂ ਭਾਵ ਹੈ ਜਿਸ ਵਿੱਚ ਲੋਕ ਅਤੇ ਪਰਲੋਕ ਦੋ ਭੋਗਾਂ ਤੋ ਨਿਰਚਾਹ ਹੋਣ ਦੀ ਅਵਸਥਾ ਨੂੰ ਵੈਰਾਗ ਕਿਹਾ ਜਾਂਦਾ ਹੈ।ਅਧਿਆਤਮਕ ਵਿਕਾਸ ਲਈ ਇਸ ਦੀ ਉਤਪਤੀ ਜਰੂਰੀ ਮੰਨੀ ਗਈ ਹੈ।ਸੰਸਾਰ ਦੀ ਅਸਥਿਰਤਾ ਅਤੇ ਜੀਵਨ ਦੁੱਖਾਂ ਨੂੰ ਦੇਖ ਕੇ ਮਨ ਵਿੱਚ ਉਪਰਾਮਤਾ ਪੈਦਾ ਹੁੰਦੀ ਹੈ ਜਿਸ ਦੇ ਕਾਰਨ ਮਾਨਵ ਪ੍ਰਭੂ ਦੀ ਓਟ ਲੈਂਦਾ ਹੈ ਵੈਰਾਗ ਸ਼ਬਦ ਦੀ ਵਰਤੋਂ ਗੁਰਬਾਣੀ ਵਿੱਚ ਕਈ ਵਾਰ ਹੋਈ ਹੈ।ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਵੀ ਵੈਰਾਗ ਦੇ ਵੇਸ ਦਾ ਜਿਕਰ ਹੈ, ਪਰ ਇਹ ਵੇਸ ਸਾਰੀ ਬਿਖਿਆ ਤਜ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ-

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗ ॥[1]

ਇਸ ਸਲੋਕ ਰਾਹੀਂ ਵੀ ਵੈਰਾਗ ਦੀ ਅਵਸਥਾ ਨੂੰ ਇੰਝ ਦਰਸਾਇਆ ਹੈ ਕਿ ਜਿਸ ਮਨੁੱਖ ਨੂੰ ਦੁਨਿਆਵੀ ਵਿਕਾਰਾਂ ਤੋਂ ਭਾਵ ਆਪਣੇ ਜੀਵਨ ਦੇ ਵਿੱਚੋ ਸਾਰੇ ਹੀ ਪ੍ਰਕਾਰ ਦੇ ਵਿਕਾਰਾਂ ਨੂੰ ਤਿਆਗ ਦਿੱਤਾ ਹੈ ਜਿਸ ਨੇ ਸਾਰਾ ਕੁਝ ਤਿਆਗ ਕੇ ਵੈਰਾਗ ਧਾਰਨ ਕਰ ਲਿਆ ਹੈ ਭਾਵ ਕੀ ਪ੍ਰਭੂ ਭਗਤੀ ਪਰਮਾਤਮਾ ਦੇ ਰੰਗ ਵਿੱਚ ਰੰਗ ਗਿਆ ਹੈ ਤਾਂ ਉਸ ਦੇ ਭਾਗ ਖੁੱਲ ਚੁੱਕੇ ਹਨ।

ਇਸ ਤਰਾਂ ਪ੍ਰਭੂ ਦੇ ਨਾਲ ਜੁੜਨ ਦੀ ਵੈਰਾਗ ਪਹਿਲੀ ਪਉੜੀ ਹੈ।ਜਦੋਂ ਮਨੁੱਖ ਦੇ ਮਨ ਨੂੰ ਕੋਈ ਵੀ ਚੀਜ਼ ਨਹੀਂ ਭਾਉਂਦੀ ਭਾਵ ਕਿ ਉਸ ਨੂੰ ਸਾਰਾ ਕੁਝ ਇਕੋ ਜਿਹਾ ਹੀ ਜਾਪਦਾ ਹੈ ਤਾਂ ਹੀ ਉਹ ਪ੍ਰਭੂ ਨਾਲ ਜੁੜ ਕੇ ਵੈਰਾਗੀ ਦੀ ਅਵਸਥਾ ਵਿੱਚ ਆ ਜਾਂਦੀ ਹੈ।ਇਸ ਸਾਰੇ ਅਮਲ ਵਿੱਚੋਂ ਗੁਰੂ ਤੇਗ ਬਹਾਦਰ ਜੀ ਆਪ ਲੰਘੇ ਸਨ, ਇਸ ਲਈ ਉਨ੍ਹਾਂ ਦੀ ਬਾਣੀ ਵਿੱਚ ਵੈਰਾਗ, ਗਿਆਨ ਅਤੇ ਪੁਰਸ਼ਾਰਥ ਨਾਲ ਸੰਬਧੰਤ ਕਈ ਨੁਕਤੇ ਮਿਲ ਜਾਂਦੇ ਹਨ।ਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸੰਸਾਰ ਅਤੇ ਜੀਵਨ ਦੀ ਨਾਸ਼ਮਾਨਤਾ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ। ਉਨ੍ਹਾਂ ਸੰਸਾਰ ਨੂੰ ਖਿਨ ਭੰਗਰ ਦੱਸਿਆ ਹੈ।ਉਨ੍ਹਾਂ ਨੇ ਕਿਹਾ ਹੈ ਕਿ ਮਾਨਵ-ਜੀਵਨ ਥੋੜ-ਚਿਰ੍ਹਾ ਹੈ ਅਤੇ ਇਸ ਵਿੱਚ ਪ੍ਰਾਪਤ ਹੁੰਦੇ ਭੋਗ ਜੋ ਵੇਖਣ ਵਿੱਚ ਤਾਂ ਮਧੁਰ ਅਤੇ ਸੋਹਣੇ ਹਨ, ਪਰ ਅਸਲ ਵਿੱਚ ਭੋਗ ਲੈਣ ਪਿਛੋਂ ਦੁਖਦਾਈ ਹਨ ਅਤੇ ਮੌਤ ਨੂੰ ਨੇੜੇ ਲਿਆਣ ਵਾਲੇ ਹਨ।ਇਸ ਲਈ ਸਿਆਣੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਭੋਗਾਂ ਨੂੰ ਤਿਆਗ ਦੇਵੇ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਵੈਰਾਗ ਦੀ ਅਵਸਥਾ ਨੂੰ ਦਰਸਾਇਆ ਹੈ ਉਸ ਵਿਚ ਭਗਤੀ ਤੇ ਵੈਰਾਗ ਦੋਵੇ ਨਾਲ-ਨਾਲ ਚਲਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਦ੍ਰਿਸ਼ਟਮਾਨ ਜੜ੍ਹ ਚੇਤੰਨ ਅਥਵਾ ਸਥਾਵਰ ਜੰਗਮ ਜਗਤ ਨਾਸ਼ਮਾਨ ਹੈ।ਇਹ ਰਾਤ ਦੇ ਸੁਪਨੇ ਵਾਂਗ ਹੈ, ਇਹ ਬੱਦਲਾਂ ਦੀ ਛਾਂ ਵਰਗਾ ਹੈ, ਉਪਜਦੇ ਅਤੇ ਬਿਨਸਦੇ ਪਾਣੀ ਦੇ ਬੁਲਬੁਲਿਆ ਦੇ ਵਾਂਗ ਹੈ।ਗੁਰੂ ਜੀ ਅਨੁਸਾਰ ਸੰਸਾਰ ਦਾ ਕੋਈ ਵੀ ਪਦਾਰਥ ਸਥਿਰ ਨਹੀਂ ਹੈ।ਮ੍ਰਿਗ ਤ੍ਰਿਸ਼ਨਾ ਵਾਗੂੰ ਇਹ ਸੰਸਾਰ ਝੂਠਾ ਹੈ।ਇਸ ਸੰਸਾਰ ਵਿਚ ਜੋ ਵੀ

ਉਪਜਿਆ ਹੈ, ਉਸ ਨੇ ਇੱਕ ਨਾ ਇੱਕ ਦਿਨ ਜਰੂਰ ਬਿਨਸ ਜਾਣਾ ਹੈ।ਕੇਵਲ ਇਕ ਪ੍ਰਭੂ ਤੋਂ ਬਿਨਾਂ ਕੁਝ ਵੀ ਸੱਚਾ ਨਹੀਂ।ਗੁਰੂ ਜੀ ਦੀ ਬਾਣੀ ਵਿੱਚ ਇਹ ਵਿਚਾਰ ਇਸ ਤਰ੍ਹਾਂ ਉਘੜੇ ਹਨ-[2]

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥ (ਗਉੜੀ, 219)
ਸਗਲ ਜਗਤ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ (ਸੋਰਠਿ, 633)
ਇਹ ਜਗਤੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਛਾਨੋ॥ (ਬਸੰਤੁ ਹਿੰਡੋਲ, 1186)
ਇਹ ਜਗੁ ਧੁਏ ਕਾ ਪਹਾਰ ਤੈ ਸਾਚਾ ਮਾਨਿਆ ਕਿਹ ਬਿਚਾਰਿ॥ (ਬਸੰਤੁ, 1187)
ਨਾਨਕ ਕਹਤੁ ਜਗਤ ਸਭੁ ਮਿਥਿਆ ਜਿਉ ਸੁਪਨਾ ਰੈਨਾਈ॥ (ਸਾਰੰਗ, 1231)
ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ (ਸਾਰੰਗ, 1231)
ਨਾਨਕ ਜਨੁ ਕਹਿ ਪੁਕਾਰ ਸੁਪਨੈ ਜਿਉ ਜਗ ਪਸਾਰੁ॥[3] (ਜੈਜਾਵੰਤੀ, 1352)

ਨੌਂਵੇ ਮਹਲੇ ਦੀ ਉਪਰੋਕਤ ਬਾਣੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰਦੇਵ ਦੇ ਵੈਰਾਗ ਦਾ ਬੁਨਿਆਦੀ ਨੁਕਤਾ ਸੰਸਾਰ ਦੀ ਨਾਸ਼ਮਾਨਤਾ ਹੈ। ਸਭ ਤੋਂ ਵੱਡਾ ਦੁਖ ਤਾਂ ਸੰਸਾਰ ਦੀ ਨਾਸ਼ਮਾਨਤਾ ਹੈ ਪਰ ਇਸ ਨੂੰ ਛੱਡ ਕੇ ਸੰਸਾਰ ਦਾ ਕਿਹੜਾ ਪਾਸਾ ਹੈ ਜਿੱਥੇ ਦੁਖ ਅਤੇ ਕਪਟ ਨਹੀਂ ਹੈ।ਗੁਰੂ ਜੀ ਨੇ ਇਸ ਅਵਸਥਾ ਨੂੰ ਸ਼ਬਦਾਂ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ-

ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥
ਸੁਖ ਕੇ ਹੇਤਿ ਬਹੁਤ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥
ਮਾਨਸ ਜਨਮ ਅਕਾਰਥ ਕੋਵਤ ਲਾਜ ਨ ਲੋਕ ਹਸਨ ਕੀ॥
ਨਾਨਕ ਹਰਿ ਜਸੁ ਕਿਉ ਨਹੀਂ ਗਾਵਤ ਕੁਮਤਿ ਬਿਨਾਸੈ ਤਨ ਕੀ॥ (ਆਸਾ,411)
ਬਾਰੂ ਭੀਤਿ ਬਨਾਸੀ ਰਚਿ ਰਹਿਤ ਨਹੀਂ ਦਿਨ ਚਾਰਿ॥
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥ (ਸੋਰਠਿ, 633)
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥ (ਸੋਰਠਿ, 633)
ਤਰਪਾਨੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ॥
ਬਿਰਧਿ ਭਇਓ ਅਜਰੂ ਹਨ ਸਮਝੈ ਕਉਨ ਕੁਮਤਿ ਉਰਝਾਨਾ॥[4] (ਰਾਮਕਲੀ, 902)

ਉਪਰੋਕਤ ਉਦਾਹਰਣਾਂ ਤੋਂ ਸੱਪਸ਼ਟ ਹੈ ਕਿ ਮਾਨਵ ਜੀਵਨ ਵਿਸ਼ਿਆਂ ਵਿਕਾਰਾਂ ਵਿੱਚ ਫਸ ਕੇ ਬਿਰਥਾ ਹੀ ਬਤੀਤ ਹੁੰਦਾ ਹੈ।ਬਚਪਨ ਅਗਿਆਨਤਾ ਦੀ ਹਾਲਤ ਵਿੱਚ ਨਸ਼ਟ ਹੋ ਜਾਂਦਾ ਹੈ, ਜਵਾਨੀ ਵਿਸ਼ਿਆਂ ਵਿਕਾਰਾਂ ਵਿੱਚ ਫਸਿਆਂ ਗੁਜ਼ਰ ਜਾਂਦੀ ਹੈ ਅਤੇ ਬੁੱਢਾ ਹੋ ਕੇ ਵੀ ਮਾਨਵ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ। ਜੀਵਨ ਦੀਆਂ ਇਨ੍ਹਾਂ ਤਿੰਨਾਂ ਅਵਸਥਾਵਾਂ ਵਿੱਚ

ਗੁਰੂ ਜੀ ਦੁੱਖਾਂ ਤੋਂ ਬਚਣ ਦਾ ਹੱਲ ਦੱਸਦੇ ਹਨ।ਇਸ ਤਰ੍ਹਾਂ ਆਲੇ ਦੁਆਲੇ ਝਾਤ ਮਾਰ ਕੇ ਮਾਨਵ ਇਹ ਪ੍ਰਤੀਤ ਕਰਦਾ ਹੈ ਕਿ ਸਾਰਾ ਸੰਸਾਰ ਹੀ ਚਿੰਤਾ ਵਿੱਚ ਡੁਬਿਆ ਹੋਇਆ ਹੈ।ਜਿੰਨੇ ਵੀ ਸੰਸਾਰ ਵਿੱਚ ਵਿਸ਼ੇ-ਵਿਕਾਰ ਹਨ ਉਹ ਸਾਰੇ ਹੀ ਦੁੱਖ ਦੇ ਕਾਰਨ ਹਨ।

ਕਾਲ ਸੰਸਾਰ ਦੀ ਹਰ ਵਸਤੂ ਨੂੰ ਖਤਮ ਕਰ ਦਿੰਦਾ ਹੈ, ਜੋ ਵੀ ਉਪਜਿਆ ਹੈ, ਉਹ ਸਮਾ ਕੇ ਕਾਲ ਦੀ ਗ੍ਰਾਹੀ ਬਣ ਜਾਵੇਗਾ।ਧਨ ਧਾਮ, ਰਾਜ ਮਿਲਖ, ਸਰੀਰ ਅਤੇ ਮਨੋਰਥ ਸਭ ਨੂੰ ਹੀ ਕਾਲ ਕੱਟ ਦਿੰਦਾ ਹੈ।ਇਹ ਜਵਾਨੀ ਨੂੰ ਬੁਢਾਪੇ ਵਿੱਚ ਬਦਲ ਕੇ ਹੌਲੇ-ਹੌਲੇ ਜੀਵਨ ਦਾ ਅੰਤ ਕਰ ਦਿੰਦਾ ਹੈ।

ਕਾਲ ਬਿਆਲੁ ਜਿਉ ਪਰਿਓ ਡੋਲੈ ਮੁਖ ਪਸਾਰੈ ਮੀਤ॥ (ਸੋਰਠਿ, 631)
ਕਾਲ ਫਸ ਜਬ ਗਰ ਮਹਿ ਮੇਲੀ ਤਿਹ ਸਭ ਬਿਸਰਾਈ॥ (ਮਾਰੂ, 1008)
ਜਮ ਕੋ ਡੰਡ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥ (ਮਾਰੂ, 1008)
ਤਨੁ ਬਿਨਸੈ ਜਮ ਸਿਉ ਪਰੈ ਕਾਮੁ॥ (ਬਸੰਤੁ, 1186)
ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਿਓ ਹਨ ਰੇ ਜਾਗਿਓ॥
ਕਾਲੁ ਤਹੁ ਪਹੂਚਿਓ ਆਨਿ ਕਹਾ ਜੈਹੇ ਭਾਜਿ ਰੇ॥[5] (ਜੈਜਾਵੰਤੀ, 1353)

ਮਨ ਦੀ ਚੰਚਲਤਾ ਇਕ ਅਜਿਹੀ ਚੀਜ਼ ਹੈ ਜਿਹੜੀ ਕਿ ਮਨੁੱਖ ਕਦੇ ਵੀ ਕਾਬੂ ਨਹੀਂ ਕਰ ਸਕਦਾ ਜਿਸ ਤਰ੍ਹਾਂ ਸ਼ੇਰ ਪਿੰਜਰੇ ਦੇ ਅੰਦਰ ਟਿਕ ਕੇ ਨਹੀਂ ਬੈਠ ਸਕਦਾ ਇਸੇ ਤਰ੍ਹਾਂ ਹੀ ਮਨ ਆਪਣੀ ਚੰਚਲ ਬਿਰਤੀ ਦੇ ਕਾਰਣ, ਕਈ ਗਮ ਚ ਘਿਰਿਆ ਹੋਇਆ, ਭਟਕਦਾ ਰਹਿੰਦਾ ਹੈ ਇਸ ਨੂੰ ਅਡੋਲਤਾ ਪ੍ਰਾਪਤ ਨਹੀਂ ਹੋ ਸਕਦੀ।ਮਨ ਦਾ ਵਸ ਵਿੱਚ ਆਉਣਾ ਬਹੁਤ ਕਠਿਨ ਹੈ, ਇਸ ਦੀ ਚੰਚਲਤਾ ਦੇ ਕਾਰਣ ਹੀ ਜੀਵ ਅਵਾਰਾਪਣ ਵਿੱਚ ਚੱਕਰ ਲਗਾਉਂਦਾ ਰਹਿੰਦਾ ਹੈ।

ਮਦ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ॥(ਸੋਰਠਿ, 633)
ਚੰਚਲ ਮਨੁ ਦਹਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥ (ਧਨਾਸਰੀ, 685)
ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੂ ਹਨ ਗਰਬ ਨਿਵਾਰਿਓ॥ (ਤਿਲੰਗ, 686)
ਪਾਪੀ ਹੀਅ ਮਹਿ ਕਾਮੁ ਬਸਾਇ॥
ਮਨ ਚੰਚਲ ਯਾ ਤੇ ਗਹਿਓ ਨ ਜਾਇ॥ (ਬਸੰਤੁ, 1186)

ਇਹ ਮਨ ਨੂੰ ਬਹੁਤੇ ਸ਼ਬਦਾਂ ਵਿੱਚ ਕਿਉਂਕਿ ਮਨ ਕਰ ਕੇ ਹੀ ਜੀਵ ਬੰਧਨਾਂ ਵਿੱਚ ਪੈਂਦਾ ਹੈ।ਜੇ ਮਨ ਗੁਰੂ ਉਪਦੇਸ਼ ਸਮਝ ਕੇ ਚੇਤੰਨ ਹੋ ਜਾਵੇ ਤਾ ਇਹ ਠੀਕ ਰਸਤੇ ਤੇ ਤੁਰ ਕੇ ਮੁਕਤ ਹੋ ਜਾਂਦਾ ਹੈ।

ਤ੍ਰਿਸ਼ਨਾ ਨੂੰ ਅਗਨੀ ਤੁਲਨਾ ਦਿੱਤੀ ਜਾਂਦੀ ਹੈ।ਜੀਵ ਸੰਸਾਰਕ ਕਾਮਨਾਵਾਂ ਅਤੇ ਤ੍ਰਿਸ਼ਨਾਵਾਂ ਵਿੱਚ ਜਲਦਾ ਰਹਿੰਦਾ ਹੈ। ਜਦ ਤੱਕ ਤ੍ਰਿਸ਼ਨਾ ਦੂਰ ਨਹੀਂ ਹੁੰਦੀ, ਉਦੋਂ ਤੱਕ ਮਾਨਵ ਦੁਖੀ ਰਹਿੰਦਾ ਹੈ।ਸੰਸਾਰ ਦੇ ਸਭ ਦੁਖਾਂ ਵਿੱਚੋਂ ਤ੍ਰਿਸ਼ਨਾ ਨੂੰ ਸਭ ਤੋਂ ਵੱਧ ਦੁਖਦਾਈ ਮੰਨਿਆ ਗਿਆ ਹੈ।ਸਭ ਸਰੀਰਕ ਅਤੇ ਮਾਨਸਿਕ ਦੁਖ ਏਸੇ ਦੇ ਕਾਰਨ ਹੀ ਪੈਂਦਾ ਹੁੰਦੇ ਹਨ।ਬਿਰਧ

ਅਵਸਥਾ ਵਿੱਚ ਮਾਨਵ ਦੀਆਂ ਹੋਰ ਸਭ ਸ਼ਕਤੀਆਂ ਖਤਮ ਹੋ ਜਾਂਦੀਆਂ ਹਨ, ਪਰ ਅੰਤ ਸਮੇ ਤੱਕ ਤ੍ਰਿਸ਼ਨਾ ਨਹੀਂ ਮਰਦੀ।ਗੁਰੂ ਦੇਵ ਜੀ ਫਰਮਾਉਂਦੇ ਹਨ-

ਸਾਧੋ ਇਹ ਮਨੁ ਗਹਿਓ ਨ ਜਾਈ॥

ਚੰਚਲ ਤ੍ਰਿਸ਼ਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨਾ ਰਹਾਈ॥[6] (ਗਉੜੀ, 219)

ਮਾਨਵੀ ਸਰੀਰ ਸਾਰੇ ਰੋਗਾਂ ਦਾ ਸਥਾਨ ਹੈ।ਇਹ ਨਾ ਕੇਵਲ ਮਲ ਮੂਤਰ ਦਾ ਪੇਟ ਹੈ, ਸਗੋਂ ਸਭ ਮਾਨਸਿਕ ਬਿਆਧੀਆਂ ਦੇ ਸੂਖਮ ਬੀਜਾਂ ਨਾਲ ਭਰਿਆ ਹੋਇਆ ਹੈ।ਬਿਰਧ ਅਵਸਥਾ ਵਿੱਚ ਇਸ ਦੀਆਂ ਸ਼ਕਤੀਆਂ ਬਹਿਸ ਹੋ ਜਾਂਦੀਆਂ ਹਨ।ਇਹ ਝੁਰੜੀਆਂ ਨਾਲ ਭਰ ਜਾਂਦਾ ਹੈ।ਲਹੂ ਅਤੇ ਮਾਸ ਨਾਲ ਭਰਪੂਰ ਇਸ ਨਾਸ਼ਵਾਨ ਸਰੀਰ ਵਿੱਚ ਕੀ ਸੁੰਦਰਤਾ ਹੋ ਸਕਦੀ ਹੈ ਪਰ ਇਕ ਗਲੋ ਮਨੁੱਖੀ ਦੇਹ ਦੀ ਬਹੁਤ ਮਹਾਨਤਾ ਹੈ, ਕਿਉਂਕਿ ਇਹ ਦੇ ਰਾਹੀਂ ਹੀ ਅਸੀਂ ਪ੍ਰਭੂ ਦੀ ਪ੍ਰਾਪਤੀ ਕਰ ਸਕਦੇ ਹਾਂ।

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥ (ਗਉੜੀ, 220)
ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਹੀ॥
ਇਸ ਮੈਂ ਕਛੁ ਤੇਰੋ ਨਾਹਿਨ ਦੇਖੋ ਸੋਚ ਬਿਚਾਰੀ॥
ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥ (ਗਉੜੀ, 220)
ਤਨ ਤੇ ਪ੍ਰਾਨ ਹੋਨ ਜਬ ਨਿਆਰੇ ਟੇਰਤ ਪ੍ਰਤਿ ਪੁਕਾਰਿ॥
ਆਧ ਘਰੀ ਕੋਊ ਹਨ ਰਾਖੈ ਘਰਿ ਤੇ ਦੇਤ ਨਿਕਾਰਿ॥ (ਦੇਵਗੰਧਾਰੀ, 536)

ਇਹਨਾਂ ਸ਼ਬਦਾਂ ਦੀਆਂ ਤੁਕਾਂ ਦੁਆਰਾ ਵੀ ਜੋ ਮਾਨਸ ਦੇਹ ਹੈ ਭਾਵ ਸਰੀਰ ਇਹ ਦੁਰਲਭ ਹੈ ਭਾਵ ਕਿ ਇਹ ਜਨਮ ਵਾਰ ਵਾਰ ਨਹੀਂ ਮਿਲਣਾ ਹੈ ਭਾਵ ਇਸ ਨੂੰ ਵਿਅਰਥ ਨਾ ਗਵਾ ਕੇ ਪ੍ਰਭੂ ਦਾ ਸਿਮਰਨ ਕਰ।ਇਸ ਸੰਸਾਰ ਵਿੱਚ ਤੇਰਾ ਕੋਈ ਵੀ ਆਪਣਾ ਨਹੀਂ ਹੈ।ਇਸ ਗੱਲ ਨੂੰ ਚਾਹੇ ਸੋਚ ਵਿੱਚਾਰ ਲੈ ਭਾਵ ਜਦੋਂ ਇਹ ਸਰੀਰ ਵਿੱਚੋਂ ਤੇਰੇ ਪ੍ਰਾਣ ਨਿਕਲ ਜਾਣੇ ਹਨ ਤਾਂ ਉੱਚੀ ਉੱਚੀ ਆਖ ਦਿੱਤਾ ਜਾਣਾ ਚਾਹਿਦਾ ਹੈ ਕਿ ਇਹ ਸਰੀਰ ਗੁਜ਼ਰ ਚੁੱਕਾ ਹੈ ਅਤੇ ਕੋਈ ਵੀ ਅਜਿਹਾ ਮਨੁੱਖ ਨਹੀਂ ਹੈ ਜੋ ਕਿ ਅਧੀ ਘੜੀ ਦੇ ਲਈ ਵੀ ਮੁੜ ਘਰ ਵਿੱਚ ਨਹੀਂ ਰੱਖਦਾ।

ਘਰ ਕੀ ਨਾਰਿ ਬਹੁਤ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥ (ਸੋਰਠਿ, 634)

ਇਸ ਵਿੱਚ ਜੋ ਮਾਨਸਿਕ ਰਿਸ਼ਤੇ ਹਨ ਭਾਵ ਕਿ ਪਤਨੀ ਜੋ ਕਿ ਸਦਾ ਹੀ ਆਪਣੇ ਪਤੀ ਦੇ ਅੰਗ ਸੰਗ ਰਹਿੰਦੀ ਹੈ ਮ੍ਰਿਤ ਉਪਰੰਤ ਉਹ ਵੀ ਸਾਥ ਛੱਡ ਦਿੰਦੀ ਹੈ ਭਾਵ ਕਿ ਉਹ ਵੀ ਪ੍ਰੇਤ ਕਰ ਕੇ ਦੌੜਦੀ ਹੈ ਇਸ ਲਈ ਇਹ ਸਾਰਾ ਜੀਵਨ ਵਿੱਚ ਸਥਾਨ ਦੇਣਾ ਚਾਹੀਦਾ ਹੈ।

ਦੁਨੀਆਂ ਵਿੱਚ ਜੋ ਵੀ ਭੋਗ ਬਣਦੇ ਹਨ ਜਿਹਨਾਂ ਨੂੰ ਮਨੁੱਖ ਭੋਗਦਾ ਹੈ ਇਹਨਾਂ ਵੱਲ ਰੁਚਿਤ ਹੁੰਦੀ ਹੈ ਓਨਾ ਛੇਤੀ ਹੀ ਉਹ ਅੰਤ ਨੂੰ ਸੱਦਾ ਦੇ ਰਿਹਾ ਹੈ।ਜੋ ਭੋਗ ਪਦਾਰਥ ਹਨ ਉਹ ਬਾਹਰੋਂ ਤਾਂ ਸੁੰਦਰ ਲੱਗਦੇ ਹਨ ਪਰ ਉਹ ਅਸਲ ਵਿੱਚ ਉਹਨਾਂ

ਰੋਂਗਾ ਦਾ ਕਾਰਣ ਬਣਦੇ ਹਨ।ਇਨ੍ਹਾਂ ਭੋਗਾਂ ਦੇ ਵਿੱਚ ਹਮੇਸ਼ਾ ਖਚਤ ਰਹਿਣ ਵਾਲਾ ਵਿਅਕਤੀ ਕਦੇ ਵੀ ਪ੍ਰਭੂ ਦਾ ਨਾਮ ਨਹੀਂ ਸਿਮਰ ਸਕਦਾ ਭਾਵ ਕਿ ਉਹ ਇਨ੍ਹਾਂ ਵਿਕਾਰਾਂ ਤੋਂ ਕਦੇ ਵੀ ਵੈਰਾਗ ਨਹੀਂ ਪ੍ਰਾਪਤ ਕਰ ਸਕਦਾ।

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥
ਜੋਬਨੁ ਧਨੁ ਪ੍ਰਭ ਤਾਂ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥ (ਧਨਾਸਰੀ, 685)

ਭਾਵ ਕਿ ਮਨੁੱਖ ਇਹਨਾਂ ਸੰਸਾਰਕ ਰਿਸ਼ਤਿਆਂ ਨੂੰ ਭੋਗਦਾ ਹੋਇਆ ਮਾਤਾ ਪਿਤਾ, ਭੈਣ ਭਰਾ ਦੇ ਇਸਤਰੀ ਦੇ ਇਨ੍ਹਾਂ ਦੇ ਮੋਹ ਵਿੱਚ ਫਸਿਆ ਹੈ ਅਤੇ ਜਵਾਨੀ ਧਨ ਤਾਕਤ ਦਾ ਨਾਸ਼ੇ ਵਿੱਚ ਹੀ ਮਨੁੱਖ ਝੱਲਾ ਹੋਇਆ ਰਹਿੰਦਾ ਹੈ।ਮਾਇਆ ਦਾ ਵਾਧਾ ਵੀ ਵਧੇਰੇ ਦੁਖਦਾਈ ਹੁੰਦਾ ਹੈ ਭਾਵ ਕਿ ਮਾਇਆਂ ਦਾ ਵਧੇਰੇ ਮੋਹ ਵੀ ਮਨੁੱਖ ਨੂੰ ਪ੍ਰਭੂ ਤੋਂ ਦੂਰ ਲੈ ਜਾਂਦਾ ਹੈ ਇਹ ਵੀ ਇਕ ਸੁੰਦਰ ਇਸਤਰੀ ਵਾਂਗ ਹੀ ਮਨੁੱਖ ਦੇ ਮਨ ਨੂੰ ਮੋਂਹਦੀ ਹੈ ਪਰ ਇਸ ਦਾ ਸਾਥ ਥੋੜ੍ਹਾਂ ਚਿਰ ਹੀ ਹੁੰਦਾ ਹੈ ਅਤੇ ਇਸ ਦੀ ਬਹੁਤ ਜ਼ਿਆਦਾ ਪ੍ਰਾਪਤੀ ਵੀ ਮਾੜੇ ਕਰਮ ਕਰਕੇ ਹੀ ਹੁੰਦੀ ਹੈ।ਇਹ ਪ੍ਰਭੂ ਦੀ ਭਗਤੀ ਕਰਨ ਤੋਂ ਮਨੁੱਖ ਨੂੰ ਰੋਕਦੀਆਂ ਹਨ।

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਣ ਗਾਵੈ॥
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀਂ ਪਾਵੈ॥[7] (ਗਉੜੀ, 219)

ਇਸ ਮੋਹ ਮਾਇਆਂ ਦੇ ਜੰਜਾਲ ਤੋਂ ਛੁਟਕਾਰਾ ਪਾਉਣ ਲਈ ਸਿਰਫ ਭਗਤੀ ਹੀ ਹੈ ਭਾਵ ਪ੍ਰਭੂ ਦਾ ਸਿਮਰਨ ਹੀ ਹੈ ਜਿਸ ਨੂੰ ਕਿ ਜਪ ਕੇ ਭਾਵ ਨਾਮ ਸਿਮਰਨ ਕਰਕੇ ਹੀ ਮਨੁੱਖ ਵੈਰਾਗੀ ਬਣ ਸਕਦਾ ਹੈ ਸਾਰਾ ਹੀ ਜਗ ਮੋਹ ਮਾਇਆ ਦੇ ਜਾਲ ਵਿੱਚ ਹੀ ਫਸਿਆ ਰਹਿਣ ਦੇ ਕਾਰਣ ਉਹ ਉਸ ਅਵਸਥਾ ਤੱਕ ਨਹੀਂ ਪਹੁੰਚ ਸਕਦਾ ਜਿਥੋਂ ਕਿ ਉਸ ਨੂੰ ਕੋਈ ਡਰ ਨਹੀਂ ਪਾਉਂਦਾ ਹੋਵੇ।

ਮਨ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ॥
ਮਾਇਆ ਕੋ ਮਦੁ ਨਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ॥[8] (ਰਾਮਕਲੀ, 902)

ਇਸ ਤਰ੍ਹਾਂ ਜੋ ਮਨੁੱਖੀ ਮਨ ਹੈ, ਉਹ ਪੂਰੀ ਤਰ੍ਹਾਂ ਮਾਇਆ ਦੇ ਵਿੱਚ ਉਲਝਿਆ ਪਿਆ ਹੈ ਜਿਸ ਨੂੰ ਕਿ ਧਨ ਤੋਂ, ਮਾਇਆ ਤੋਂ ਬਿਨਾਂ ਹੋਰ ਕੁਝ ਵੀ ਗਿਆਨ ਨਹੀਂ ਹੈ ਇਹ ਮਨ ਨੂੰ ਮਾਇਆ ਨੂੰ ਇਸ ਨਸ਼ੇ ਨੂੰ ਛੱਡਣਾ ਹੀ ਪਵੇਗਾ ਕਿਉਂਕਿ ਇਹ ਕਿਹੜਾ ਮਨੁੱਖ ਦੇ ਨਾਲ ਜਾਣਾ ਹੈ।ਇਸ ਲਈ ਮੋਹ ਮਾਇਆ ਦਾ ਤਿਆਗ ਕਰ ਕੇ ਭਗਤੀ ਕਰਨੀ ਚਾਹੀਦੀ ਹੈ।

ਮਦਿ ਮਾਇਆ ਕੈ ਭਾਇਓ ਬਾਵਰੋ ਸੂਝਤ ਨਾ ਕਛੁ ਗਿਆਨਾ॥ (ਸੋਰਠਿ, 633)
ਰਾਮ ਭਜਨ ਕੀ ਗਤਿ ਨਹੀਂ ਜਾਨੀ ਹਾਥਿ ਬਿਕਾਨਾ॥

ਮਨ ਜਦੋਂ ਮਾਇਆ ਦੇ ਨਸ਼ੇ ਵਿੱਚ ਪਾਗਲ ਹੋ ਜਾਂਦਾ ਹੈ ਤਾਂ ਉਸ ਨੂੰ ਕੋਈ ਵੀ ਗਿਆਨ ਨਹੀਂ ਰਹਿੰਦਾ ਅਤੇ ਉਹ ਨਾ ਹੀ ਪ੍ਰਭੂ ਦਾ ਭਜਨ ਕਰਦਾ ਹੈ ਪਰ ਉਹ ਸਭ ਕੁਝ ਮਨੁੱਖ ਦੇ ਨਾਲ ਨਹੀਂ ਜਾਣਾ ਹੈ ਭਾਵ ਕਿ ਪ੍ਰਭੂ ਦੀ ਭਗਤੀ ਹੀ ਮਨੁੱਖ ਦਾ ਸਾਥ ਨਿਭਾਉਂਦੀ ਹੈ।

**ਹਵਾਲੇ ਅਤੇ ਟਿੱਪਣੀਆਂ:**


1. ਗੁਰੂ ਤੇਗ ਬਹਾਦਰ: ਜੀਵਨ, ਅਤੇ ਸੰਦੇਸ਼ ਤੇ ਸ਼ਹਾਦਤ, ਪੰਨਾ ਨੰ. 125
2. ਉਹੀ ਪੰਨਾ ਨੰ. 129
3. ਉਹੀ ਪੰਨਾ ਨੰ. 129
4. ਉਹੀ ਪੰਨਾ ਨੰ. 130
5. ਉਹੀ ਪੰਨਾ ਨੰ. 132
6. ਉਹੀ ਪੰਨਾ ਨੰ. 133
7. ਉਹੀ ਪੰਨਾ.ਨੰ. 134
8. ਉਹੀ ਪੰਨਾ. ਨੰ. 135

# ਅਧਿਆਇ-ਚੌਥਾ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿੱਚ ਵੈਰਾਗ ਅਤੇ ਭਗਤੀ

ਗੁਰੂ ਤੇਗ ਬਹਾਦਰ ਬਾਣੀ ਵਿੱਚ ਵੈਰਾਗ ਅਤੇ ਭਗਤੀ ਦੀ ਬਰਾਬਰ ਦੀ ਸੁਮੇਲਤਾ ਹੈ ਜਿਸ ਕਾਰਨ ਉਹਨਾਂ ਦੀ ਬਾਣੀ ਵਿੱਚ ਇਹ ਦੋਵੇਂ ਅੰਸ਼ ਵਧੇਰੇ ਦੇਖਣ ਨੂੰ ਮਿਲਦੇ ਹਨ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਪੜ੍ਹ ਕੇ ਜੀਵਨ ਦੇ ਦੁੱਖਾਂ, ਸੰਸਾਰ ਦੇ ਦੋਖਾਂ, ਜਗਤ ਦੀ ਅਸਥਿਰਤਾ, ਜੀਵਨ ਦੀ ਦੁਰਦਸ਼ਾ, ਕਾਲ ਦੀ ਸ਼ਕਤੀ ਭੋਗਾਂ ਦੀ ਨੀਰਸਤਾ, ਸੰਬੰਧੀਆਂ ਦੀ ਸੁਆਰਥੀ ਰੁਚੀ, ਸਰੀਰ ਦੀ ਅਸਾਰਤਾ ਆਦਿਕ ਇਸ ਵਿੱਚ ਉਘੜਦੇ ਹਨ ਜੋ ਵੈਰਾਗ ਉਤਪੰਨ ਕਰਨ ਦਾ ਕਾਰਨ ਬਣਦੇ ਹਨ।ਇਹ ਸਭ ਵਿਸ਼ੇ ਗੁਰਬਾਣੀ ਵਿੱਚ ਆਮ ਮਿਲ ਜਾਂਦੇ ਹਨ। ਪਰ ਜਿਸ ਦੀ ਤੀਬਰਤਾ ਨਾਲ ਇਹ ਨੌਵੇਂ ਮਹੱਲੇ ਦੀ ਬਾਣੀ ਦਾ ਅੰਗ ਬਣੇ ਹਨ, ਉਸ ਕਾਰਨ ਨੌਵੇਂ ਮਹੱਲੇ ਦੀ ਬਾਣੀ ਸਭ ਗੁਰੂ ਸਾਹਿਬਾਨ ਦੀ ਬਾਣੀ ਨਾਲੋਂ ਵਧੇਰੇ ਵੈਰਾਗਮਈ ਹੈ।

'ਵੈਰਾਗ' ਸ਼ਬਦ ਦੀ ਵਰਤੋਂ ਗੁਰਬਾਣੀ ਵਿੱਚ ਕਈ ਵਾਰ ਹੋਈ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਵੈਰਾਗ ਦੇ ਵੇਸ ਦਾ ਜ਼ਿਕਰ ਹੈ, ਪਰ ਇਹ ਸਾਰੀ ਬਿਖਿਆ ਤਜ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ-

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗੁ॥[1] (ਸਲੋਕ, 17)

ਇਸ ਪ੍ਰਕਾਰ ਵੈਰਾਗ ਦਾ ਜ਼ਿਕਰ ਸਲੋਕਾਂ ਵਿੱਚ ਵਧੇਰੇ ਆਇਆ ਹੈ ਜਿਸ ਤਰ੍ਹਾਂ ਇਸ ਵਿੱਚ ਗੁਰੂ ਜੀ ਵੈਰਾਗੀ ਹੋਣ ਦਾ ਸੰਕੇਤ ਦਿੰਦੇ ਹਨ ਕਿ ਜੋ ਮਨੁੱਖ ਇਸ ਸੰਸਾਰ ਵਿੱਚ ਬੁਰੀਆਂ ਚੀਜ਼ਾ ਨੂੰ ਭਾਵ ਦੁਨਿਆਵੀ ਵਸਤਾਂ ਨੂੰ ਛੱਡ ਦੇਵੇਗਾ, ਤਿਆਗ ਦੇਵੇਗਾ ਉਹ ਹੀ ਇਕ ਵੈਰਾਗੀ ਰੂਪ ਧਾਰ ਸਕੇਗਾ ਅਤੇ ਜੋ ਵਿਅਕਤੀ ਇਸ ਨੂੰ ਧਾਰਨ ਕਰ ਸਕੇਗਾ ਉਸ ਦੀ ਹੀ ਕਿਸਮਤ ਜਾਗੇਗੀ ਭਾਵ ਉਹ ਮਨੁੱਖ ਹੀ ਪਰਮਾਤਮਾ ਨੂੰ ਪਾ ਸਕੇਗਾ।ਇਸ ਵਿੱਚ ਭਗਤੀ ਤੇ ਵੈਰਾਗ ਦੀ ਦੋਹਾਂ ਦੀ ਹੀ ਸੁਮੇਲਤਾ ਪਾਈ ਗਈ ਹੈ।

ਇਸ ਦੁਨੀਆ ਵਿੱਚ ਜਗ ਵਿੱਚ ਜੋ ਵੀ ਬਣਿਆ ਭਾਵ ਜੋ ਵੀ ਪੈਦਾ ਹੋਇਆ ਹੈ ਉਹ ਇਕ ਨਾ ਇਕ ਦਿਨ ਖਤਮ ਹੋ ਹੀ ਜਾਣਾ ਹੈ ਇਸ ਲਈ ਜੋ ਵੀ ਸੰਸਾਰ ਵਿੱਚਲੀਆ ਵਸਤਾਂ ਹਨ ਪਦਾਰਥ ਹਨ ਉਹਨਾਂ ਨੇ ਸਭ ਨੇ ਇਕ ਦਿਨ ਨਸ਼ਟ ਹੋ ਜਾਣਾ ਹੈ ਜੋ ਕਿ ਨਾਸ਼ਮਾਨ ਹੋ ਜਾਣਾ ਹੈ।ਇਸ ਤਰ੍ਹਾਂ ਕੋਈ ਵੀ ਪਦਾਰਥ ਸਥਿਰ ਨਹੀਂ ਹੈ।ਕੇਵਲ ਪ੍ਰਭੂ ਦੇ ਨਾਮ ਤੋਂ ਬਿਨਾਂ ਕੁਝ ਵੀ ਸੱਚਾ ਨਹੀਂ ਹੈ।ਇਹ ਸਲੋਕਾਂ ਵਿੱਚ ਦੇਖਣ ਨੂੰ ਮਿਲਦਾ ਹੈ [2]

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਣ ਗਾਇ ਲੇ ਛਾਡਿ ਸਗਲ ਜੰਜਾਲ॥ ( ਸਲੋਕ, 52)

ਜੈਸੈ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥ (ਸਲੋਕ, 25)

ਝੂਠੇ ਮਾਨੁ ਕਹਾ ਕਰੈ ਜਗੁ ਸੁਪਨੈ ਜਿਉ ਜਾਨਿ॥
ਇਨ ਮਹਿ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ॥ (ਸਲੋਕ, 41)

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤਿ॥[3] (ਸਲੋਕ, 49)

ਇਸ ਤਰ੍ਹਾਂ ਨੌਵੇਂ ਮਹੱਲੇ ਦੀ ਉਪਰੋਕਤ ਬਾਣੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰਦੇਵ ਦੇ ਵੈਰਾਗ ਦਾ ਬੁਨਿਆਦੀ ਨੁਕਤਾ ਸੰਸਾਰ ਦੀ ਨਾਸ਼ਮਾਨਤਾ ਹੈ। ਇਹ ਜਗਤ ਤਾਂ ਰੇਤ ਦੀ ਕੰਧ ਵਾਗੂੰ ਹੈ, ਜੋ ਬਹੁਤੀ ਦੇਰ ਸਥਿਰ ਨਹੀਂ ਰਹਿ ਸਕਦੀ ।ਇਸ ਤਰ੍ਹਾਂ ਇਹ ਜਗਤ ਦੀ ਨਾਸ਼ਮਾਨਤਾ ਹੈ।ਸੰਸਾਰ ਵਿੱਚ ਸਭ ਤੋਂ ਵੱਡਾ ਕਾਰਨ ਸੰਸਾਰ ਦੀ ਨਾਸ਼ਮਾਨਤਾ ਹੀ ਉਸ ਦਾ ਦੋਖ ਹੈ ਪਰ ਇਸ ਨੂੰ ਛੱਡ ਕੇ ਸੰਸਾਰ ਦਾ ਕੋਈ ਪਾਸਾ ਨਹੀਂ ਹੈ ਅਤੇ ਕਪਟ ਨਹੀਂ।ਇਸ ਅਵਸਥਾ ਦਾ ਚਿਤਰ ਵੀ ਗੁਰਦੇਵ ਨੇ ਇਸ ਤਰ੍ਹਾਂ ਖਿਚਿਆ ਹੈ -

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨ॥ (ਸਲੋਕ, 35)
ਤਰਨਾਪੋ ਇਉ ਹੀ ਗਇਓ ਲੀਓ ਜਗ ਤਨੁ ਜੀਤਿ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤ ਹੈ ਬੀਤਿ॥ (ਸਲੋਕ, 3)

ਇਸ ਤਰ੍ਹਾਂ ਗੁਰੂ ਜੀ ਜੋ ਬਚਪਨ ਅਗਿਆਨਤਾ ਦੀ ਹਾਲਤ ਵਿੱਚ ਨਸ਼ਟ ਹੋ ਜਾਂਦਾ ਹੈ, ਜਵਾਨੀ ਵਿਸ਼ਿਆ ਵਿਕਾਰਾਂ ਵਿੱਚ ਫਸਿਆ ਹੀ ਗੁਜ਼ਰ ਜਾਂਦੀ ਹੈ ਅਤੇ ਉਹ ਫਿਰ ਬੁੱਢਾ ਹੋ ਕੇ ਅਜੇ ਵੀ ਮਾਨਵ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ ਇਸ ਤਰ੍ਹਾਂ ਜੀਵਨ ਦੀਆਂ ਤਿੰਨਾਂ ਅਵਸਥਾਵਾਂ ਬਾਰੇ ਗੁਰਦੇਵ ਜੀ ਨੇ ਭਗਤੀ ਦੇ ਮਾਰਗ ਤੇ ਚਲਣ ਬਾਰੇ ਦੱਸਿਆ ਹੈ।ਵਿਸ਼ਿਆ ਵਿਕਾਰਾਂ ਦੀ ਭਾਵਨਾ ਹੀ ਸਾਰਿਆਂ ਨੂੰ ਬੰਧਨ ਵਿੱਚ ਪਾਉਂਦੀ ਹੈ।ਇਸ ਲਈ ਇਹਨਾਂ ਵਿਸ਼ਿਆ ਵਿਕਾਰਾਂ ਅਤੇ ਆਸ਼ਾਵਾ ਦੀ ਤ੍ਰਿਸ਼ਨਾਵਾਂ ਵਿੱਚ ਫਸ ਕੇ ਇਹ ਜੀਵ ਭਟਕਦਾ ਫਿਰਦਾ ਹੈ, ਅਖੀਰ ਵਿੱਚ ਉਸ ਦਾ ਸਾਥ ਨਹੀਂ ਦਿੰਦੇ ਜਦੋਂ ਜੀਵ ਨੂੰ ਇਹਨਾਂ ਗੱਲਾਂ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਸੰਸਾਰਕ ਵਸਤੂਆਂ ਵਲੋਂ ਉਪਰਾਮ ਹੋ ਕੇ ਪ੍ਰਭੂ ਵੱਲ ਜਾਂਦਾ ਹੈ।

ਗੁਰੂ ਜੀ ਨੇ ਜੋ ਜੀਵ ਦੇ ਬਾਰੇ ਉਸ ਦੇ ਭਟਕਦੇ ਹੋਏ ਮਨ ਤੇ ਉਸ ਦੀ ਚੰਚਲਤਾ ਨੂੰ ਦਰਸਾਇਆ ਹੈ ਕਿ ਭਾਵ ਜੋ ਇਹ ਮਨੁੱਖੀ ਮਨ ਹੈ ਉਹ ਕਦੇ ਵੀ ਟਿਕ ਕੇ ਨਹੀਂ ਬੈਠ ਸਕਦਾ ਇਹ ਅਡੋਲ ਮਨ ਹੈ ਜਿਹੜਾ ਕਿ ਹਰ ਸਮੇਂ ਡੋਲਦਾ ਰਹਿੰਦਾ ਹੈ।ਇਸ ਤਰ੍ਹਾਂ ਮਨ ਆਪਣੀ ਚੰਚਲ ਬਿਰਤੀ ਦੇ ਕਾਰਨ ਕਈ ਗਮਾਂ ਵਿੱਚ ਘਿਰਿਆ ਹੋਇਆ, ਭਟਕਦਾ ਰਹਿੰਦਾ ਹੈ।ਮਨ ਦਾ ਵਸ ਵਿੱਚ ਆਉਣਾ ਬਹੁਤ ਕਠਿਨ ਹੈ, ਇਸ ਦੀ ਚੰਚਲਤਾ ਦੇ ਕਾਰਣ ਹੀ ਜੀਵ ਨੂੰ ਇਸ ਆਵਾਗਵਣ ਵਿੱਚ ਚੱਕਰ ਲਗਾਉਂਦਾ ਰਹਿੰਦਾ ਹੈ ਜਿਵੇਂ ਕਿ ਸਲੋਕਾਂ ਦੇ ਵਿੱਚ ਗੁਰੂ ਜੀ ਨੇ ਮਨ ਦੀ ਵੇਦਨਾ ਨੂੰ ਵਿਆਖਿਆ ਕੀਤਾ ਹੈ।

ਮਨ ਮਾਇਆ ਮਹਿ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੈ ਕਾਮ॥ (ਸਲੋਕ, 30)

ਮਨ ਮਾਇਆ ਮੈਂ ਰਮਿ ਰਹਿਓ ਨਿਕਸਤ ਨਾਹਿਨ ਮੀਤ॥

ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤ॥[4] (ਸਲੋਕ, 37)

ਗੁਰੂ ਜੀ ਦੇ ਬਹੁਤੇ ਸਲੋਕਾਂ ਵਿੱਚ ਮਨ ਨੂੰ ਸੰਬੋਧਨ ਕਰ ਕੇ ਲਿਖੇ ਗਏ ਹਨ। ਕਿਉਂਕਿ ਮਨ ਕਰ ਕੇ ਹੀ ਜੀਵ ਬੰਧਨਾਂ ਵਿੱਚ ਪੈਂਦਾ ਹੈ। ਜੇ ਮਨ ਗੁਰੂ ਉਪਦੇਸ਼ ਸਮਝ ਕੇ ਚੇਤੰਨ ਹੋ ਜਾਵੇ, ਤਾਂ ਇਹ ਠੀਕ ਰਸਤੇ ਤੇ ਤੁਰ ਕੇ ਮੁਕਤ ਹੋ ਜਾਂਦਾ ਹੈ। ਮਨੁੱਖੀ ਸਰੀਰ ਹੀ ਸਾਰੇ ਰੋਗਾਂ ਦੀ ਜੜ੍ਹ ਹੈ ਸਗੋਂ ਸਭ ਮਾਨਸਿਕ ਬਿਆਧੀਆਂ ਦੇ ਸੂਖਮ ਬੀਜਾਂ ਦੇ ਨਾਲ ਇਹ ਭਰਿਆ ਹੋਇਆ ਹੈ। ਜਦੋਂ ਮਨੁੱਖ ਇਸ ਸਰੀਰ ਦੀ ਨਾਸ਼ਵਾਨਤਾ ਨੂੰ ਸਮਝ ਜਾਂਦਾ ਹੈ ਤਾਂ ਹੀ ਉਹ ਭਗਤੀ ਦੇ ਮਾਰਗ ਤੇ ਚੱਲਦਾ ਹੈ ਜਦੋਂ ਬਿਰਧ ਅਵਸਥਾ ਵਿੱਚ ਇਸ ਦੀਆ ਸ਼ਕਤੀਆਂ ਬੇਹਿਸ ਹੋ ਜਾਂਦੀਆ ਹਨ। ਤਾਂ ਇਹ ਝੁਰੜੀਆਂ ਦੇ ਨਾਲ ਇਹ ਭਰ ਜਾਂਦਾ ਹੈ। ਇਸ ਤਰ੍ਹਾਂ ਲਹੂ ਅਤੇ ਮਾਸ ਨਾਲ ਭਰਪੂਰ ਇਸ ਸਰੀਰ ਵਿੱਚ ਸੁੰਦਰਤਾ ਨਹੀਂ ਰਹਿੰਦੀ। ਇਸ ਲਈ ਇਸ ਦੇਹ ਦੀ ਬਹੁਤ ਮਹਾਨਤਾ ਹੈ, ਕਿਉਂਕਿ ਇਹਦੇ ਰਾਹੀਂ ਹੀ ਅਸੀਂ ਪ੍ਰਭੂ ਦੀ ਪ੍ਰਾਪਤੀ ਕਰ ਸਕਦੇ ਹਾਂ।

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨ॥ (ਸਲੋਕ, 11)

ਸਿਰ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ॥

ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸ ਲੀਨ॥ (ਸਲੋਕ, 47)

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ ॥

ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤੁ॥ (ਸਲੋਕ, 42)

ਇਸ ਤਰ੍ਹਾਂ ਇਸ ਸਰੀਰ ਦੀ ਨਾਸ਼ਮਾਨਤਾ ਨੂੰ ਦਰਸਾ ਕੇ ਉਸ ਦੀ ਜੋ ਅਸਲੀਅਤ ਹੈ ਉਸ ਨੂੰ ਬਿਆਨਿਆ ਹੈ ਕਿ ਇਹ ਜੋ ਸਰੀਰ ਹੈ ਉਹ ਪੰਜ ਤੱਤਾਂ ਦਾ ਮਿਲ ਕੇ ਬਣਿਆ ਹੈ। ਇਹ ਦੁਬਾਰਾ ਵੀ ਮਿੱਟੀ ਵਿੱਚ ਮਿਲ ਕੇ ਇਹਨਾਂ ਤੱਤਾਂ ਵਿੱਚ ਮਿਲ ਕੇ ਰਚ ਜਾਣਾ ਹੈ। ਜਦੋਂ ਬੁਢਾਪਾ ਆ ਜਾਂਦਾ ਹੈ ਭਾਵ ਸਿਰ ਪੈਰ ਡਗਮਗਾਉਦੇ ਹਨ ਜਦੋਂ ਬਿਰਧ ਅਵਸਥਾ ਆ ਜਾਂਦੀ ਹੈ ਅੱਖਾਂ ਦੀ ਲੋਅ ਵੀ ਨਹੀਂ ਰਹਿੰਦੀ ਪ੍ਰਭੂ ਦਾ ਨਾਮ ਵੀ ਨਹੀਂ ਜਪਿਆ ਜਾਂਦਾ ਭਾਵ ਕਿ ਉਸ ਅਵਸਥਾ ਵਿੱਚ ਭਜਨ ਬੰਦਗੀ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਮਨੁੱਖ ਆਪਣੇ ਜੀਵਨ ਦੇ ਵਿੱਚ ਵਿਕਾਰਾਂ ਨੂੰ ਭੋਗਦਾ ਹੈ ਜੋ ਕਿ ਕਦੇ ਵੀ ਮਨੁੱਖ ਨੂੰ ਪ੍ਰਭੂ ਦੇ ਨਾਮ ਨਾਲ ਜੁੜਨ ਨਹੀਂ ਦਿੰਦੇ। ਜੋ ਕਿ ਵਿਕਾਰ ਬਣੇ ਹਨ ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਹਨ ਜੋ ਕਿ ਵਧੇਰੇ ਮਾਨਵ ਭੋਗਦਾ ਹੈ। ਜਿੰਨਾ ਵਧੇਰੇ ਕੋਈ ਭੋਗ ਪਦਾਰਥਾਂ ਵੱਲ ਰੁਚਿਤ ਹੋਵੇਗਾ। ਉਹ ਓਨਾ ਛੇਤੀ ਆਪਣੇ ਅੰਤ ਨੂੰ ਸੱਦਾ ਦੇ ਰਿਹਾ ਹੋਵੇਗਾ। ਇਨ੍ਹਾਂ ਭੋਗਾਂ ਦੇ ਨਾਲ ਕਦੀ ਵੀ ਕੋਈ ਤ੍ਰਿਪਤ ਨਹੀਂ ਹੋਇਆ ਅਤੇ ਉਹ ਵਿਸ਼ਿਆਂ ਵਿੱਚ ਖਚਤ ਰਹਿਣ ਵਾਲਾ ਕਦੇ ਵੀ ਅਧਿਆਤਮਕ ਉੱਚਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ।

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨਾ ਹੋਹਿ ਉਦਾਸ॥

ਕਹੁ ਨਾਨਕ ਹਰਿ ਭਜੁ ਮਨਾ ਪਰਹਿ ਨਾ ਜਮ ਕੀ ਫਾਸ॥ (ਸਲੋਕ, 2)

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥

ਕਹੁ ਨਾਨਕ ਸੁਨ ਰੇ ਮਨਾ ਹਰਿ ਭਾਵੈ ਸੋ ਹੋਇ॥ (ਸਲੋਕ, 34)

ਇਸ ਲਈ ਮਨੁੱਖ ਨੂੰ ਇਨ੍ਹਾਂ ਬੁਰੇ ਜੋ ਕਿ ਆਪਣੇ ਅੰਦਰ ਵਸਾਈ ਫਿਰਦਾ ਹੈ ਜੋ ਕਿ ਪਰਮਾਤਮਾ ਦਾ ਨਾਮ ਲੈਣ ਤੋਂ ਉਸ ਨੂੰ ਰੋਕਦੇ ਹਨ।ਇਹ ਸਾਰੇ ਭੋਗਾਂ ਦੀ ਅਗਵਾਈ ਹੇਠ ਹੀ ਹੁੰਦੇ ਹਨ ਜੋ ਕਿ ਭਗਤੀ ਤੋਂ ਸਿਮਰਨ ਕਰਨ ਤੋਂ ਮਨੁੱਖ ਨੂੰ ਵੰਚਿਤ ਕਰਦੇ ਹਨ। ਧਨ ਦਾ, ਮਾਇਆ ਦਾ ਪਿਆਰ ਵਿਅਕਤੀ ਨੂੰ ਪ੍ਰਭੂ ਤੋਂ ਆਪਣੇ ਸੱਚੇ ਜੀਵਨ ਤੋਂ ਅਗਾਂਹ ਲੈ ਜਾਂਦਾ ਹੈ।ਮਾਇਆ ਦਾ ਵਾਧਾ ਵੀ ਦੁਖਦਾਈ ਹੈ।ਇਹ ਵੀ ਮਨੁੱਖ ਦੇ ਮਨ ਨੂੰ ਮੋਂਹਦੀ ਹੈ ਜਿਵੇਂ ਕੋਈ ਸੋਹਣੀ ਇਸਤਰੀ ਕਿਸੇ ਦੇ ਮਨ ਨੂੰ ਮੋਹ ਲੈਂਦੀ ਹੈ ਉਸੇ ਤਰ੍ਹਾਂ ਹੀ ਇਹ ਮਾਇਆ ਵੀ ਮਨੁੱਖ ਦੇ ਮਨ ਨੂੰ ਆਪਣੇ ਅੰਦਰ ਸਮਾਂ ਲੈਂਦੀ ਹੈ।ਇਸ ਦਾ ਸਾਥ ਥੋੜ੍ਹ-ਚਿਰ ਹੁੰਦਾ ਹੈ ਅਤੇ ਇਸ ਦੀ ਪ੍ਰਾਪਤੀ ਵੀ ਮਾੜੇ ਕਰਮ ਕਰਕੇ ਹੀ ਹੁੰਦੀ ਹੈ।ਜਿਵੇਂ ਸਲੋਕਾਂ ਵਿੱਚ ਗੁਰੂ ਜੀ ਨੇ ਇਸ ਨੂੰ ਦਰਸਾਇਆ ਹੈ।

ਨਿਸਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥

ਕੋਟਨ ਮਹਿ ਨਾਨਕ ਕੋਊ ਨਾਰਾਇਣ ਜਿਹ ਚੀਤ॥ (ਸਲੋਕ, 24)

ਮਾਇਆ ਕਾਰਨਿ ਧਾਵਹਿ ਮੂਰਖ ਲੋਗ ਅਜਾਨ॥

ਕਹੁ ਨਾਨਕ ਹਰਿ ਭਜਨ ਬਿਰਥਾ ਜਨਮੁ ਸਿਰਾਨ॥ (ਸਲੋਕ, 28)

ਇਸ ਤਰ੍ਹਾਂ ਮਾਇਆ ਦੇ ਮੋਹ ਵਿੱਚ ਮਨੁੱਖ ਹਰ ਦਿਨ ਘੁੰਮਦਾ ਭਟਕਦਾ ਫਿਰਦਾ ਹੈ ਸਿਰਫ ਮਾਇਆ ਦੀ ਦੌੜ ਵਿੱਚ ਹੀ ਲੱਗਾ ਹੋਇਆ ਹੈ ਜੋ ਕਿ ਇਸ ਭਟਕਣਾ ਤੋਂ ਮੁਕਤ ਹੋ ਕੇ ਪ੍ਰਭੂ ਭਗਤੀ ਦੇ ਵੱਲ ਧਿਆਨ ਨਹੀਂ ਦਿੰਦਾ।ਮਾਇਆ ਦੀ ਖਾਤਰ, ਮਾਇਆ ਦੀ ਭਟਕਣਾ ਉਸ ਨੂੰ ਪ੍ਰਾਪਤ ਕਰਨ ਦੀ ਇੱਛਾ ਹੀ ਉਸ ਨੂੰ ਪ੍ਰਭੂ ਦਾ ਨਾਮ ਜਪਣ ਤੋਂ ਰੋਕਦਾ ਹੈ।

ਪ੍ਰਾਨੀ ਕਛੂ ਨ ਚੇਤਈ ਮੰਦ ਮਾਇਆ ਕੈ ਅੰਧੁ॥

ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ॥ (ਸਲੋਕ, 26)

ਸੰਸਾਰ ਦੇ ਦੁੱਖਾਂ ਦੀ ਨਵਿਰਤੀ ਦਾ ਉਪਾਅ ਹੈ ਜੋ ਕਿ ਜੀਵਨ ਦੀ ਦੁਰਦਸ਼ਾ ਦਾ ਹਾਲ ਸੁਣਿਆ ਹੈ ਅਤੇ ਉਨ੍ਹਾਂ ਦੀ ਪਰਮ ਵੈਰਾਗ ਅਤੇ ਉਪਰਾਮਤਾ ਦੀ ਦਸ਼ਾ ਨੂੰ ਵੇਖਿਆ ਹੈ ਤਾਂ ਫਰਮਾਇਆ ਕਿ ਦੁਖਾਂ ਦਾ ਕਾਰਣ ਸੰਸਾਰ ਦਾ ਰਾਗ ਹੈ।ਜਿਨ੍ਹਾਂ ਨੂੰ ਅਧਿਆਤਮਕ ਗਿਆਨ ਪ੍ਰਾਪਤ ਨਹੀਂ ਹੁੰਦਾ ਉਹ ਸਦਾ ਹੀ ਦੁੱਖੀ ਰਹਿੰਦੇ ਹਨ।ਦੁੱਖਾਂ ਦੀ ਨਵਿਰਤੀ ਕੇਵਲ ਗਿਆਨ ਨਾਲ ਹੀ ਹੋ ਸਕਦੀ ਹੈ ਅਤੇ ਆਤਮ ਗਿਆਨ ਤੋਂ ਹੀ ਧਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ।ਪਰ ਆਤਮ ਗਿਆਨ ਲਈ ਪੁਰਸ਼ਾਰਥ ਬਹੁਤ ਜ਼ਰੂਰੀ ਹੈ।ਇਹ ਚਿੱਤ ਦੀ ਸ਼ੁੱਧਤਾ ਨਾਲ ਸੰਬੰਧਿਤ ਹੈ, ਜਿਸ ਦੇ ਲਈ ਚਾਰ ਸਾਧਨਾਂ ਦਾ ਆਸਰਾ ਲੈਣਾ ਚਾਹੀਦਾ ਹੈ -ਸ਼ਮ, ਸੰਤੋਖ, ਸਾਧ ਸੰਗਤ ਅਤੇ ਵਿਚਾਰ।[5]

**ਹਵਾਲੇ ਅਤੇ ਟਿੱਪਣੀਆਂ:**


1. ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ ਨੰ. 127
2. ਉਹੀ ਪੰਨਾ ਨੰ. 130
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ. ਪੰਨਾ ਨੰ. 1429

4. ਉਹੀ ਪੰਨਾ ਨੰ. 1328

5. ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ ਨੰ. 135

# ਸਾਰ

ਸਾਹਿਤ ਸਮਾਜ ਵਿੱਚ ਬਹੁਤ ਹੀ ਅਹਿਮ ਮਹੱਤਵ ਰੱਖਦਾ ਹੈ। ਸਾਹਿਤ ਰਾਹੀਂ ਮਨੁੱਖ ਨੂੰ ਸਮਾਜ ਵਿੱਚ ਰਹਿਣ-ਸਹਿਣ ਦੇ ਤੌਰ ਤਰੀਕਿਆਂ ਤੋਂ ਲੈ ਇੱਕ ਸੁਚੱਜੀ ਜੀਵਨ ਜਾਚ ਤੱਕ ਦਾ ਸੰਦੇਸ਼ ਬੜੇ ਹੀ ਭਾਵਪੂਰਤ ਬਿੰਬਾਂ ਅਤੇ ਪ੍ਰਤੀਕਾਂ ਨਾਲ ਦਿੱਤਾ ਜਾਂਦਾ ਹੈ। ਮੱਧਕਾਲੀ ਪੰਜਾਬੀ ਸਾਹਿਤ ਵਿੱਚ ਸਿਰਮੌਰ ਸਥਾਨ ਦੀ ਧਾਰਨੀ 'ਗੁਰਬਾਣੀ' ਪੰਜਾਬੀ ਸਾਹਿਤ ਦਾ ਇੱਕ ਅਜਿਹਾ ਅਨਮੋਲ ਖਜ਼ਾਨਾ ਹੈ ਜਿਸਨੇ ਕੇਵਲ ਧਾਰਮਕ ਦਾਇਰੇ ਵਿੱਚ ਹੀ ਸੀਮਤ ਨਾ ਰਹਿੰਦਿਆਂ ਸਮੁੱਚੀ ਮਨੁੱਖਤਾ ਨੂੰ ਸਚੁੱਜੀ ਜੀਵਨ ਜਾਚ ਦੀ ਪ੍ਰੇਰਨਾ ਦਿੱਤੀ ਹੈ ਅਤੇ ਜੁੱਗਾਂ-ਜੁਗਾਂਤਰਾਂ ਤੱਕ ਦਿੰਦੀ ਵੀ ਰਹੇਗੀ। ਹਥਲੇ ਖੋਜ-ਕਾਰਜ ਦਾ ਵਿਸ਼ਾ ਨੌਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੱਕ ਹੀ ਸੀਮਤ ਹੈ ਇਸ ਕਰਕੇ ਇਸਦੇ ਅੰਤਰਗਤ ਗੁਰੂ ਜੀ ਬਾਣੀ ਜੋ ਕਿ 16 ਰਾਗਾਂ ਵਿੱਚ ਅਤੇ 59 ਸ਼ਬਦਾਂ ਅਤੇ 57 ਸਲੋਕਾਂ ਦੇ ਰੂਪ ਵਿੱਚ ਪ੍ਰਾਪਤ ਹੈ, ਵਿੱਚ ਵਿਦਮਾਨ ਭਗਤੀ ਅਤੇ ਵੈਰਾਗ ਨੂੰ ਅਧਿਐਨ ਦਾ ਕੇਂਦਰ ਵਿੱਚ ਰੱਖਿਆ ਗਿਆ ਹੈ ਕਿਉਂਕਿ ਗੁਰੂ ਜੀ ਨੇ ਬੜੀ ਹੀ ਪ੍ਰਬੀਨਤਾ ਅਤੇ ਸੁਮੇਲਤਾ ਨਾਲ ਭਗਤੀ ਅਤੇ ਵੈਰਾਗ ਨੂੰ ਪੇਸ਼ ਕੀਤਾ ਹੈ।ਗੁਰੂ ਤੇਗ ਬਹਾਦਰ ਜੀ ਜੋ ਕਿ ਇਤਿਹਾਸ ਵਿੱਚ 'ਹਿੰਦ ਦੀ ਚਾਦਰ' ਦੇ ਨਾਮ ਨਾਲ ਪ੍ਰਸਿੱਧ ਹਨ।ਜਿਨ੍ਹਾਂ ਨੇ ਕਿ ਹਿੰਦੂ ਧਰਮ ਦੀ ਰੱਖਿਆ ਦੀ ਖਾਤਿਰ ਆਪਣਾ ਬਲੀਦਾਨ ਦੇ ਦਿੱਤਾ ਸੀ।ਇਸ ਤਰ੍ਹਾਂ ਗੁਰੂ ਜੀ ਕੋਮਲ ਚਿੱਤ, ਗੰਭੀਰ ਅਤੇ ਉਦਾਰ ਬ੍ਰਿਤੀ ਦੇ ਮਾਲਕ ਸਨ।

ਗੁਰੂ ਜੀ ਦੀ ਬਾਣੀ ਦਾ ਸੰਦੇਸ਼ ਮਨੁੱਖ ਨੂੰ ਇਕ ਸਦਾਚਾਰਕ ਜੀਵਨ ਜਿਊਣ ਦੀ ਸੇਧ ਦਿੰਦਾ ਹੈ।ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਪ੍ਰਭੂ ਦੇ ਵੱਲ ਰੁਚਿਤ ਹੋਣ ਦੀ ਪ੍ਰੇਰਨਾ ਦਿੰਦੇ ਹਨ। ਪ੍ਰਭੂ ਹੀ ਸਰਬ ਸ਼ਕਤੀਮਾਨ ਹੈ ਅਤੇ ਅੰਤ ਸਮੇਂ ਉਸ ਤੋਂ ਬਿਨਾਂ ਮਨੁੱਖ ਦਾ ਹੋਰ ਕੋਈ ਵੀ ਸਹਾਈ ਨਹੀਂ ਹੁੰਦਾ।ਗੁਰੂ ਤੇਗ ਬਹਾਦਰ ਜੀ ਰੱਬੀ ਮਾਰਗ ਉੱਤੇ ਚੱਲਣ ਵਾਸਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਉੱਤੇ ਵਿਸ਼ੇਸ਼ ਬਲ ਦਿੰਦੇ ਹਨ। ਗੁਰੂ ਜੀ ਨੇ ਵਧੇਰੇ ਜ਼ੋਰ ਭਲੇ ਪੁਰਸ਼ਾਂ, ਸਾਧਾਂ ਤੇ ਸੰਤਾਂ ਦੀ ਸੰਗਤ ਕਰਦਿਆਂ ਹਰ ਸਮੇਂ ਪ੍ਰਮਾਤਮਾ ਨੂੰ ਯਾਦ ਕਰਨ ਉੱਪਰ ਦਿੱਤਾ ਹੈ। ਆਪ ਨੇ ਸਾਧੂ ਦੀ ਸੰਗਤ ਨੂੰ ਉੱਤਮ ਪਦਵੀ ਦੀ ਪ੍ਰਾਪਤੀ ਬਰਾਬਰ ਮੰਨਿਆ ਹੈ।ਗੁਰੂ ਜੀ ਅਨੁਸਾਰ ਅਸਲ ਸਾਧ ਜਾਂ ਸੰਤ ਉਹ ਹੈ ਜਿਸ ਨੇ ਆਪਣਾ ਮਨ ਸਾਧਿਆ ਹੋਵੇ, ਜੋ ਸੰਸਾਰ ਵਿੱਚ ਵਸਤੂਆਂ ਤੋਂ ਨਿਰਲੇਪ ਹੋਵੇ, ਜਿਸ ਨੇ ਮੋਹ ਮਾਇਆ ਦਾ ਤਿਆਗ ਕੀਤਾ ਹੋਵੇ, ਜਿਸ ਨੂੰ ਆਤਮਾ ਤੇ ਪਰਮਾਤਮਾ ਦੀ ਸੋਝੀ ਹੋਵੇ, ਜੋ ਜੀਵਨ ਮੁਕਤ ਹੋਵੇ।ਗੁਰੂ ਜੀ ਆਪਣੀ ਬਾਣੀ ਰਾਹੀਂ ਇਹੀ ਸੰਦੇਸ਼ ਦਿੰਦੇ ਹਨ ਕਿ ਇਸ ਦੁਨੀਆਂ ਵਿੱਚ ਜੋ ਵੀ ਵਸਤੂਆਂ ਹਨ ਉਹ ਸਾਰੀਆਂ ਹੀ ਬੰਦੇ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ ਜਿਸ ਕਾਰਨ ਮਨੁੱਖ ਆਪਣੇ ਮਨ ਨੂੰ ਕਾਬੂ ਵਿੱਚ ਨਹੀਂ ਰੱਖ ਪਾਉਂਦਾ ਅਤੇ ਉਹ ਇਹਨਾਂ ਵਸਤਾਂ ਦੇ ਮੋਹ, ਮਾਇਆ ਦੇ ਚੱਕਰ ਵਿੱਚ ਪੂਰੀ ਤਰ੍ਹਾਂ ਫਸ ਜਾਂਦਾ ਹੈ। ਸੰਸਾਰ ਵਿੱਚ ਜੋ ਵੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਕਾਰੀ ਵਸਤੂਆਂ ਸਮਾਜ ਵਿੱਚ ਪੈਦਾ ਹੋਈਆ ਹਨ ਇਹ ਸਾਰੀਆਂ ਹੀ ਮਨੁੱਖ ਨੂੰ ਆਪਣੇ ਵੱਸ ਵਿੱਚ ਕਰ ਲੈਂਦੀਆਂ ਹਨ। ਜਦੋਂ ਵਿਅਕਤੀ ਇਹਨਾਂ ਵਸਤਾਂ ਦੇ ਮੋਹ ਵਿੱਚ ਪੈ ਜਾਂਦਾ ਹੈ ਤਾਂ ਉਸ ਦਾ ਮਨ ਪ੍ਰਭੂ ਭਗਤੀ ਵੱਲ ਨਹੀਂ ਲੱਗਦਾ । ਇਸ ਤਰ੍ਹਾਂ ਮਨੁੱਖ ਆਪਣੀ ਜ਼ਿੰਦਗੀ ਦੇ ਅਸਲ ਮਨੋਰਥ ਨੂੰ ਭੁੱਲ ਜਾਂਦਾ ਹੈ ਅਤੇ ਭਟਕਣਾ ਵਿੱਚ ਫਸ ਕੇ ਆਪਣਾ ਜੀਵਨ ਬੇਅਰਥ ਗੁਆ ਲੈਂਦਾ ਹੈ। ਗੁਰੂ ਜੀ ਨੇ ਮਨੁੱਖ ਨੂੰ ਇਹ ਸੇਧ ਦਿੱਤੀ ਹੈ ਕਿ ਉਹ ਇਹਨਾਂ ਸਾਰੇ ਬੁਰੇ ਵਿਕਾਰਾਂ ਦਾ ਤਿਆਗ ਕਰਕੇ

ਪਰਮਾਤਮਾ ਦਾ ਨਾਮ ਜਪੇ ਕਿਉਂਕਿ ਇਸ ਦੁਨੀਆ ਵਿੱਚ ਜੋ ਵੀ ਉਪਜਿਆ ਹੈ ਉਹ ਸਾਰਾ ਹੀ ਨਾਸ਼ਵਾਨ ਹੈ ਭਾਵ ਕਿ ਉਹ ਇਕ ਦਿਨ ਨਸ਼ਟ ਹੋ ਜਾਣਾ ਹੈ।ਇਸ ਲਈ ਇਨ੍ਹਾਂ ਨਾਸ਼ਮਾਨ ਵਸਤੂਆਂ ਨਾਲ ਮੋਹ ਪਾਉਣ ਦੀ ਥਾਂ ਮੱਨੁਖ ਨੂੰ ਪਰਮਾਤਮਾ ਨਾਲ ਪਿਆਰ ਪਾਉਣਾ ਚਾਹੀਦਾ ਹੈ ਤਾਂ ਹੀ ਉਸਦੀ ਇਹਨਾਂ ਵਿਕਾਰਾਂ ਤੋਂ ਮੁਕਤੀ ਸੰਭਵ ਹੈ।ਸੱਚੇ ਮਨ ਨਾਲ ਸਿਮਰਨ ਕੀਤੇ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ।ਮਨੁੱਖ ਜੇਕਰ ਸਿਰਫ ਦੁਨਿਆਵੀ ਵਸਤਾਂ ਦੇ ਮੋਹ ਵਿੱਚ ਹੀ ਆਪਣਾ ਜੀਵਨ ਬਤੀਤ ਦਿੰਦਾ ਹੈ ਅਤੇ ਉਸ ਨੇ ਪ੍ਰਭੂ ਦਾ ਨਾਮ ਨਹੀਂ ਜਪਦਾ ਤਾਂ ਉਸ ਦਾ ਇਹ ਜੀਵਨ ਵਿਅਰਥ ਹੈ। ਜੇਕਰ ਮੱਨੁਖ ਕੋਲ ਪ੍ਰਭੂ ਦੇ ਨਾਮ ਸਿਮਰਨ ਅਤੇ ਭਗਤੀ ਲਈ ਸਮਾਂ ਹੀ ਨਹੀਂ ਹੈ ਤਾਂ ਉਸਦੀਆਂ ਸਾਰੀਆਂ ਹੀ ਦੁਨਿਆਵੀ ਅਵਸਥਾਵਾਂ ਬੇਕਾਰ ਹਨ।

ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਇਹ ਸਪੱਸ਼ਟ ਕਹਿ ਦਿੱਤਾ ਹੈ ਕਿ ਜਿਸ ਮਨੁੱਖ ਦੇ ਅੰਦਰ ਪ੍ਰਭੂ ਦਾ ਨਾਮ ਨਹੀਂ ਹੈ, ਭਗਤੀ ਨਹੀਂ ਹੈ ਉਸ ਦਾ ਇਹ ਮਨੁੱਖੀ ਸਰੀਰ ਇਕ ਸੂਰ ਦੇ ਵਾਂਗ ਹੈ। ਜਿਹੜਾ ਮਨੁੱਖ ਪ੍ਰਭੂ ਨੂੰ ਆਪਣੇ ਮਨ ਵਿੱਚ ਨਹੀਂ ਵਸਾਉਂਦਾ, ਸੰਸਾਰ ਦੇ ਵਿਕਾਰਾਂ ਵਿੱਚ ਪੈ ਜਾਂਦਾ ਹੈ ਤਾਂ ਉਹ ਹੰਕਾਰੀ ਹੋ ਜਾਂਦਾ ਹੈ।ਮੋਹ, ਮਾਇਆ, ਰਿਸ਼ਤੇ-ਨਾਤਿਆਂ ਵਿੱਚ ਬੁਰੀ ਤਰ੍ਹਾਂ ਫਸਿਆ ਮਨੁੱਖ ਆਪਣਾ ਸਾਰਾ ਹੀ ਜੀਵਨ ਵਿਅਰਥ ਗੁਆ ਦਿੰਦਾ ਹੈ ਕਿਉਂਕਿ ਬਚਪਨ ਵਿਚ ਸੋਝੀ ਦੀ ਘਾਟ ਅਤੇ ਜਵਾਨੀ ਵਿਚਲੀ ਲਾਪਰਵਾਹੀ ਉਸਨੂੰ ਇਸ ਪਾਸੇ ਆਉਣ ਹੀ ਨਹੀਂ ਦਿੰਦੀ ਅਤੇ ਜਦੋਂ ਬੁਢਾਪੇ ਦੀ ਅਵਸਥਾ ਆ ਜਾਂਦੀ ਹੈ ਤਾਂ ਉਹ ਪਰਮਾਤਮਾ ਦਾ ਨਾਮ ਜਪਣ ਦੇ ਯੋਗ ਨਹੀਂ ਰਹਿੰਦਾ ਕਿਉਂਕਿ ਉਸ ਦਾ ਸਰੀਰ ਬਲਹੀਨ ਹੋ ਜਾਂਦਾ ਹੈ, ਉਸ ਦਾ ਸਾਥ ਛੱਡ ਦਿੰਦਾ ਹੈ। ਗੁਰੂ ਸਾਹਿਬ ਦੀ ਬਾਣੀ ਦਾ ਮੂਲ ਭਾਵ ਹੀ ਇਹ ਹੈ ਕਿ ਇਸ ਜਗ ਦੀ ਜੋ ਵੀ ਰਚਨਾ ਹੈ ਉਹ ਸਾਰੀ ਹੀ ਨਾਸ਼ਵਾਨ ਹੈ, ਝੂਠੀ ਹੈ। ਸਿਰਫ ਮੌਤ ਹੀ ਇਕ ਅਜਿਹੀ ਹੈ ਜੋ ਜੀਵਨ ਦਾ ਸੱਚ ਹੈ ਜਿਹੜੀ ਕਿ ਕਿਸੇ ਨੂੰ ਵੀ ਕਦੇ ਵੀ, ਕਿਤੇ ਵੀ ਆ ਸਕਦੀ ਹੈ। ਜਿਸ ਤਰ੍ਹਾਂ ਇਹ ਸੰਸਾਰ ਇਕ ਸੁਪਨੇ ਵਾਂਗ ਹੀ ਹੈ ਜਿਹੜਾ ਕਿ ਮੌਤ ਸਮੇਂ ਖੁੱਲਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦੁਨਿਆਵੀ ਵਸਤਾਂ ਦਾ ਖਿਆਲ ਛੱਡ ਕੇ ਉਸ ਪ੍ਰਮਾਤਮਾ ਵਿਚ ਲੀਨ ਹੋ ਜਾਵੇ ਅਤੇ ਇਨ੍ਹਾਂ ਸੰਸਾਰੀ ਵਸਤਾਂ ਤੋਂ ਨਿਰਲੇਪ ਹੋ ਕੇ ਵੈਰਾਗ ਵਾਲੀ ਅਵਸਥਾ ਧਾਰਨ ਕਰ ਲਵੇ। ਮਨੁੱਖ ਨੂੰ ਚਿੰਤਾ ਸਿਰਫ ਉਸ ਚੀਜ਼ ਦੀ ਹੀ ਕਰਨੀ ਚਾਹੀਦੀ ਹੈ ਜਿਹੜੀ ਕਿ ਸਿਰਫ ਇਕ ਇਨਸਾਨ ਦੇ ਨਾਲ ਹੀ ਵਾਪਰਨ ਵਾਲੀ ਹੋਵੇ ਉਸ ਚੀਜ਼ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਜਿਹੜੀ ਕਿ ਹਰ ਕਿਸੇ ਦੇ ਨਾਲ ਭਾਵ ਕਿ ਸਾਰਿਆ ਦੇ ਨਾਲ ਹੀ ਵਾਪਰਨ ਵਾਲੀ ਹੋਵੇ। ਇਸ ਸੰਸਾਰ ਦਾ ਜੋ ਵੀ ਵਿਅਕਤੀ ਪ੍ਰਭੂ ਦਾ ਨਾਮ ਜਪਦਾ ਹੈ ਉਹ ਇਸ ਦੁਨੀਆ ਦੇ ਭਵ ਸਾਗਰ ਤੋਂ ਪਾਰ ਲਗ ਸਕਦਾ ਹੈ। ਮਨੁੱਖ ਨੂੰ ਨਿੰਦਿਆ ਚੁਗਲੀ ਤੋਂ ਬਚਕੇ ਪਰਮਾਤਮਾ ਦਾ ਨਾਮ ਜਪਣ ਵਿੱਚ ਆਪਣਾ ਸਮਾਂ ਬਤੀਤ ਕਰਨਾ ਚਾਹੀਦਾ ਹੈ ਤਾਂ ਹੀ ਉਹ ਇਸ ਵਿਕਾਰੀ ਦੁਨੀਆ ਵਿੱਚੋਂ ਨਿਕਲ ਸਕਦਾ ਹੈ। ਮਨੁੱਖ ਜਿਨ੍ਹਾਂ ਵਸਤੂਆਂ/ਰਿਸ਼ਤਿਆਂ ਨੂੰ ਵਧੇਰੇ ਸਮਾਂ ਦਿੰਦਾ ਹੈ ਉਹ ਅੰਤ ਵਿੱਚ ਸਹਾਈ ਨਹੀਂ ਹੁੰਦੇ ਸਗੋਂ ਉਲਟਾ ਮਨੁੱਖ ਦੇ ਜੀਵਨ ਨੂੰ ਨਸ਼ਟ ਕਰ ਦਿੰਦੇ ਹਨ। ਅਸਲ ਨਾਮ ਬੰਦਗੀ ਨੇ ਹੀ ਹਮੇਸ਼ਾ ਮਨੁੱਖ ਦਾ ਸਾਥ ਦੇਣਾ ਹੈ।ਭਗਤੀ ਇਕ ਐਸਾ ਮਾਰਗ ਹੈ ਜਿਹੜਾ ਸਫਲ ਜੀਵਨ ਜੀਉਣ ਦੀ ਕਲਾ ਸਿਖਾਉਂਦਾ ਹੈ। ਇੱਥੇ ਇਹ ਨੁਕਤਾ ਵੀ ਧਿਆਨ ਦੇਣ ਯੋਗ ਹੈ ਕਿ ਗੁਰੂ ਸਾਹਿਬ ਨੇ ਜੰਗਲਾਂ ਵਿੱਚ ਘੁੰਮਣ ਵਾਲੇ ਭੇਖੀ ਨੂੰ ਵੈਰਾਗੀ ਨਹੀਂ ਮੰਨਿਆ ਸਗੋਂ ਦੁਨੀਆ ਵਿੱਚ ਰਹਿ ਕੇ ਵੈਰਾਗ ਦੀ ਇਸ ਅਵਸਥਾ ਨੂੰ ਧਾਰਨ ਕਰਨ ਵਾਲਾ ਮਨੁੱਖ ਹੀ ਅਸਲ ਅਤੇ ਸੱਚਾ ਵੈਰਾਗੀ ਹੈ ਜਿਸਨੇ ਆਪਣੀਆਂ ਲਾਲਸਾਵਾਂ ਨੂੰ ਕਾਬੂ

ਵਿਚ ਕਰ ਲਿਆ। ਐਸੀ ਅਵਸਥਾ ਵਾਲੇ ਵਿਅਕਤੀ ਤੇ ਉਸਤਿਤ, ਨਿੰਦਿਆ, ਸੁਖ, ਦੁਖ ਦਾ ਕੋਈ ਪ੍ਰਭਾਵ ਨਹੀਂ ਪੈਦਾ, ਉਹ ਖੁਦ ਹੀ ਪਰਮਾਤਮਾ ਦਾ ਰੂਪ ਬਣ ਜਾਂਦਾ ਹੈ।

ਮਨੁੱਖ ਸਭ ਤੋਂ ਜ਼ਿਆਦਾ ਅਹਿਮੀਅਤ ਧਨ ਨੂੰ ਇਕੱਠਾ ਕਰਨ ਨੂੰ ਦਿੰਦਾ ਹੈ ਜਿਸ ਕਰਕੇ ਉਹ ਇਹਨਾਂ ਸਾਰਿਆਂ ਵਿਕਾਰਾਂ ਤੋਂ ਮੁਕਤੀ ਹਾਸਿਲ ਕਰਨ ਦੀ ਬਜਾਇ ਪੂਰੀ ਤਰ੍ਹਾਂ ਇਨ੍ਹਾਂ ਵਿਚ ਮਗਨ ਹੋ ਗਿਆ ਹੈ। ਉਸ ਪੂਰੀ ਤਰ੍ਹਾਂ ਮਾਇਆ ਵਿੱਚ ਪਏ ਹੋਏ ਵਿਅਕਤੀ ਨੂੰ ਬਿਲਕੁਲ ਵੀ ਸੁਧ ਨਹੀਂ ਹੈ ਕਿ ਜੋ ਪਰਮਾਤਮਾ ਉਸ ਦੇ ਅੰਦਰ ਵੱਸਦਾ ਹੈ ਜਿਹੜਾ ਕਿ ਇਸ ਸ੍ਰਿਸ਼ਟੀ ਦਾ ਰਚਨਹਾਰ ਹੈ ਉਸ ਨੂੰ ਹੀ ਭੁਲਾਈ ਬੈਠਾ ਹੈ, ਉਸ ਪ੍ਰਭੂ ਨੂੰ ਹੀ ਯਾਦ ਨਹੀਂ ਕਰਦਾ।ਜਦੋਂ ਫਿਰ ਮਨੁੱਖ ਦਾ ਅੰਤਿਮ ਸਮਾਂ ਆਉਂਦਾ ਹੈ ਤਾਂ ਉਸ ਨੂੰ ਕੁਝ ਵੀ ਨਹੀਂ ਸੁੱਝਦਾ ਕਿ ਉਹ ਹੁਣ ਮੁਕਤੀ ਕਿਸ ਤਰ੍ਹਾਂ ਪ੍ਰਾਪਤ ਕਰ ਸਕੇ ਅਤੇ ਆਪਣੇ ਜੀਵਨ ਨੂੰ ਕਿਸ ਤਰ੍ਹਾਂ ਇਸ ਜਮਾਂ ਦੀ ਫਾਹੀ ਤੋਂ ਬਚ ਸਕੇ। ਜਦੋਂ ਮਨੁੱਖ ਇਸ ਮਾਇਆ ਦੀ ਭਟਕਣਾ ਦੇ ਵਿੱਚ ਫਸਿਆ ਹੁੰਦਾ ਹੈ ਤਾਂ ਉਹ ਕੁਰਾਹੇ ਪੈ ਜਾਂਦਾ ਹੈ ਪ੍ਰਭੂ ਦਾ ਸਿਮਰਨ ਛੱਡ ਦਿੰਦਾ ਹੈ ਅਤੇ ਮਾਇਆ ਦੇ ਹੱਥੋਂ ਖੱਜਲ਼ ਹੁੰਦਾ ਰਹਿੰਦਾ ਹੈ। ਇਸਤਰੀ, ਬੱਚਿਆਂ, ਮਾਤਾ ਪਿਤਾ ਤੇ ਰਿਸ਼ਤੇਦਾਰੀਆਂ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫਸਿਆ ਮਨੁੱਖ ਆਪਣੇ ਲਈ ਦੁੱਖ ਹੀ ਦੁੱਖ ਇਕੱਠੇ ਕਰੀ ਜਾਂਦਾ ਹੈ ਕਿਉਂਕਿ ਇਹ ਰਿਸ਼ਤੇ ਨਾਤੇ, ਧੀਆਂ ਪੁੱਤਰ, ਧਨ ਦੌਲਤ ਅਤੇ ਜਾਗੀਰਾਂ ਅੰਤ ਸਮੇਂ ਮਨੁੱਖ ਦੇ ਸਹਾਈ ਨਹੀਂ ਬਣਦੇ।ਕੇਵਲ ਇਕ ਪਰਮਾਤਮਾ ਹੀ ਹੈ ਜੋ ਕਿ ਹਮੇਸ਼ਾ ਹੀ ਮਨੁੱਖ ਦੀ ਸਹਾਇਤਾ ਕਰਦਾ ਹੈ ਅਤੇ ਉਸ ਨੂੰ ਸਿੱਧੇ ਰਾਹੇ ਪਾਉਂਦਾ ਹੈ।ਪਰਮਾਤਮਾ ਤਾਂ ਮਨੁੱਖ ਦੇ ਅੰਦਰ ਇਸ ਤਰ੍ਹਾਂ ਵਸਿਆ ਹੋਇਆ ਹੈ ਜਿਵੇਂ ਫੁੱਲਾਂ ਵਿੱਚ ਸੁਗੰਧੀ, ਸ਼ੀਸ਼ੇ ਵਿੱਚ ਅਕਸ ਵੱਸਦਾ ਹੈ ਉਸ ਤਰ੍ਹਾਂ ਹੀ ਪ੍ਰਭੂ ਸਭਨਾਂ ਦੇ ਅੰਦਰ ਵੱਸਦਾ ਹੈ ਉਸ ਨੂੰ ਸਮਝੇ ਬਿਨਾਂ ਇਹ ਭਟਕਣਾ ਦੂਰ ਨਹੀਂ ਹੋ ਸਕਦੀ।ਇਸ ਸਾਰੇ ਸੰਸਾਰ ਵਿੱਚ ਜੋ ਕੁਛ ਵੀ ਹੈ ਉਹ ਸਾਰਾ ਕੁਛ ਨਾਸ਼ਮਾਨ ਹੈ ਸੰਸਾਰ ਦੀ ਨਾਸ਼ਮਾਨਤਾ ਨੂੰ ਸਮਝ ਕੇ ਆਪਣੇ ਹਿਰਦੇ ਵਿੱਚ ਸਿਰਫ ਪ੍ਰਭੂ ਦਾ ਨਾਮ ਹੀ ਰੱਖਣਾ ਚਾਹੀਦਾ ਹੈ ਭਾਵ ਕਿ ਉਸ ਪ੍ਰਭੂ ਨੂੰ ਤੂੰ ਆਪਣੇ ਅੰਗ ਸੰਗ ਜਾਣ ਉਸ ਦਾ ਨਾਮ ਜਪ ਜਿਸ ਨੂੰ ਜਪਣ ਨਾਲ ਹਰ ਮੁਸ਼ਕਿਲ ਦਾ ਹੱਲ ਹੋ ਜਾਵੇਗਾ। ਜਿਸ ਤਰ੍ਹਾਂ ਟੁੱਟੇ ਹੋਏ ਘੜੇ ਵਿੱਚੋਂ ਤੁਪਕਾ-ਤੁਪਕਾ ਪਾਣੀ ਡਿੱਗਦਾ ਹੈ ਉਸੇ ਤਰ੍ਹਾਂ ਹੀ ਮਨੁੱਖ ਦੀ ਉਮਰ ਵੀ ਘੱਟਦੀ ਜਾ ਰਹੀ ਹੈ ਪਰ ਮਨੁੱਖ ਝੂਠੇ ਲਾਲਚ ਵਿੱਚ ਫਸ ਕੇ ਮੌਤ ਨੂੰ ਯਾਦ ਨਹੀਂ ਰੱਖਦਾ ਜਿਸ ਨਾਲ ਉਹ ਦਾ ਹੀ ਨੁਕਸਾਨ ਹੁੰਦਾ ਹੈ ਪ੍ਰੰਤੂ ਪਰਮਾਤਮਾ ਦੀ ਭਜਨ ਬੰਦਗੀ ਦੇ ਕਰਨ ਨਾਲ ਕੋਈ ਡਰ ਬੰਦੇ ਨੂੰ ਪੋਹ ਨਹੀਂ ਸਕਦਾ।ਜਦੋਂ ਇਹ ਜ਼ਿੰਦ ਸਰੀਰ ਵਿੱਚੋਂ ਨਿਕਲ ਜਾਂਦੀ ਹੈ ਭਾਵ ਵੱਖ ਹੋ ਜਾਂਦੀ ਹੈ ਉਦੋਂ ਹੀ ਸਾਰੇ ਇਸ ਨੂੰ ਅੱਗ ਵਿੱਚ ਪਾ ਦਿੰਦੇ ਹਨ ਇਸ ਲਈ ਇਸ ਜ਼ਿੰਦਗੀ ਨੂੰ ਉਦੋਂ ਤੱਕ ਹੀ ਤੂੰ ਸਮਝ ਜਿੱਥੇ ਕਿ ਜ਼ਿੰਦਗੀ ਤੱਕ ਹੀ ਵਰਤਣ ਵਿਹਾਰ ਹੈ, ਉਂਞ ਇਹ ਸਾਰਾ ਜਗਤ ਇਕ ਸੁਪਨੇ ਵਾਂਗ ਹੈ।ਜੇਕਰ ਮਨੁੱਖ ਪਰਮਾਤਮਾ ਦੀ ਸ਼ਰਨ ਵਿੱਚ ਨਹੀਂ ਪੈਂਦਾ ਤਾਂ ਤੀਰਥ ਯਾਤਰਾ ਕਰਨ ਅਤੇ ਵਰਤ ਰੱਖਣ ਦਾ ਕੋਈ ਫਾਇਦਾ ਨਹੀਂ ਹੈ। ਜਿਸ ਵਿਅਕਤੀ ਨੇ ਪਰਮਾਤਮਾ ਦਾ ਆਸਰਾ ਲਿਆ ਹੈ ਉਸ ਦੀ ਓਟ ਲਈ ਹੈ ਉਸ ਨੂੰ ਆਪਣੇ ਅੰਦਰ ਵਸਾ ਲਿਆ ਹੈ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮਾੜੀ ਵਾਸ਼ਨਾ ਪੋਹ ਨਹੀਂ ਸਕਦੀ ਉਸ ਵਿੱਚ ਵਸੀ ਖੋਟੀ ਮੱਤ ਵੀ ਨਾਸ਼ ਹੋ ਜਾਂਦੀ ਹੈ ਇਸ ਲਈ ਜੋ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ ਉਹ ਵਿਅਕਤੀ ਭਾਗਾਂ ਵਾਲਾ ਹੁੰਦਾ ਹੈ।

ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਨੇ ਇਸ ਸੰਸਾਰ ਦੀ ਨਾਸ਼ਮਾਨਤਾ ਦਾ ਦ੍ਰਿੜ ਨਿਸ਼ਚਾ ਕਰਵਾਉਂਦਿਆ ਮਨੁੱਖ ਨੂੰ ਮੌਤ ਦੇ ਡਰ ਤੋਂ ਮੁਕਤ ਕਰਵਾਇਆ ਹੈ।ਆਪ ਨੇ ਦੁੱਖਾਂ ਤੋਂ ਨਾ ਘਬਰਾਉਣ, ਅਭਿਮਾਨ ਤਿਆਗਣ, ਝੂਠੀ ਨਿੰਦਾ ਅਤੇ

ਉਸਤਿਤ ਤੋਂ ਬਚਣ ਦੀ ਸਿੱਖਿਆ ਦਿੰਦਿਆਂ ਪਿਆਰ ਭਾਵਨਾ ਨਾਲ ਜੀਵਨ ਬਤੀਤ ਕਰਨ ਤੇ ਜ਼ੋਰ ਦਿੱਤਾ ਹੈ।ਆਪਣੀਆਂ ਇਨ੍ਹਾਂ ਸਿਖਿਆਵਾਂ ਨੂੰ ਸਪਸ਼ਟ ਕਰਨ ਲਈ ਆਪ ਨੇ ਇਤਿਹਾਸ ਮਿਥਿਹਾਸ ਵਿਚੋਂ ਬੜੇ ਹੀ ਪ੍ਰਮਾਣਿਕ ਹਵਾਲੇ ਦਿੱਤੇ ਹਨ ਜੋ ਇਹ ਸਿੱਧ ਕਰਦੇ ਹਨ ਕਿ ਆਪ ਆਤਮਿਕ  ਅਤੇ ਕਲਾਤਮਿਕ ਪੱਖ ਤੋਂ ਬਹੁਤ ਹੀ ਉੱਚ ਸਥਾਨ ਦੇ ਮਾਲਕ ਸਨ ਕਿਉਂਕਿ ਅਜਿਹੇ ਹਵਾਲੇ ਦੇਣੇ ਕਿਸੇ ਸਾਧਾਰਨ ਮਨੁੱਖ ਦੇ ਵਸ ਦੀ ਗੱਲ ਨਹੀਂ ਹੁੰਦੀ।ਮਨੁੱਖ ਹਮੇਸ਼ਾਂ ਹੀ ਲਾਲਚ ਵਸ ਹੋ ਕੇ ਜ਼ਾਇਜ-ਨਾਜ਼ਾਇਜ ਕੰਮਾਂ ਵਿਚ ਫਸਿਆ ਰਹਿੰਦਾ ਹੈ ਜੋ ਉਸਨੂੰ ਉਸਦੀ ਅਸਲ ਮੰਜ਼ਿਲ ਪ੍ਰਮਾਤਮਾ ਤੱਕ ਨਹੀਂ ਪਹੁੰਚਣ ਦਿੰਦੇ। ਗੁਰੂ ਜੀ ਨੇ ਬੜੀ ਹੀ ਸਪੱਸ਼ਟਤਾ ਨਾਲ ਇਹ ਦਰਸਾ ਦਿੱਤਾ ਹੈ ਕਿ ਇਹ ਮੋਹ-ਮਾਇਆ ਦੇ ਰਿਸ਼ਤੇ ਮਨੁੱਖ ਦੇ ਕਿਸੇ ਕੰਮ ਨਹੀਂ ਆਉਂਦੇ ਸਗੋਂ ਇਨ੍ਹਾਂ ਕਰਕੇ ਮਰਨ ਉਪਰੰਤ ਮਨੁੱਖ ਨੂੰ ਪ੍ਰਮਾਤਮਾ ਦੇ ਦੁਆਰ ਤੇ ਜਾ ਕੇ ਵੀ ਕਸ਼ਟ ਝੱਲਣੇ ਪੈਂਦੇ ਹਨ। ਸੋ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦਾ ਤਿਆਗ ਕਰਕੇ ਸੰਸਾਰ ਦੀਆਂ ਇਨ੍ਹਾਂ ਲੁਭਵਣੀਆਂ ਵਸਤਾਂ ਤੋਂ ਵੈਰਾਗ ਧਾਰਨ ਕਰ ਲਵੇ ਤਾਂ ਹੀ ਉਸ ਨੂੰ ਸੁੱਖ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।ਵੈਰਾਗ ਕੇਵਲ ਭੇਖ ਦਾ ਨਹੀਂ ਹੋਣਾ ਚਾਹੀਦਾ ਸਗੋਂ ਗ੍ਰਹਿਸਥ ਜੀਵਨ ਬਤੀਤ ਕਰਦਿਆਂ ਹੀ ਅਜਿਹੀ ਅਵਸਥਾ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ।ਗੁਰੂ ਜੀ ਦੀ ਸਮੁੱਚੀ ਬਾਣੀ ਹੀ ਆਸ਼ਾਵਾਦੀ ਹੈ ਇਸ ਵਿਚ ਕਿਤੇ ਵੀ ਨਿਰਾਸ਼ਾ ਦਾ ਕੋਈ ਅੰਸ਼ ਨਹੀਂ ਹੈ। ਆਪ ਨੇ ਮਨੁੱਖ ਨੂੰ ਭਗਤੀ ਵਿਚ ਲੀਨ ਹੋਣ ਅਤੇ ਵਿਕਾਰਾਂ ਨੂੰ ਤਿਆਗ ਦੇਣ ਦੀ ਸਿਖਿਆ ਦੇ ਕੇ ਇਸ ਭਵਸਾਗਰ ਨੂੰ ਪਾਰ ਕਰਨ ਦਾ ਰਾਹ ਦਿਖਾਇਆ ਹੈ।ਇੰਞ ਇਹ ਬਾਣੀ ਸਹੀ ਰੂਪ ਵਿਚ ਭਗਤੀ ਅਤੇ ਵੈਰਾਗ ਦਾ ਸੁਮੇਲ ਹੈ।

# ਪੁਸਤਕ ਸੂਚੀ


1. ਅਵਤਾਰ ਸਿੰਘ, ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਸਮਾਜਿਕ ਪੱਖ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1980
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਮ੍ਰਿਤਸਰ:ਸ਼ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਮਿਤੀਹੀਣ
3. ਸਤਿੰਦਰ ਕੌਰ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜ-ਸਭਿਆਚਾਰਕ ਅਧਿਐਨ (ਥੀਸਸ) ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 2011
4. ਸਾਹਿਬ ਸਿੰਘ (ਪ੍ਰੋ.) ਗੁਰਬਾਣੀ ਵਿਆਕਰਨ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2011
5. ਸਾਹਿਬ ਸਿੰਘ, ਗੁਰੂਗ੍ਰੰਥ ਦਰਪਣ, (ਸਾਫ਼ਟ ਕੱਪੀ)
6. ਸੁਖਦੇਵ ਸਿੰਘ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਦਾ ਸਮਾਜ-ਸਭਿਆਚਾਰਕ ਅਧਿਐਨ(ਥੀਸਸ), ਅੰਮ੍ਰਿਤਸਰ:ਗੁਰੂ ਨਾਨਕ ਦੇਵ ਯੂਨੀਵਰਸਿਟੀ, 2012
7. ਘੁੰਮਣ, ਬਿਕਰਮ ਸਿੰਘ, ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ: ਜੀਵਨ, ਚਿੰਤਨ ਤੇ ਬਾਣੀ, ਪਹਿਲਾ ਐਡੀਸ਼ਨ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਡੇਸ਼ਨ, 2009
8. ਦਿਲ, ਬਲਬੀਰ ਸਿੰਘ (ਡਾ.), ਗੁਰੂ ਤੇਗ਼ ਬਹਾਦਰ ਜੀਵਨ ਤੇ ਰਚਨਾ, ਪਟਿਆਲ਼ਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2009
9. ਭਾਈ ਪਿੰਦਰਪਾਲ ਸਿੰਘ ਜੀ, ਗੁਨ ਗੋਬਿੰਦ ਗਾਇਓ ਨਹੀਂ (ਸਲੋਕ ਮਹਲਾ 9), ਪਹਿਲਾ ਐਡੀਸ਼ਨ ਅਕਤੂਬਰ 2008, ਦੂਸਰਾ ਐਡੀਸ਼ਨ ਨਵੰਬਰ 2009, ਪਰਮਜੀਤ ਸਿੰਘ ਖਾਲਸਾ(ਸੰਪਾਦਕ), ਅੰਮ੍ਰਿਤਸਰ: ਭਾਈ ਚਤਰ ਸਿੰਘ ਜੀਵਨ ਸਿੰਘ ਬਾਜ਼ਾਰ ਮਾਈ ਸੇਵਾ, 2009
10. ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਵਹਾਰ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2011
11. ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1998
12. ਯੋਗਰਾਜ (ਡਾ.), ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ ਸ਼ਾਸਤਰ, ਲੁਧਿਆਣਾ: ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2010
13. ਤਾਰਨ ਸਿੰਘ ਅਤੇ ਬਲਬੀਰ ਕੌਰ, ਨੌਂਵੀਂ ਪਾਤਸ਼ਾਹੀ ਸੰਖਿਪਤ ਜੀਵਨ ਅਤੇ ਗੁਰਬਾਣੀ ਭਾਵ ਸਹਿਤ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1998
14. ਜੋਸ਼, ਰਜਿੰਦਰਪਾਲ ਸਿੰਘ, ਗੁਰੂ ਤੇਗ ਬਹਾਦਰ ਇੱਕ ਅਧਿਐਨ, ਚੰਡੀਗੜ੍ਹ: ਅਨਮੋਲ ਬਿੰਨੀ ਪਬਲਿਸ਼ਰਜ਼, 2007